ਅਦਾਰਾ 'ਅੰਬੇਡਕਰ ਟਾਈਮਜ਼' ਦੇ 16ਵੇਂ ਸਾਲ ਵਿਚ ਪ੍ਰਵੇਸ਼ ਕਰਨ ਦੀਆਂ ਸਾਡੇ ਸਾਰੇ ਸਮਰਥਕਾਂ, ਲੇਖਕਾਂ, ਇਸ਼ਤਿਹਾਰਦਾਤਿਆਂ, ਪਾਠਕਾਂ ਅਤੇ ਪ੍ਰਸ਼ੰਸਕਾਂ ਨੂੰ ਸਾਡੇ ਵੱਲੋਂ ਵਧਾਈਆਂ ਅਤੇ ਸ਼ੁਭਕਾਮਨਾਵਾਂ।

*ਇਸ ਦੇ ਨਾਲ ਹੀ ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ।*

**ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)**
**ਅੰਬੇਡਕਰ ਟਾਈਮਜ਼ ਅਤੇ ਦੇਸ਼ ਦੁਆਬਾ**

12ਵਾਂ ਸਾਲ

# ਦੇਸ਼ ਦੁਆਬਾ

ਹਫ਼ਤਾਵਾਰੀ

VOL -12 ISSUE - 49
March 13, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com


**ਸ੍ਰੀ ਗੁਰੂ ਰਵਿਦਾਸ ਸਭਾ, ਬੇ-ਏਰੀਆ (ਕੈਲੇਫੋਰਨੀਆ) ਵੱਲੋਂ 24 ਮਾਰਚ 2024 ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ।**

*ਪੂਰੀ ਜਾਣਕਾਰੀ ਲਈ ਸਬੰਧਤ ਸਭਾ ਨਾਲ ਸੰਪਰਕ ਕਰੋ ਜੀ।*


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


## ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ





(ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ)

### ਅਮਰੀਕਾ ਦੀ ਰਾਸ਼ਟਰਪਤੀ ਚੋਣ

# ਪੁਰਾਣੇ ਖਿਡਾਰੀਆਂ ਬਾਇਡਨ ਤੇ ਟਰੰਪ ਵਿਚਾਲੇ ਹੀ ਹੋਵੇਗਾ ਮੁਕਾਬਲਾ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਵਾਸ਼ਿੰਗਟਨ ਵਿਚ ਡੈਮੋਕ੍ਰੇਟਿਕ ਪ੍ਰਾਇਮਰੀ ਚੋਣ ਜਿੱਤ ਲਈ ਹੈ, ਜਦਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਰਿਪਬਲਿਕਨ ਪ੍ਰਾਇਮਰੀ ਚੋਣ ਜਿੱਤ ਕੇ ਆਪਣੀਆਂ ਪਾਰਟੀਆਂ ਤੋਂ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਵੱਲ ਕਦਮ ਵਧਾਏ ਹਨ। ਇਨ੍ਹਾਂ ਚੋਣਾਂ ਵਿੱਚ ਬਾਇਡਨ ਅਤੇ ਟਰੰਪ ਦੇ ਸਾਹਮਣੇ ਕੋਈ ਸਖ਼ਤ ਚੁਣੌਤੀ ਨਹੀਂ ਸੀ। ਦੋਵਾਂ ਕੋਲ ਰਾਸ਼ਟਰਪਤੀ ਉਮੀਦਵਾਰੀ ਲਈ ਆਪੋ ਆਪਣੀਆਂ ਪਾਰਟੀਆਂ ਵੱਲੋਂ ਦਾਅਵੇਦਾਰੀਆਂ ਪੇਸ਼ ਕਰਨ ਲਈ ਲੋੜੀਂਦੇ ਡੈਲੀਗੇਟ ਹਨ। ਹੁਣ ਕੋਈ ਸ਼ੱਕ ਨਹੀਂ ਕਿ ਰਾਸ਼ਟਰਪਤੀ ਦੀ ਚੋਣ ਬਾਇਡਨ ਤੇ ਟਰੰਪ ਵਿਚਾਲੇ ਹੋਵੇਗੀ। ਹੈਰਾਨੀ ਦੀ ਗੱਲ ਹੈ ਕਿ ਦੋਵੇਂ ਨੇਤਾ ਦੇਸ਼ ਵਿੱਚ ਕੋਈ ਜ਼ਿਆਦਾ ਮਕਬੂਲ ਨਹੀਂ ਹਨ।



ਟਰੰਪ ਨੇ ਬੁੱਧਵਾਰ ਸਵੇਰੇ ਰਾਸ਼ਟਰਪਤੀ ਅਹੁਦੇ ਲਈ ਰਿਪਬਲਿਕਨ ਨਾਮਜ਼ਦਗੀ ਪ੍ਰਾਪਤ ਕੀਤੀ, ਜਦੋਂ ਕਿ ਬਾਇਡਨ ਨੇ ਇੱਕ ਦਿਨ ਪਹਿਲਾਂ ਡੈਮੋਕ੍ਰੇਟਿਕ ਪਾਰਟੀ ਦੀਆਂ ਚੋਣਾਂ ਜਿੱਤ ਕੇ ਆਪਣੇ ਦਾਅਵੇ ਦੀ ਪੁਸ਼ਟੀ ਕੀਤੀ। ਸੀਐਨਐਨ ਨੇ ਰਿਪੋਰਟ ਦਿੱਤੀ ਕਿ ਬੁੱਧਵਾਰ ਨੂੰ ਜਾਰਜੀਆ, ਮਿਸੀਸਿਪੀ ਅਤੇ ਵਾਸ਼ਿੰਗਟਨ ਵਿੱਚ ਰਾਸ਼ਟਰਪਤੀ ਦੀ ਪ੍ਰਾਇਮਰੀ ਵਿੱਚ ਵੋਟਰਾਂ ਨੇ ਆਪਣੀ ਵੋਟ ਪਾਈ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਡੈਮੋਕਰੇਟਸ ਦੀਆਂ ਪ੍ਰਾਇਮਰੀ ਚੋਣਾਂ ਲਈ ਵੋਟਿੰਗ ਹੋਈ। 2020 ਦੇ ਚੋਣ ਪ੍ਰਚਾਰ ਤੋਂ ਬਾਅਦ ਟਰੰਪ ਅਤੇ ਬਾਇਡਨ ਵਿਚਾਲੇ ਇੱਕ ਹੋਰ ਮੁਕਾਬਲਾ ਹੋਵੇਗਾ। ਹਾਲਾਂਕਿ ਇਸ ਵਾਰ ਟਰੰਪ 91 ਦੋਸ਼ਾਂ ਦੇ ਨਾਲ ਚੋਣ ਮੈਦਾਨ 'ਚ ਉਤਰਨਗੇ। ਉਸ 'ਤੇ 6 ਜਨਵਰੀ, 2021 ਨੂੰ ਯੂਐਸ ਕੈਪੀਟਲ ਵਿਚ ਹੋਈ ਹਿੰਸਾ ਵਿਚ ਮੁੱਖ ਭੂਮਿਕਾ ਨਿਭਾਉਣ ਦਾ ਦੋਸ਼ ਹੈ। ਉਸਨੇ 2016 ਦੀਆਂ ਚੋਣਾਂ ਤੋਂ ਪਹਿਲਾਂ ਇੱਕ ਪੋਰਨ ਫਿਲਮ ਸਟਾਰ ਨੂੰ ਪੈਸੇ ਵੀ ਦਿੱਤੇ ਸਨ। ਉਸ ਨੇ ਇਹ ਗੱਲ ਛੁਪਾ ਕੇ ਰੱਖੀ ਸੀ।

# ਦਿੱਲੀ 'ਚ ਸੰਯੁਕਤ ਕਿਸਾਨ ਮੋਰਚੇ ਦੀ ਮਹਾਂਪੰਚਾਇਤ ਆਰੰਭ, ਸੁਰੱਖਿਆ ਦੇ ਸਖਤ ਪ੍ਰਬੰਧ

**ਨਵੀਂ ਦਿੱਲੀ (ਬਿਊਰੋ)–**ਸੰਯੁਕਤ ਕਿਸਾਨ ਮੋਰਚੇ ਦੀ ਕਿਸਾਨਾਂ ਦੀਆਂ ਮੰਗਾਂ ਨੂੰ ਕੇਂਦਰ ਸਰਕਾਰ ਤੋਂ ਮਨਵਾਉਣ ਲਈ ਦਿੱਲੀ ਦੇ ਰਾਮਲੀਲਾ ਮੈਦਾਨ ਵਿੱਚ ਮਹਾਂਪੰਚਾਇਤ ਸ਼ੁਰੂ ਹੋ ਗਈ ਹੈ ਤੇ ਦੇਸ਼ ਦੇ ਵੱਖ ਵੱਖ ਇਲਾਕਿਆਂ ਤੋਂ ਕਿਸਾਨ ਇਕੱਠੇ ਹੋਏ ਹਨ। ਦਿੱਲੀ ਪੁਲੀਸ ਵੱਲੋਂ ਰਾਮ ਲੀਲਾ ਮੈਦਾਨ ਨੂੰ ਜਾਂਦੇ ਰਾਹਾਂ ਦੀ ਆਵਾਜਾਈ ਦਾ ਰੁਖ਼ ਮੋੜਨ ਕਾਰਨ ਦਿੱਲੀ ਦੇ ਕੇਂਦਰੀ ਹਿੱਸਿਆਂ ਵਿੱਚ ਟ੍ਰੈਫਿਕ ਜਾਮ ਕਈ ਥਾਵਾਂ ਉਪਰ ਲੱਗ ਗਿਆ। ਦਿੱਲੀ ਪੁਲੀਸ ਵੱਲੋਂ ਸਖ਼ਤ ਚੌਕਸੀ ਵਰਤੀ ਜਾ ਰਹੀ ਸੀ। ਪੰਜਾਬ ਤੋਂ ਕਿਸਾਨਾਂ ਦੀ ਗਿਣਤੀ ਵੱਧ ਨਜ਼ਰ ਆ ਰਹੀ ਹੈ। ਸੰਯੁਕਤ ਕਿਸਾਨ ਮੋਰਚੇ ਦੇ ਮੁੱਖ ਆਗੂ ਮੈਦਾਨ ਵਿੱਚ ਪਹੁੰਚ ਚੁੱਕੇ ਹਨ। ਸੰਚਾਲਨ ਕਮੇਟੀ ਬਲਦੇਵ ਸਿੰਘ ਨਿਹਾਲਗੜ੍ਹ, ਰਮਿੰਦਰ ਸਿੰਘ ਪਟਿਆਲਾ, ਪ੍ਰੇਮ ਸਿੰਘ ਗਹਿਲਾਵਤ ਅਤੇ ਹੋਰ ਆਗੂ ਸਟੇਜ ਉਪਰ ਹਾਜ਼ਰ ਸਨ।

**ਸਰਹੱਦਾਂ 'ਤੇ ਸੁਰੱਖਿਆ ਦੇ ਸਖ਼ਤ ਪ੍ਰਬੰਧ**



ਕਿਸਾਨ ਮਹਾਂਪੰਚਾਇਤ ਦੇ ਮੱਦੇਨਜ਼ਰ ਦਿੱਲੀ ਪੁਲਿਸ ਨੇ ਟ੍ਰੈਫਿਕ ਐਡਵਾਈਜ਼ਰੀ ਜਾਰੀ ਕੀਤੀ ਹੈ। ਦਿੱਲੀ ਟ੍ਰੈਫਿਕ ਪੁਲਿਸ ਨੇ ਲੋਕਾਂ ਨੂੰ ਵੱਖ-ਵੱਖ ਰਸਤਿਆਂ ਤੋਂ ਮੋੜਿਆ। ਚਿੱਲਾ ਬਾਰਡਰ 'ਤੇ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਵਧੀਕ ਡੀ.ਆਈ.ਜੀ. ਸੀਪੀ (ਐਲ ਐਂਡ ਓ), ਸ਼ਿਵਹਰੀ ਮੀਨਾ ਨੇ ਕਿਹਾ ਕਿ ਸਰਹੱਦਾਂ 'ਤੇ ਸੁਰੱਖਿਆ ਪ੍ਰਬੰਧ ਸਖ਼ਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਅਸੀਂ ਕਿਸਾਨ ਆਗੂਆਂ ਨਾਲ ਗੱਲ ਕਰ ਰਹੇ ਹਾਂ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕਿਸਾਨ ਮਹਾਂਪੰਚਾਇਤ ਨੂੰ ਲੈ ਕੇ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਇੱਕ ਵੱਡੇ ਅੰਦੋਲਨ ਦੀ ਲੋੜ ਹੈ। ਟਿਕੈਤ ਨੇ ਅੱਗੇ ਕਿਹਾ ਕਿ ਸਾਡੀ ਲੀਡਰਸ਼ਿਪ ਇੱਥੇ ਚਰਚਾ ਕਰੇਗੀ ਅਤੇ ਬਾਅਦ ਵਿੱਚ ਅਸੀਂ ਆਪਣੇ ਫੈਸਲੇ ਦਾ ਐਲਾਨ ਕਰਾਂਗੇ। ਐਮਐਸਪੀ ਗਾਰੰਟੀ ਕਾਨੂੰਨ ਇੱਕ ਵੱਡਾ ਮੁੱਦਾ ਹੈ। ਅੱਜ ਜੋ ਵੀ ਫੈਸਲਾ ਹੋਵੇਗਾ, ਇੱਥੇ ਇਕੱਠੇ ਹੋਏ ਲੋਕ ਆਪੋ-ਆਪਣੇ ਪਿੰਡਾਂ, ਸ਼ਹਿਰਾਂ, ਰਾਜਾਂ ਵਿੱਚ ਲੋਕਾਂ ਨੂੰ ਜਾਣੂ ਕਰਵਾਉਣਗੇ।



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC) Payroll Services & Bookkeeping Services
* We are in this business since 1989. Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC


SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


MAJESTIC HOMES
RAMESH SUMAN
Broker Realtor
RCS-D
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823



ਵਾਹਿਗੁਰੂ ਜੀ ਦਾ ਖਾਲਸਾ
ਵਾਹਿਗੁਰੂ ਜੀ ਦੀ ਫਤਿਹ ॥



# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## ਦੇ 647 ਵੇਂ ਪ੍ਰਕਾਸ਼ ਪੁਰਬ ਅਤੇ ਖ਼ਾਲਸੇ ਦੇ ਸਿਰਜਨਾ ਦਿਵਸ ਵਿਸਾਖੀ ਦੇ ਪਾਵਨ ਪੁਰਬ ਨੂੰ ਸਮਰਪਿਤ

# ਤੀਜਾ ਮਹਾਨ ਨਗਰ ਕੀਰਤਨ

**ਐਤਵਾਰ 7 ਅਪ੍ਰੈਲ 2024 ਸਵੇਰੇ 11 ਵਜੇ ਤੋਂ 4 ਵਜੇ ਤੱਕ**

### ਪ੍ਰੋਗਰਾਮਾਂ ਦਾ ਵੇਰਵਾ

ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਮਿਤੀ 11 ਮਾਰਚ ਦਿਨ ਸੋਮਵਾਰ 2024 ਤੋਂ 7 ਅਪ੍ਰੈਲ ਦਿਨ ਐਤਵਾਰ 2024 ਤੱਕ
ਸਮੂਹ ਸਾਧ ਸੰਗਤ ਵਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 5 ਅਪ੍ਰੈਲ 2024
ਭੋਗ ਸ੍ਰੀ ਅਖੰਡ ਪਾਠ ਸਾਹਿਬ - ਮਿਤੀ 7 ਅਪ੍ਰੈਲ 2024, 9 ਵਜੇ - ਉਪਰੰਤ 11 ਵਜੇ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ

**ਨਿਸ਼ਾਨ ਸਾਹਿਬ ਜੀ ਦੀ ਸੇਵਾ 6 ਅਪ੍ਰੈਲ - ਦਿਨ ਸ਼ਨੀਵਾਰ 2024 ਸ਼ਾਮ 4 ਵਜੇ**



ਭਾਈ ਅਮਰਜੀਤ ਸਿੰਘ ਤਾਨ



ਭਾਈ ਆਤਮਜੋਤ ਸਿੰਘ (ਯੂਬਾ ਸਿਟੀ)



ਗੁਰਨਾਮ ਸਿੰਘ ਭੰਡਾਲ



ਹਜ਼ੂਰੀ ਰਾਗੀ ਜੱਥਾ ਭਾਈ ਗੁਰਦਿਆਲ ਸਿੰਘ

### ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

- ਸ਼ਿੰਗਾਰਾ ਸਿੰਘ ਰੱਲ (ਪ੍ਰਧਾਨ) 530 713 1823
- ਗੁਰਨਾਮ ਸਿੰਘ ਭੰਡਾਲ (ਚੈਅਰਮੈਨ) 530 218 4468
- ਡਾ. ਜਗਮੇਲ ਸਿੰਘ ਰਾਏ (ਜਨਰਲ ਸਕੱਤਰ) 551 697 4769
- ਰਾਮਸੇਵਕ ਭਾਟੀਆ (ਕੈਸ਼ੀਅਰ) 530 649 5794
- ਦਲਵਿੰਦਰ ਰੱਲ (ਵਾਇਸ ਚੈਅਰਮੈਨ) 530 933 3938

**ਹੈਡ ਗ੍ਰੰਥੀ - ਭਾਈ ਗੁਰਦਿਆਲ ਸਿੰਘ**
**ਫੋਨ - 530 441 4165**

**ਗੁਰੂਘਰ ਦਾ ਫੋਨ ਨੰਬਰ**
**530 674 2564**

# SHRI GURU RAVIDASS TEMPLE

1480 HAYNE AVE YUBA CITY, CA 95993

# ਕੋਵਿੰਦ ਕਮੇਟੀ ਨੇ ‘ਇਕ ਦੇਸ਼, ਇਕ ਚੋਣ’ ਬਾਰੇ ਆਪਣੀ ਰਿਪੋਰਟ ਰਾਸ਼ਟਰਪਤੀ ਮੁਰਮੂ ਨੂੰ ਸੌਂਪੀ



**ਨਵੀਂ ਦਿੱਲੀ–** ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਅਗਵਾਈ ਹੇਠ ਬਣੀ ਉੱਚ ਪੱਧਰੀ ਕਮੇਟੀ ਨੇ ‘ਇਕ ਦੇਸ਼, ਇਕ ਚੋਣ’ ਬਾਰੇ ਆਪਣੀ ਰਿਪੋਰਟ ਰਾਸ਼ਟਰਪਤੀ ਦਰੋਪਦੀ ਮੂਰਮੂ ਨੂੰ ਸੌਂਪ ਦਿੱਤੀ। ਕਮੇਟੀ ਨੇ ਆਪਣੀ ਰਿਪੋਰਟ ਵਿੱਚ ਸੁਝਾਅ ਦਿੱਤਾ ਹੈ ਕਿ ਪਹਿਲੇ ਪੜਾਅ ‘ਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਨਾਲੋ-ਨਾਲ ਕਰਵਾਈਆਂ ਜਾ ਸਕਦੀਆਂ ਹਨ। ਇਸ ਤੋਂ ਬਾਅਦ ਦੂਜੇ ਪੜਾਅ ‘ਚ 100 ਦਿਨਾਂ ਦੇ ਅੰਦਰ ਸਥਾਨਕ ਸਰਕਾਰਾਂ ਦੀਆਂ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ। ਇਹ ਵੀ ਕਿਹਾ ਗਿਆ ਹੈ ਕਿ ਚੋਣਾਂ ’ਚ ਕਿਸੇ ਪਾਰਟੀ ਨੂੰ ਬਹੁਮਤ ਨਾਲ ਮਿਲਣ ਤੇ ਬੇਭਰੋਸਗੀ ਮਤੇ ਦੀ ਸਥਿਤੀ ਵਿੱਚ ਬਾਕੀ ਬਚੇ ਪੰਜ ਸਾਲਾਂ ਦੇ ਕਾਰਜਕਾਲ ਲਈ ਨਵੀਆਂ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ। ਕਮੇਟੀ ਨੇ 18,626 ਪੰਨਿਆਂ ਦੀ ਰਿਪੋਰਟ ਰਾਸ਼ਟਰਪਤੀ ਭਵਨ ਵਿੱਚ ਰਾਸ਼ਟਰਪਤੀ ਦਰੋਪਦੀ ਮੂਰਮੂ ਨੂੰ ਸੌਂਪੀ। ਇਹ ਰਿਪੋਰਟ ਸਬੰਧਤ ਧਿਰਾਂ, ਮਾਹਿਰਾਂ ਨਾਲ ਵਿਆਪਕ ਸਲਾਹ ਮਸ਼ਵਰੇ ਅਤੇ 191 ਦਿਨਾਂ ਦੇ ਖੋਜ ਤੋਂ ਬਾਅਦ ਤਿਆਰ ਕੀਤੀ ਗਈ ਹੈ। ਕਮੇਟੀ 2 ਸਤੰਬਰ 2023 ਨੂੰ ਬਣਾਈ ਗਈ ਸੀ।

# ਚੋਣ ਕਮਿਸ਼ਨ ਕੋਲ ਪਹੁੰਚੀ ਜਾਣਕਾਰੀ, ਚੰਦਾ ਦੇਣ ਵਾਲਿਆਂ ਨੇ 22,217 ਚੋਣ ਬਾਂਡ ਖ਼ਰੀਦੇ

**ਨਵੀਂ ਦਿੱਲੀ–** ਭਾਰਤੀ ਸਟੇਟ ਬੈਂਕ (ਐੱਸਬੀਆਈ) ਮੁਤਾਬਕ ਚੰਦਾ ਦੇਣ ਵਾਲਿਆਂ ਵੱਲੋਂ ਪਹਿਲੀ ਅਪਰੈਲ, 2019 ਤੋਂ ਲੈ ਕੇ ਮੌਜੂਦਾ ਵਰ੍ਹੇ 15 ਫਰਵਰੀ ਤੱਕ ਕੁੱਲ 22,217 ਚੋਣ ਬਾਂਡ ਖ਼ਰੀਦੇ ਗਏ ਸਨ। ਇਨ੍ਹਾਂ ’ਚੋਂ 22,030 ਬਾਂਡ ਸਿਆਸੀ ਪਾਰਟੀਆਂ ਨੇ ਕੈਸ਼ ਕਰਵਾ ਲਏ ਹਨ। ਐੱਸਬੀਆਈ ਨੇ ਸੁਪਰੀਮ ਕੋਰਟ ’ਚ ਦਾਖ਼ਲ ਹਲਫ਼ਨਾਮੇ ’ਚ ਇਹ ਜਾਣਕਾਰੀ ਦਿੱਤੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅਦਾਲਤ ਦੇ ਨਿਰਦੇਸ਼ਾਂ ’ਤੇ ਬੈਂਕ ਨੇ ਚੋਣ ਕਮਿਸ਼ਨ ਨੂੰ ਡਿਜੀਟਲ ਰੂਪ ’ਚ (ਪਾਸਵਰਡ ਸੁਰੱਖਿਅਤ) ਚੋਣ ਬਾਂਡਾਂ ਦੇ ਵੇਰਵੇ 12 ਮਾਰਚ ਨੂੰ ਤੈਅ ਸਮੇਂ ਤੋਂ ਪਹਿਲਾਂ ਮੁਹੱਈਆ ਕਰਵਾ ਦਿੱਤੇ ਹਨ। ਐੱਸਬੀਆਈ ਨੇ ਕਿਹਾ ਕਿ ਚੋਣ ਬਾਂਡ ਖ਼ਰੀਦਣ ਦੀ ਤਰੀਕ, ਖ਼ਰੀਦਦਾਰਾਂ ਦੇ ਨਾਮ ਅਤੇ ਖ਼ਰੀਦੇ ਗਏ ਬਾਂਡਾਂ ਦੀ ਕੀਮਤ ਸਮੇਤ ਹੋਰ ਵੇਰਵੇ ਵੀ ਦਿੱਤੇ ਗਏ ਹਨ। ਐੱਸਬੀਆਈ ਦੇ ਚੇਅਰਮੈਨ ਦਿਨੇਸ਼ ਕੁਮਾਰ ਖਾਰਾ ਵੱਲੋਂ ਦਾਖ਼ਲ ਹਲਫ਼ਨਾਮੇ ’ਚ ਕਿਹਾ ਗਿਆ ਹੈ ਕਿ ਬੈਂਕ ਨੇ ਚੋਣ ਬਾਂਡਾਂ ਨੂੰ ਕੈਸ਼ ਕਰਾਉਣ ਦੀ ਤਰੀਕ, ਸਿਆਸੀ ਪਾਰਟੀਆਂ ਨੂੰ ਮਿਲੇ ਚੰਦਿਆਂ ਅਤੇ ਬਾਂਡਾਂ ਦੀ ਕੀਮਤ ਜਿਹੇ ਵੇਰਵੇ ਵੀ ਚੋਣ ਕਮਿਸ਼ਨ ਨੂੰ ਮੁਹੱਈਆ ਕਰਾਏ ਹਨ। ਹਲਫ਼ਨਾਮੇ ’ਚ ਕਿਹਾ ਗਿਆ ਹੈ ਕਿ ਪਹਿਲੀ ਅਪਰੈਲ, 2019 ਤੋਂ 11 ਅਪਰੈਲ, 2019 ਤੱਕ ਕੁੱਲ 3,346 ਚੋਣ ਬਾਂਡ ਖ਼ਰੀਦੇ ਗਏ ਸਨ ਜਿਨ੍ਹਾਂ ’ਚੋਂ 1,609 ਕੈਸ਼ ਕਰਵਾਏ ਗਏ। ਇਸੇ ਤਰ੍ਹਾਂ 12 ਅਪਰੈਲ, 2019 ਤੋਂ ਮੌਜੂਦਾ ਵਰ੍ਹੇ 15 ਫਰਵਰੀ ਤੱਕ 18,871 ਚੋਣ ਬਾਂਡ ਖ਼ਰੀਦੇ ਗਏ ਅਤੇ 20,421 ਤੁੜਵਾ ਲਏ ਗਏ ਹਨ। ਹਲਫ਼ਨਾਮੇ ’ਚ ਕਿਹਾ ਗਿਆ ਕਿ ਚੋਣ ਬਾਂਡਾਂ ਦਾ ਨੌਵਾਂ ਪੜਾਅ ਪਹਿਲੀ ਅਪਰੈਲ, 2019 ਤੋਂ ਸ਼ੁਰੂ ਹੋਇਆ ਸੀ ਅਤੇ ਇਸ ਸਮੇਂ ਦੌਰਾਨ ਚੋਣ ਬਾਂਡ ਵੇਚੇ ਗਏ ਅਤੇ ਪੜਾਅਵਾਰ ਉਨ੍ਹਾਂ ਨੂੰ ਕੈਸ਼ ਕਰਵਾਇਆ ਗਿਆ। ਅਰਜ਼ੀ ਵਿੱਚ ਨਿਰਧਾਰਿਤ ਬਾਂਡਾਂ ਦੀ ਗਿਣਤੀ ਵਿੱਚ ਉਹ ਬਾਂਡ ਸ਼ਾਮਲ ਹਨ, ਜੋ 12 ਅਪਰੈਲ, 2019 ਦੀ ਬਜਾਏ ਪਹਿਲੀ ਅਪਰੈਲ, 2019 ਤੋਂ ਸ਼ੁਰੂ ਹੋਣ ਵਾਲੀ ਮਿਆਦ ਦੌਰਾਨ ਖ਼ਰੀਦੇ ਗਏ ਸਨ। ਹਲਫ਼ਨਾਮੇ ’ਚ ਐੱਸਬੀਆਈ ਵੱਲੋਂ ਚੋਣ ਕਮਿਸ਼ਨ ਨੂੰ ਭੇਜੇ ਗਏ ਡੇਟਾ ਦੇ ਸਬੂਤ ਵਜੋਂ ਪੱਤਰ ਦੀ ਕਾਪੀ ਵੀ ਨੱਥੀ ਕੀਤੀ ਗਈ ਹੈ। ਪੱਤਰ ’ਚ ਲਿਖਿਆ ਗਿਆ ਹੈ,“ਚੋਣ ਬਾਂਡਾਂ ਦੀ ਰਕਮ ਵੈਧ 15 ਦਿਨਾਂ ਅੰਦਰ ਨਾ ਤੁੜਾਏ ਜਾਣ ਕਾਰਨ ਉਹ ਰਕਮ ਪ੍ਰਧਾਨ ਮੰਤਰੀ ਕੌਮੀ ਰਾਹਤ ਫੰਡ ’ਚ ਤਬਦੀਲ ਕਰ ਦਿੱਤੀ ਗਈ ਹੈ।” ਚੀਫ਼ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਹੇਠਲੇ ਪੰਜ ਜੱਜਾਂ ’ਤੇ ਆਧਾਰਿਤ ਬੈਂਚ ਨੇ ਐੱਸਬੀਆਈ ਵੱਲੋਂ ਚੋਣ ਬਾਂਡਾਂ ਦੇ ਵੇਰਵੇ ਨਸ਼ਰ ਕਰਨ ਲਈ ਮੰਗੀ ਗਈ ਮੋਹਲਤ ਦੀ ਅਰਜ਼ੀ ਰੱਦ ਕਰਦਿਆਂ 11 ਮਾਰਚ ਨੂੰ ਹੁਕਮ ਦਿੱਤੇ ਸਨ ਕਿ ਉਹ ਚੋਣ ਕਮਿਸ਼ਨ ਕੋਲ 12 ਮਾਰਚ ਨੂੰ ਦਫ਼ਤਰੀ ਕੰਮਕਾਜੀ ਸਮਾਂ ਖ਼ਤਮ ਹੋਣ ਤੋਂ ਪਹਿਲਾਂ ਚੋਣ ਬਾਂਡਾਂ ਦੇ ਵੇਰਵੇ ਜਮ੍ਹਾਂ ਕਰਵਾਏ। ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਬੈਂਕ ਵੱਲੋਂ ਸਾਂਝੇ ਕੀਤੇ ਗਏ ਵੇਰਵੇ 15 ਮਾਰਚ ਨੂੰ ਸ਼ਾਮ ਪੰਜ ਵਜੇ ਆਪਣੀ ਵੈੱਬਸਾਈਟ ’ਤੇ ਅਪਲੋਡ ਕਰੇ। ਸਿਖਰਲੀ ਅਦਾਲਤ ਨੇ 15 ਫਰਵਰੀ ਨੂੰ ਇਤਿਹਾਸਕ ਫ਼ੈਸਲਾ ਸੁਣਾਉਂਦਿਆਂ ਕੇਂਦਰ ਦੀ ਚੋਣ ਬਾਂਡ ਯੋਜਨਾ ਨੂੰ ਗ਼ੈਰ-ਸੰਵਿਧਾਨਕ ਕਰਾਰ ਦਿੰਦਿਆਂ ਰੱਦ ਕਰ ਦਿੱਤਾ ਸੀ।

ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਨੇ ਪ੍ਰਧਾਨ ਆਦਿਸ਼ ਸੀ ਅਗਰਵਾਲ ਵੱਲੋਂ ਚੋਣ ਬਾਂਡ ਮਾਮਲੇ ’ਚ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਪੱਤਰ ਲਿਖਣ ਦੀ ਨਿਖੇਧੀ ਕੀਤੀ ਹੈ। ਅਗਰਵਾਲ ਵੱਲੋਂ ਪੱਤਰ ’ਚ ਪ੍ਰਗਟਾਏ ਗਏ ਵਿਚਾਰਾਂ ਤੋਂ ਕਿਨਾਰਾ ਕਰਦਿਆਂ ਬਾਰ ਐਸੋਸੀਏਸ਼ਨ ਦੀ ਕਾਰਜਕਾਰੀ ਕਮੇਟੀ ਨੇ ਮਤਾ ਪਾ ਕੇ ਸਪੱਸ਼ਟ ਕੀਤਾ ਹੈ ਕਿ ਪ੍ਰਧਾਨ ਨੂੰ ਪੱਤਰ ਲਿਖਣ ਲਈ ਨਾ ਤਾਂ ਅਧਿਕਾਰ ਦਿੱਤਾ ਗਿਆ ਅਤੇ ਨਾ ਹੀ ਉਹ ਪੱਤਰ ’ਚ ਪ੍ਰਗਟਾਏ ਗਏ ਵਿਚਾਰਾਂ ਦੀ ਹਮਾਇਤ ਕਰਦੇ ਹਨ। ਸਕੱਤਰ ਰੋਹਿਤ ਪਾਂਡੇ ਨੇ ਕਿਹਾ ਕਿ ਇਹ ਸੁਪਰੀਮ ਕੋਰਟ ਦੇ ਅਖ਼ਤਿਆਰ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਹੈ ਅਤੇ ਬਾਰ ਐਸੋਸ਼ੀਏਸ਼ਨ ਇਸ ਦੀ ਨਿਖੇਧੀ ਕਰਦੀ ਹੈ। ਮਤੇ ’ਚ ਕਿਹਾ ਗਿਆ ਹੈ ਕਿ ਇੰਜ ਜਾਪਦਾ ਹੈ ਕਿ ਅਗਰਵਾਲ ਨੇ ਆਪਣੀ ਨਿੱਜੀ ਹੈਸੀਅਤ ਤਹਿਤ ਇਹ ਪੱਤਰ ਲਿਖਿਆ ਹੈ।

### ਚੋਣ ਕਮਿਸ਼ਨ ਵੇਲਾ ਆਉਣ ’ਤੇ ਚੋਣ ਬਾਂਡ ਨਾਲ ਸਬੰਧਤ ਵੇਰਵੇ ਨਸ਼ਰ ਕਰੇਗਾ

ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਅੱਜ ਇਥੇ ਕਿਹਾ ਕਿ ਚੋਣ ਕਮਿਸ਼ਨ ਨੂੰ ਭਾਰਤੀ ਸਟੇਟ ਬੈਂਕ (ਐੱਸਬੀਆਈ) ਤੋਂ ਚੋਣ ਬਾਂਡ ਨਾਲ ਸਬੰਧਤ ਵੇਰਵੇ ਪ੍ਰਾਪਤ ਹੋਏ ਹਨ ਅਤੇ ਉਹ ਸਮਾਂ ਆਉਣ ’ਤੇ ਇਸ ਦੇ ਵੇਰਵੇ ਸਾਂਝੇ ਕਰੇਗਾ।

ਉਹ ਇਥੇ ਕੇਂਦਰੀ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ‘ਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਇੱਥੇ ਪੁੱਜੇ ਸਨ। ਉਨ੍ਹਾਂ ਪੱਤਰਕਾਰਾਂ ਨੂੰ ਕਿਹਾ ਕਿ ਕਮਿਸ਼ਨ 2024 ਦੀਆਂ ਲੋਕ ਸਭਾ ਚੋਣਾਂ ਲਈ ਤਿਆਰ ਹੈ। ਦੇਸ਼ ਭਰ ਵਿੱਚ ਆਜ਼ਾਦ ਅਤੇ ਨਿਰਪੱਖ ਚੋਣਾਂ ਯਕੀਨੀ ਬਣਾਈਆਂ ਜਾਣਗੀਆਂ।

# ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਰਕਾਰ ਨੇ ਭਰੋਸੇ ਦਾ ਵੋਟ ਜਿੱਤਿਆ

**ਚੰਡੀਗੜ੍ਹ–** ਹਰਿਆਣਾ ਵਿਧਾਨ ਸਭਾ ਵਿੱਚ ਨਵੇਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਰਕਾਰ ਨੇ ਭਰੋਸਾ ਦਾ ਵੋਟ ਜਿੱਤ ਲਿਆ। ਇਸ ਮੌਕੇ ਵਿਰੋਧੀ ਧਿਰ ਕਾਂਗਰਸ ਵੱਲੋਂ ਭਰੋਸੇ ਦੇ ਮਤੇ ’ਤੇ ਗੁਪਤ ਵੋਟਿੰਗ ਕਰਵਾਉਣ ਦੀ ਮੰਗ ਕੀਤੀ ਗਈ ਪਰ ਸਪੀਕਰ ਗਿਆਨ ਚੰਦ ਗੁਪਤਾ ਨੇ ਅਜਿਹਾ ਕੋਈ ਨਿਯਮ ਨਾ ਹੋਣ ਦਾ ਦਾਅਵਾ ਕਰਦਿਆਂ ਮੰਗ ਨੂੰ ਠੁਕਰਾ ਦਿੱਤਾ। ਇਹ ਮਤਾ ਜ਼ਬਾਨੀ ਵੋਟਾਂ ਰਾਹੀਂ ਪਾਸ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਸ੍ਰੀ ਸੈਣੀ ਨੇ ਸਹੁੰ ਚੁੱਕਣ ਤੋਂ ਇਕ ਦਿਨ ਬਾਅਦ ਅੱਜ ਵਿਧਾਨ ਸਭਾ ਵਿਚ ਭਰੋਸੇ ਦਾ ਮਤਾ ਪੇਸ਼ ਕੀਤਾ। ਵਿਧਾਨ ਸਭਾ ਦੇ ਸਪੀਕਰ ਨੇ ਪ੍ਰਸਤਾਵ ‘ਤੇ ਚਰਚਾ ਲਈ ਦੋ ਘੰਟੇ ਦਾ ਸਮਾਂ ਤੈਅ ਕੀਤਾ, ਜਦੋਂ ਭਰੋਸੇ ਦਾ ਮਤਾ ਰੱਖਿਆ ਗਿਆ ਅਤੇ ਚਰਚਾ ਸ਼ੁਰੂ ਹੋਈ ਤਾਂ ਜਨਨਾਇਕ ਜਨਤਾ ਪਾਰਟੀ (ਜੇਜੇਪੀ) ਦੇ ਵਿਧਾਇਕ ਦੇਵੇਂਦਰ ਸਿੰਘ ਬਬਲੀ, ਰਾਮ ਕੁਮਾਰ ਗੌਤਮ, ਈਸ਼ਵਰ ਸਿੰਘ, ਰਾਮ ਨਿਵਾਸ ਅਤੇ ਜੋਗੀ



ਰਾਮ ਸਿਹਾਗ ਸਦਨ ’ਚੋਂ ਬਾਹਰ ਚਲੇ ਗਏ। ਗਏ। ਜੇਜੇਪੀ ਨੇ ਅੱਜ ਵ੍ਹਿਪ ਜਾਰੀ ਕਰਕੇ ਆਪਣੇ 10 ਵਿਧਾਇਕਾਂ ਨੂੰ ਵਿਸ਼ਵਾਸ ਪ੍ਰਸਤਾਵ ‘ਤੇ ਵੋਟਿੰਗ ਦੌਰਾਨ ਸਦਨ ’ਚੋਂ ਗੈਰਹਾਜ਼ਰ ਰਹਿਣ ਲਈ ਕਿਹਾ ਸੀ। ਰਾਜ ਦੇ ਸਾਬਕਾ ਗ੍ਰਹਿ ਮੰਤਰੀ ਅਨਿਲ ਵਿਜ ਸਦਨ ਵਿੱਚ ਮੌਜੂਦ ਹਨ। ਮੁੱਖ ਮੰਤਰੀ ਵੱਲੋਂ ਮਤਾ ਪੇਸ਼ ਕਰਨ ਤੋਂ ਪਹਿਲਾਂ ਕਾਂਗਰਸੀ ਵਿਧਾਇਕਾਂ ਨੇ ਵਿਧਾਨ ਸਭਾ ਸਪੀਕਰ ਗਿਆਨ ਚੰਦ ਗੁਪਤਾ ਨੂੰ ਜਲਦਬਾਜ਼ੀ ਵਿੱਚ ਵਿਧਾਨ ਸਭਾ ਸੈਸ਼ਨ ਸੱਦਣ ਬਾਰੇ ਸਵਾਲ ਪੁੱਛੇ।



# ਯਾਦਗਾਰੀ ਹੋ ਨਿੱਬੜਿਆ ਫਰਿਜਨੋ ਵਿਖੇ ਹੋਇਆ ਮਾਸਟਰ ਜੀ ਸ਼ੋਅ







**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)–** ਕੱਲ ਰਾਤੀਂ ਰਾਬਤਾ ਪਰੋਡਕਸ਼ਨ ਵੱਲੋ ਬਾਈ ਰਾਣਾ



ਰਣਬੀਰ ਅਤੇ ਰਾਜਵੀਰ ਬੋਪਾਰਾਏ ਦਾ ਮਸ਼ਹੂਰ ਸ਼ੋਅ "ਮਾਸਟਰ ਜੀ" ਫਰਿਜਨੋ ਦੇ ਵੈਟਰਨ ਆਡੋਟੋਰੀਅਮ ਵਿੱਖੇ ਹੋਇਆ। ਦਰਸ਼ਕਾਂ ਦੀ ਭਰਵੀਂ ਹਾਜ਼ਰੀ, ਪਿੰਨ ਪੁਆਇੰਟ ਸਾਈਲੈਂਸ, ਹਰੇਕ ਸੀਨ ਤੇ ਵੱਜਦੀਆਂ ਤਾੜੀਆਂ, ਸ਼ੋਅ ਦੀ ਸਫਲਤਾ ਦਰਸਾ ਰਹੀਆਂ ਸਨ। ਇਸ ਸ਼ੋਅ ਨੂੰ ਅਮੈਰਿਕਾ ਵਿੱਚ ਲਿਆਉਣ ਦਾ ਸਿਹਰਾ ਹਾਈਪ ਇੰਟਰਟੇਨਮੈਂਟ ਵਾਲੇ ਲੱਖੀ ਗਿੱਲ ਨਿਊਯਾਰਕ ਵਾਲਿਆ ਸਿਰ ਜਾਂਦਾ ਹੈ। ਸ਼ੋਅ ਦੌਰਾਨ ਐਕਟਰਸ ਕਿੰਮੀ ਵਰਮਾ ਨੇ ਖਾਸ ਤੌਰ ਤੇ ਹਾਜ਼ਰੀ ਲਵਾਈ। ਕਾਂਗਰਸ ਲਈ ਚੋਣ ਲੜ ਰਹੇ ਮਾਈਕਲ ਮਹਾਰ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ। ਬਿਕਰਮ ਬਾਈ ਜੀ ਦੀ ਭੰਗੜੇ ਦੀ ਟੀਮ ਨੇ ਆਪਣੀ ਕਲਾ ਦੇ ਜੌਹਰ ਵਿਖਾਏ। ਸਟੇਜ਼ ਸੰਚਾਲਨ ਭੈਣ ਜੋਤ ਰਣਜੀਤ ਕੌਰ ਨੇ ਬਾਖੂਬੀ ਕੀਤਾ। ਸ਼ਤੀਸ਼ ਗੁਲਾਟੀ ਬਾਈ ਜੀ ਦੁਆਰਾ ਲਾਈ ਰਾਣੇ ਰਣਬੀਰ ਦੀਆਂ ਕਿਤਾਬਾਂ ਦੀ ਪ੍ਰਦ੍ਰਸਨੀ ਦਰਸ਼ਕਾਂ ਲਈ ਖਾਸ ਖਿੱਚ ਦਾ ਕੇਂਦਰ ਰਹੀ। ਇਸ ਸ਼ੋਅ ਦੌਰਾਮ ਗੁਰਬਖਸ਼ ਸਿੰਘ ਸਿੱਧੂ, ਕਮਲਜੀਤ ਬਾਨੀਪਾਲ ਜੋਤ ਰਣਜੋਤ ਕੌਰ ਦੀਆਂ ਸਾਥਣਾਂ ਨੇ ਖੂਬ ਡਿਊਟੀ ਨਿਭਾਈ। ਸਮੂਹ ਸਪਾਂਸਰ ਵੀਰਾਂ ਦਾ ਜਿੰਨਾਂ ਕਰਕੇ ਸ਼ੋਅ ਸੰਭਵ ਹੋ ਸਕਿਆ, ਦਾ ਵੀ ਦਿਲ ਦੀਆਂ ਗਹਿਰਾਈਆਂ ਚੋਂ ਧੰਨਵਾਦ। ਪੀਸੀਏ ਅਤੇ ਆਈ ਕੇ ਪੀ (ਇੰਡੀਆ ਕਬਾਬ ਪਲੇਸ) ਵਾਲੇ ਸਾਰੇ ਵੀਰਾਂ ਦਾ ਬਹੁਤ ਸ਼ੁਕਰੀਆ। ਗੀਤਕਾਰ ਤੇ ਗਾਇਕ ਹੈਪੀ ਰਾਏਕੋਟੀ ਨੇ ਸ਼ੋਅ ਵਿੱਚ ਉਚੇਚੇ ਤੌਰ ਤੇ ਹਾਜ਼ਰੀ ਭਰੀ।ਇਸ ਸ਼ੋਅ ਦੌਰਾਨ ਦਰਸ਼ਕ ਇਹ ਮਹਿਸੂਸ ਕਰ ਰਹੇ ਸਨ ਕਿ ਹਰ ਸੀਨ ਵਿੱਚ ਸਾਡੀ ਗੱਲ ਹੋ ਰਹੀ ਹੈ। ਰੋਜਮਰਾ ਦੀਆਂ ਮੁਸ਼ਕਲਾਂ ਵਿੱਚ ਘਿਰਿਆ ਹਰ ਮਨੁੱਖ ਇਹ ਸ਼ੋਅ ਵੇਖਕੇ ਸਤੁੰਸ਼ਟ ਮਹਿਸੂਸ ਕਰ ਰਿਹਾ ਸੀ। ਸੱਠ ਸਾਲ ਦਾ ਬਜ਼ੁਰਗ ਵੀ ਕਹਿ ਰਿਹਾ ਸੀ ਕਿ ਮੈਂ ਅੱਜ ਸ਼ੋਅ ਵਿੱਚੋ ਕੁਝ ਸਿੱਖਕੇ ਜਾ ਰਿਹਾ। ਡਪਰੈਂਸ਼ਨ ਦੇ ਦੌਰ ਵਿੱਚ ਇਹ ਸ਼ੋਅ ਦਰਸ਼ਕਾਂ ਲਈ ਇੱਕ ਟੌਨਕ ਮਹਿਸੂਸ ਹੋ ਰਿਹਾ ਸੀ। ਇਹ ਸ਼ੋਅ ਉਦਾਸ ਚੇਹਰਿਆਂ ਤੇ ਰੌਣਕ ਪਰਤਾਉਂਦਾ ਮਹਿਸੂਸ ਹੋਇਆ ਤੇ ਦਰਸ਼ਕ ਇਸ ਸ਼ੋਅ ਤੋ ਸੰਤੁਸ਼ਟ ਨਜ਼ਰ ਆਏ। ਅਖੀਰ ਅਮਿੱਟ ਪੈੜਾਂ ਛੱਡਦਾ, ਹਰਇੱਕ ਦੀਆਂ ਆਸਾਂ ਤੇ ਖਰਾ ਉਤਰਦਾ ਇਹ ਸ਼ੋਅ ਯਾਦਗਾਰੀ ਹੋ ਨਿੱਬੜਿਆ।

# ਲੇਖਿਕਾ ਪਵਿੱਤਰ ਕੌਰ ਮਾਟੀ ਦੀ ਪੁਸਤਕ ਰੰਗਾਵਲੀ ਫਰਿਜਨੋ ਵਿਖੇ ਰਲੀਜ਼

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)–** ਉੱਘੀ ਲੇਖਿਕਾ ਪਵਿੱਤਰ ਕੌਰ ਮਾਟੀ ਜਿੰਨਾਂ ਦੀਆਂ ਬਹੁਤ ਸਾਰੀਆਂ ਪੁਸਤਕਾਂ ਵਾਰਤਕ, ਕਹਾਣੀਆਂ ਅਤੇ ਕਵਿਤਾਵਾਂ ਦੀਆਂ






ਛਪ ਚੁੱਕੀਆ ਹਨ। ਇੱਕ ਹੋਰ ਉਹਨਾਂ ਦੀ ਨਜ਼ਮਾਂ ਦੀ ਪੁਸਤਕ ਰੰਗਾਵਲੀ ਪੰਜਾਬੀ ਸਾਹਿਤ ਦੇ ਵਿਹੜੇ ਦਾ ਸ਼ਿੰਗਾਰ ਬਣੀ ਹੈ। ਇਹ ਪੁਸਤਕ ਚੇਤਨਾਂ ਪ੍ਰਕਾਸ਼ਨ ਵੱਲੋ ਛਾਪੀ ਗਈ ਹੈ। ਪਵਿੱਤਰ ਕੌਰ ਮਾਟੀ ਨੂੰ ਬਹੁਤ ਸਾਰੇ ਸਾਹਿਤ ਪੁਰਸਕਾਰ ਮਿਲ ਚੁੱਕੇ ਹਨ, ਇਹ ਪੁਸਤਕ ਸਹਿਤ ਪ੍ਰੇਮੀਆਂ ਲਈ ਇੱਕ ਮੀਲ ਪੱਥਰ ਸਾਬਤ ਹੋਵੇਗੀ। ਪਿਛਲੇ ਦਿਨੀ ਫਰਿਜਨੋ ਦੇ ਵੈਟਰਨ ਆਡੋਟੋਰੀਅਮ ਵਿੱਚ ਰਾਬਤਾ ਪ੍ਰੋਡਕਸ਼ਨ ਵੱਲੋ ਮਸ਼ਹੂਰ ਐਕਟਰ ਡਾਇਰੈਕਟਰ ਅਤੇ ਲੇਖਕ ਰਾਣੇ ਰਣਬੀਰ ਦਾ ਸ਼ੋਅ ਹਾਈਪ ਇੰਟਰਟੇਨਮੈਂਟ ਦੇ ਸਹਿਯੋਗ ਨਾਲ ਕਰਵਾਇਆ ਗਿਆ, ਇਸ ਮੌਕੇ ਹਾਈਪ ਇੰਟਰਟੇਨਮੈਂਟ ਦੇ ਲੱਖੀ ਗਿੱਲ, ਰਾਬਤਾ ਪ੍ਰੋਡਕਸ਼ਨ ਤੋ ਹੋਸਟ ਜੋਤ ਰਣਜੀਤ ਕੌਰ, ਪੱਤਰਕਾਰ ਨੀਟਾ ਮਾਛੀਕੇ ਅਤੇ ਐਕਟਰਸ ਕਿੰਮੀ ਵਰਮਾ ਨੇ ਇਹ ਪੁਸਤਕ ਸਟੇਜ਼ ਤੋ ਰਲੀਜ਼ ਕੀਤੀ। ਕਿੰਮੀ ਵਰਮਾ ਨੇ ਪਾਠਕਾਂ ਨੂੰ ਬੇਨਤੀ ਕੀਤੀ ਕਿ ਇਹ ਪੜ੍ਹਨ ਵਾਲੀ ਪੁਸਤਕ ਹੈ, ਇਹਨੂੰ ਜ਼ਰੂਰ ਮੁੱਲ ਖਰੀਦਕੇ ਪੜ੍ਹਿਓ। ਲੱਖੀ ਗਿੱਲ ਨੇ ਲੇਖਿਕਾ ਪਵਿੱਤਰ ਕੌਰ ਮਾਟੀ ਨੂੰ ਉਹਨਾਂ ਦੀ ਸ਼ਾਹਕਾਰ ਲੇਖਣੀ ਲਈ ਵਧਾਈ ਦਿੱਤੀ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਬੱਸ ਦੀ ਉਡੀਕ ਕਰ ਰਹੇ ਸਕੂਲੀ ਵਿਦਿਆਰਥੀਆਂ ਉਪਰ ਅਣਪਛਾਤਿਆਂ ਵੱਲੋਂ ਕੀਤੀ ਗੋਲੀਬਾਰੀ ਵਿੱਚ 8 ਜਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਉੱਤਰ ਪੂਰਬ ਫਿਲਾਡੈਲਫੀਆ (ਪੈਨਸਿਲਵਾਨੀਆ) ਵਿਚ ਛੁੱਟੀ ਤੋਂ ਬਾਅਦ ਬੱਸ ਦੀ ਉਡੀਕ ਕਰ ਰਹੇ ਇਕ ਸਕੂਲ ਦੇ ਵਿਦਿਆਰਥੀਆਂ ਉਪਰ ਅਣਪਛਾਤੇ ਹਮਲਾਵਰਾਂ ਵੱਲੋਂ ਗੋਲੀਬਾਰੀ ਕਰਨ ਦੀ ਖਬਰ ਹੈ। ਪੁਲਿਸ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਇਸ ਘਟਨਾ ਵਿਚ 8 ਵਿਦਿਆਰਥੀ ਜਖਮੀ ਹੋਏ ਹਨ। ਪੁਲਿਸ ਕਮਿਸ਼ਨਰ ਕੈਵਿਨ ਬੈਥਲ ਨੇ ਕਿਹਾ ਹੈ ਕਿ ਦੁਪਹਿਰ ਬਾਅਦ 3 ਵਜੇ ਦੇ ਕਰੀਬ 15 ਤੋਂ 17 ਸਾਲਾਂ ਦੇ ਵਿਦਿਆਰਥੀ ਬੱਸ ਸਟਾਪ ਉਪਰ ਬੱਸ ਦੀ ਉਡੀਕ ਕਰ ਰਹੇ ਸਨ, ਜਦੋਂ 3 ਅਣਪਛਾਤੇ ਵਿਅਕਤੀ ਇਕ ਕਾਰ ਵਿਚ ਆਏ ਤੇ ਉਨਾਂ ਨੇ ਵਿਦਿਆਰਥੀਆਂ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨਾਂ ਨੇ ਘੱਟੋ ਘੱਟ 30 ਗੋਲੀਆਂ ਚਲਾਈਆਂ ਤੇ ਦੌੜ ਗਏ। ਉਨਾਂ ਕਿਹਾ ਕਿ ਇਕ 16 ਸਾਲਾ ਵਿਦਿਆਰਥੀ ਦੇ 9 ਗੋਲੀਆਂ ਵੱਜੀਆਂ ਹਨ ਜਿਸ ਦੀ ਹਾਲਤ ਗੰਭੀਰ ਹੈ ਜਦ ਕਿ ਬਾਕੀਆਂ ਦੇ ਲੱਤਾਂ,ਬਾਹਾਂ, ਪਿੱਠ ਤੇ ਸਰੀਰ ਦੇ ਉਪਰਲੇ ਹਿੱਸਿਆਂ ਵਿਚ ਗੋਲੀਆਂ ਵੱਜੀਆਂ ਹਨ ਇਨਾਂ ਸਾਰਿਆਂ ਦੀ ਹਾਲਤ ਸਥਿਰ ਹੈ। ਉਨਾਂ ਕਿਹਾ ਕਿ 3 ਅਣਪਛਾਤੇ ਹਮਲਾਵਰਾਂ ਤੇ ਕਾਰ ਦੇ ਡਰਾਈਵਰ ਦੀ ਭਾਲ



ਕੀਤੀ ਜਾ ਰਹੀ ਹੈ। ਫਿਲਾਡੈਲਫੀਆ ਜਾਂਚ ਪੁਲਿਸ ਡਿਪਟੀ ਕਮਿਸ਼ਨਰ ਫਰੈਂਕ ਵਾਨੋਰ ਨੇ ਕਿਹਾ ਹੈ ਕਿ ਇਕ ਨੀਲੇ ਰੰਗ ਦੀ ਹੁੰਡਾਈ ਸੋਨਾਟਾ ਕਾਰ ਬਰਾਮਦ ਕਰ ਲਈ ਹੈ।

ਸਮਝਿਆ ਜਾਂਦਾ ਹੈ ਕਿ ਹਮਲਾਵਰਾਂ ਨੇ ਇਸ ਕਾਰ ਦੀ ਵਰਤੋਂ ਕੀਤੀ ਸੀ। ਪੁਲਿਸ ਕਮਿਸ਼ਨਰ ਨੇ ਕਿਹਾ ਹੈ ਕਿ ਇਹ ਅਜੇ ਸਪੱਸ਼ਟ ਨਹੀਂ ਹੈ ਕਿ ਇਸ ਘਟਨਾ ਦਾ ਬੀਤੇ ਸੋਮਵਾਰ ਵਾਪਰੀ ਗੋਲੀਬਾਰੀ ਦੀ ਘਟਨਾ ਨਾਲ ਕੋਈ ਸਬੰਧ ਹੈ ਜਾਂ ਨਹੀਂ ਜਿਸ ਘਟਨਾ ਵਿਚ ਵੀ ਫਿਲਾਡੈਲਫੀਆ ਦੇ ਸਕੂਲੀ ਬੱਚਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਉਨਾਂ ਕਿਹਾ ਕਿ ਜੇਕਰ ਦੋਨਾਂ ਘਟਨਾਵਾਂ ਦਾ ਆਪਸ ਵਿਚ ਸਬੰਧ ਹੋਇਆ ਤਾਂ ਉਹ ਵਿਦਿਆਰਥੀਆਂ ਵਿਚਾਲੇ ਚਲ ਰਹੇ ਝਗੜੇ ਨੂੰ ਛੇਤੀ ਨਿਪਟਾਉਣ ਦੀ ਕੋਸ਼ਿਸ਼ ਕਰਨਗੇ।

# ਕੈਲੀਫੋਰਨੀਆ ਵਿਚ 2 ਸਾਲ ਪਹਿਲਾਂ ਘਰ 'ਤੇ ਕਬਜਾ ਕਰਨ ਦੇ ਇਰਾਦੇ ਨਾਲ ਹੋਇਆ ਸੀ 96 ਸਾਲਾ ਔਰਤ ਦਾ ਕਤਲ ਸ਼ੈਰਿਫ ਬਿਲ ਬਰਾਊਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-**ਕੈਲੀਫੋਰਨੀਆ ਵਿਚ ਤਕਰੀਬਨ 2 ਸਾਲ ਪਹਿਲਾਂ ਇਕ 96 ਸਾਲਾ ਬਜ਼ੁਰਗ ਵਿਧਵਾ ਔਰਤ ਦੀ ਹੋਈ ਮੌਤ ਦੇ ਮਾਮਲੇ ਦੀ ਜਾਂਚ ਦੌਰਾਨ ਸਪਸ਼ਟ ਹੋਇਆ ਹੈ ਕਿ ਇਹ ਕੁੱਦਰਤੀ ਮੌਤ ਨਹੀਂ ਸੀ ਬਲਕਿ ਉਸ ਦੇ ਘਰ ਉਪਰ ਕਬਜ਼ਾ ਕਰਨ ਦੇ ਮਕਸਦ ਨਾਲ ਉਸ ਦੀ ਹੱਤਿਆ ਹੋਈ ਸੀ। ਇਸ ਮਾਮਲੇ ਵਿਚ ਪੁਲਿਸ ਵੱਲੋਂ ਹੁਣ ਤੱਕ 4 ਲੋਕਾਂ ਨੂੰ ਗ੍ਰਿਫਤਾਰ ਕਰਨ ਦੀ ਖਬਰ ਹੈ। ਸਾਂਟਾ ਬਰਬਰਾ ਕਾਊਂਟੀ ਸ਼ੈਰਿਫ ਬਿਲ ਬਰਾਊਨ ਅਨੁਸਾਰ ਵੀਓਲੈਟ ਆਈਲਿਨ ਅਲਬਰਟਸ ਨਾਮੀ ਔਰਤ ਉਸ ਦੇ ਮੋਨਟੈਕਸੀਟੋ ਸਥਿੱਤ ਘਰ ਵਿਚ ਉਸ ਦੀ ਦੇਖਭਾਲ ਕਰਨ ਵਾਲੇ ਵਿਅਕਤੀ ਨੂੰ 27 ਮਈ 2022 ਨੂੰ ਮ੍ਰਿਤਕ ਹਾਲਤ ਵਿਚ ਮਿਲੀ ਸੀ। ਉਸ ਦੇ ਘਰ ਦੀ ਇਕ ਖਿੜਕੀ ਟੁੱਟੀ ਹੋਈ ਸੀ। ਬਰਾਊਨ ਅਨੁਸਾਰ ਬਾਅਦ ਵਿਚ ਪੋਸਟ ਮਾਰਟਮ ਰਿਪੋਰਟ ਵਿਚ ਪਤਾ ਲੱਗਾ ਕਿ ਉਸ ਦੀ ਮੌਤ ਆਕਸੀਜਨ ਦੀ ਘਾਟ ਕਾਰਨ ਸਾਹ ਘੁੱਟਣ ਕਾਰਨ ਹੋਈ ਸੀ ਜਿਸ ਤੋਂ ਸਪੱਸ਼ਟ ਹੋਇਆ ਕਿ ਇਹ ਆਮ ਮੌਤ ਨਹੀਂ ਹੈ ਬਲਕਿ ਕਤਲ ਹੈ। ਸ਼ੈਰਿਫ ਨੇ ਕਿਹਾ ਹੈ ਕਿ ਅਲਬਰਟਸ 'ਮਰਡਰ ਫਾਰ ਹਾਇਰ ਸਕੀਮ' ਦਾ ਨਿਸ਼ਾਨਾ ਬਣੀ ਹੈ। ਅਲਬਰਟਸ ਕੋਲ ਕੀਮਤੀ ਘਰ ਸੀ ਪਰੰਤੂ ਉਹ ਵਿੱਤੀ ਹਾਲਾਤ ਨਾਲ ਜੂਝ ਰਹੀ ਸੀ। ਉਸ ਨੂੰ ਪੈਸੇ ਦੀ ਲੋੜ ਸੀ। ਜਿਸ ਦਾ ਫਾਇਦਾ ਉਠਾਉਣ ਦੇ ਮਕਸਦ ਨਾਲ ਉਸ ਨੂੰ ਘਰ ਗਹਿਣੇ ਰਖਣ ਬਦਲੇ ਪੈਸੇ ਦੀ ਪੇਸ਼ਕਸ਼ ਕੀਤੀ ਗਈ ਤੇ ਬਾਅਦ ਵਿਚ ਉਸ ਦੀ ਹੱਤਿਆ ਕਰ ਦਿੱਤੀ ਗਈ। ਇਸ ਮਾਮਲੇ ਵਿਚ ਰਿਕਾਰਡੋ ਮਾਰਟਿਨ ਡੈਲਕੈਂਪੋ (41) ਤੇ ਹੈਨਰੀ ਰੋਸਟੋਮਾਈਨ ਨੂੰ ਹਾਲ ਹੀ ਵਿਚ ਹੱਤਿਆ ਤੇ ਹੱਤਿਆ ਦੀ ਸਾਜਿਸ਼ ਦੇ ਦੋਸ਼ਾਂ ਤਹਿਤ ਗ੍ਰਿ-ਫਤਾਰ ਕੀਤਾ ਗਿਆ ਹੈ ਜੋ ਸਾਂਟਾ ਬਰਬਰਾ ਕਾਊਂਟੀ ਜੇਲ ਵਿਚ ਬੰਦ ਹਨ, ਤੀਸਰੇ ਵਿਅਕਤੀ ਹੈਰੀ ਬਸਮੈਡਜਿਆਨ (58) ਨੂੰ ਇਸ ਸਾਲ ਜਨਵਰੀ ਵਿਚ ਸਾਜਿਸ਼ ਵਿਚ ਸ਼ਾਮਿਲ ਹੋਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲਿਆ ਗਿਆ ਸੀ। ਜਦ ਕਿ ਪੌਲਾਈਨ ਮੈਕਰੇਨੋ (48) ਨਾਮੀ ਔਰਤ ਨੂੰ 2022 ਵਿਚ ਹੀ ਗਿਫਤਾਰ ਕਰ ਲਿਆ ਗਿਆ ਸੀ ਤੇ ਉਹ ਅਲਬਰਟਸ ਦੀ ਮੌਤ ਨਾਲ ਜੁੜੇ ਫਰਾਡ ਦੇ ਦੋਸ਼ਾਂ ਤਹਿਤ 6 ਸਾਲ ਦੀ ਸਜਾ ਕਟ ਰਹੀ ਹੈ । ਬਰਾਊਨ ਅਨੁਸਾਰ ਮੈਕਰੇਨੋ ਨੂੰ ਹੋਰ ਵਾਧੂ ਦੋਸ਼ਾਂ ਦਾ ਸਾਹਮਣਾ ਵੀ ਕਰਨਾ ਪਵੇਗਾ।



# ਅਮਰੀਕਾ ਵਿਚ ਵਾਪਰੀ ਗੋਲੀਬਾਰੀ ਦੀ ਘਟਨਾ ਵਿਚ 2 ਮੌਤਾਂ ਤੇ 4 ਜ਼ਖਮੀ, ਸ਼ੱਕੀ ਹਮਲਾਵਰ ਵੀ ਮਾਰਿਆ ਗਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਅਰਕੰਸਾਸ ਰਾਜ ਵਿਚ ਜੋਨਸਬੋਰੋ ਵਿਖੇ ਗੋਲੀਬਾਰੀ ਦੀ ਵਾਪਰੀ ਇਕ ਘਟਨਾ



ਵਿਚ 2 ਵਿਅਕਤੀਆਂ ਦੇ ਮਾਰੇ ਜਾਣ ਤੇ 4 ਹੋਰ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਅਨੁਸਾਰ ਇਸ ਘਟਨਾ ਵਿਚ ਸ਼ੱਕੀ ਹਮਲਾਵਰ ਵੀ ਮਾਰਿਆ ਗਿਆ। ਜੋਨਸਬੋਰੋ ਪੁਲਿਸ ਵਿਭਾਗ ਵੱਲੋਂ ਜਾਰੀ ਇਕ ਬਿਆਨ ਅਨੁਸਾਰ ਇਹ ਘਟਨਾ ਤੜਕਸਾਰ ਸਵੇਰੇ 5 ਵਜੇ ਤੋਂ ਪਹਿਲਾਂ ਇਕ ਨਿੱਜੀ ਪਾਰਟੀ ਵਿਚ ਵਾਪਰੀ। ਪੁਲਿਸ ਦੇ ਬੁਲਾਰੇ ਸੈਲੀ ਸਮਿੱਥ ਨੇ ਕਿਹਾ ਹੈ ਕਿ ਸ਼ੱਕੀ ਹਮਲਾਵਰ ਗੋਲੀਬਾਰੀ ਵਿਚ ਮਾਰੇ ਗਏ ਇਕ ਵਿਅਕਤੀ ਤੇ ਔਰਤ ਨੂੰ ਜਾਣਦਾ ਸੀ ਜਦ ਕਿ ਉਹ ਜਖਮੀ ਹੋਈ ਇਕ ਹੋਰ ਔਰਤ ਦਾ ਵੀ ਜਾਣਕਾਰ ਸੀ। ਪੁਲਿਸ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਸ਼ੱਕੀ ਹਮਲਾਵਰ ਦੀ ਮੌਤ ਕਿਸ ਤਰਾਂ ਹੋਈ ਹੈ ਤੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

NEW & USED TIRES

WASH, LUBE, BRAKES

Call:

530-824-5134

LUCAS OIL LUCAS INJECTOR CLEANER $28.99

Call:

650-642-0697

3525 Highway 99, West Corning, CA 96021

Across the Street from TA Truck Stop

ਦੇਸ਼ ਦੁਆਬਾ

# ਸਤਿਗੁਰੂ ਰਵਿਦਾਸ ਜੀ ਅਤੇ ਦਲਿਤ ਮੁਕਤੀ ਦਾ ਮਾਰਗ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖਾਸ ਨੁਕਤੇ ਦੇ ਉਤੇ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ, ਜਿਸ ਵਿਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ-ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਅਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ 'ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ' ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ।

ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਲ ਕਰਨ ਦਾ ਸਿਧਾਂਤ ਆਪਣੇ ਆਪ ਵਿਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ-ਪਾਤ ਸਿਧਾਂਤ ਨੇ ਭਾਰਤ ਦੇ ਮੂਲ ਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਹਨਾਂ ਦੇ ਅਪਰਾਧ ਤੋਂ ਆਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿਚ ਉਨ੍ਹਾਂ ਦਾ ਯੋਗਦਾਨ ਹਾਸਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜਾਤ-ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ 'ਜੋ ਹਮ ਸਹਰੀ ਸੋ ਮੀਤ ਹਮਾਰਾ' ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਣਾਉਂਦਾ ਹੈ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਣਾ ਲਿਆ ਹੈ।

ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿੱਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਣਾਇਆ, ਜਿਸ ਵਿਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਹਨਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ, ਉਥੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਣਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ ਹੈ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਣੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ, ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਉਥੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਦੇਸ਼ ਦੁਆਬਾ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪਾਵਨ ਆਗਮਨ ਪੁਰਬ ਉਤੇ ਅਦਾਰਾ 'ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ' ਦੇ ਮਾਣਯੋਗ ਪਾਠਕਾਂ, ਇਸ਼ਤਿਹਾਰਦਾਤਾ ਅਤੇ ਹੋਰ ਸੁਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ-ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਹਨਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਰਵਿਦਾਸ ਜੀ ਦੇ ਆਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਆਵਾਜ਼ ਬੁਲੰਦ ਕਰਦਾ ਰਹੇਗਾ।

– ਪ੍ਰੇਮ ਕੁਮਾਰ ਚੁੰਬਰ


# ਗਾਜ਼ਾ ਵਿਚ ਤਬਾਹੀ ਅਤੇ ਅਮਰੀਕਾ ਦੀ ਸਮੱਸਿਆ



ਸੀ ਉਦੈ ਭਾਸਕਰ

ਸੱਤ ਅਕਤੂਬਰ ਦੇ ਅਤਿਵਾਦੀ ਹਮਲੇ ਮਗਰੋਂ ਇਜ਼ਰਾਈਲ ਵੱਲੋਂ ਬਦਲਾ ਲੈਣ ਲਈ ਹਮਾਸ ਖ਼ਿਲਾਫ਼ ਛੇੜੀ ਘਿਨਾਉਣੀ ਜੰਗ ਛੇਵੇਂ ਮਹੀਨੇ ਵਿਚ ਦਾਖ਼ਲ ਹੋ ਗਈ ਹੈ। ਇਜ਼ਰਾਇਲੀ ਰੱਖਿਆ ਬਲਾਂ (ਆਈਡੀਐੱਫ) ਵੱਲੋਂ ਗਾਜ਼ਾ ਦੇ ਅਭਾਗੇ ਨਾਗਰਿਕਾਂ 'ਤੇ ਬੋਲੇ ਗਏ ਇਸ ਬੇਰੋਕ ਹੱਲੇ ਜਿਸ ਦਾ ਮਕਸਦ ਜ਼ਾਹਿਰਾ ਤੌਰ 'ਤੇ ਹਮਾਸ ਦੇ ਕਾਡਰ ਨੂੰ 'ਕੁਚਲਣਾ' ਹੈ, ਨੂੰ ਨਿਹਾਇਤ ਗੈਰ-ਵਾਜਿਬ, ਅਣਮਨੁੱਖੀ ਤੇ ਨਸਲਕੁਸ਼ੀ ਵਰਗਾ ਕਹਿ ਕੇ ਨਿੰਦਿਆ ਗਿਆ ਹੈ। ਇਜ਼ਰਾਈਲ ਵੱਲੋਂ ਗਾਜ਼ਾ 'ਤੇ ਢਾਹੇ ਜਾ ਰਹੇ ਕਹਿਰ ਦਾ ਸਿਖ਼ਰਲਾ ਪੱਧਰ 29 ਫਰਵਰੀ ਨੂੰ ਉਸ ਸਮੇਂ ਦੇਖਣ ਨੂੰ ਮਿਲਿਆ ਜਦੋਂ ਮਦਦ ਲੈਣ ਲਈ ਲੱਗੀ ਵੱਡੀ ਭੀੜ ਵਿਚ ਸ਼ਾਮਿਲ 100 ਲੋਕਾਂ ਦੀ ਹੱਤਿਆ ਕਰ ਦਿੱਤੀ ਗਈ ਤੇ 700 ਜ਼ਖ਼ਮੀ ਹੋ ਗਏ। ਇਜ਼ਰਾਇਲੀ ਮਿਆਰਾਂ ਦਾ ਵੀ ਇਹ ਨਿਮਨਤਮ ਪੱਧਰ ਮੰਨਿਆ ਜਾ ਸਕਦਾ ਹੈ। ਮੁਕਾਮੀ ਪ੍ਰਸ਼ਾਸਨ ਨੇ ਨਿਹੱਥੀ ਭੀੜ ਉਤੇ ਗੋਲੀ ਚਲਾਉਣ ਦਾ ਦੋਸ਼ ਆਈਡੀਐੱਫ ਸਿਰ ਮੜ੍ਹਿਆ ਹੈ; ਇਜ਼ਰਾਈਲ ਦਾ ਦਾਅਵਾ ਹੈ ਕਿ ਉਸ ਦੀ ਸੈਨਾ ਨੇ ਭਗਦੜ ਵਰਗੀ ਸਥਿਤੀ ਬਣਨ ਤੋਂ ਰੋਕਣ ਲਈ ਗੋਲੀ ਚਲਾਈ ਜੋ ਉਨ੍ਹਾਂ (ਇਜ਼ਰਾਇਲੀ ਸੈਨਾ) ਲਈ ਖ਼ਤਰਾ ਬਣ ਸਕਦੀ ਸੀ।

ਸੱਤ ਅਕਤੂਬਰ ਦੇ ਹਮਲੇ ਅਤੇ ਇਸ ਤੋਂ ਬਾਅਦ ਦੇ ਘਟਨਾਕ੍ਰਮ ਬਾਰੇ ਜਿੱਥੇ ਮੁੱਖ ਵਾਰਤਾਕਾਰ ਹਰ ਹੀਲੇ ਆਪੋ-ਆਪਣੇ ਦਾਅਵਿਆਂ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਉੱਥੇ ਸੰਸਾਰ ਭਰ ਦੀਆਂ ਵੱਖ ਵੱਖ ਧਿਰਾਂ ਜਿਨ੍ਹਾਂ ਵਿਚੋਂ ਕੁਝ ਇਜ਼ਰਾਈਲ ਤੇ ਕੁਝ ਫ਼ਲਸਤੀਨ ਦੇ ਹੱਕ ਵਿਚ ਖੜ੍ਹੀਆਂ ਹਨ, ਵੀ ਭਾਵਨਾਤਮਕ ਤੇ ਦੋਗਲੇ ਢੰਗ ਨਾਲ ਵਾਰ ਵਾਰ ਇਕੋ ਰਾਗ ਅਲਾਪ ਰਹੀਆਂ ਹਨ। ਫ਼ਲਸਤੀਨੀ ਅਧਿਕਾਰੀਆਂ ਮੁਤਾਬਕ ਗਾਜ਼ਾ ਵਿਚ ਮੌਤਾਂ ਦੀ ਗਿਣਤੀ 30 ਹਜ਼ਾਰ ਤੋਂ ਪਾਰ ਹੋ ਗਈ ਹੈ; ਨੇੜ ਭਵਿੱਖ ਵਿਚ ਇਜ਼ਰਾਈਲ ਵੱਲੋਂ ਗੋਲੀਬੰਦੀ ਲਾਗੂ ਜਾਂ ਦੁਸ਼ਮਣੀ ਖ਼ਤਮ ਕਰਨ ਦੀ ਉਮੀਦ ਬਹੁਤ ਘੱਟ ਹੈ। ਅਮਰੀਕੀ ਰੱਖਿਆ ਮੰਤਰੀ ਜਨਰਲ ਲਾਇਡ ਆਸਟਿਨ ਨੇ ਪਿਛਲੇ ਹਫ਼ਤੇ ਅਮਰੀਕੀ ਸੰਸਦ ਵਿਚ ਦੱਸਿਆ ਕਿ ਸੱਤ ਅਕਤੂਬਰ ਦੇ ਹਮਲੇ ਤੋਂ ਬਾਅਦ ਇਜ਼ਰਾਈਲ ਹੁਣ ਤੱਕ 25 ਹਜ਼ਾਰ ਫ਼ਲਸਤੀਨੀ ਔਰਤਾਂ ਅਤੇ ਬੱਚਿਆਂ ਦੀ ਹੱਤਿਆ ਕਰ ਚੁੱਕਾ ਹੈ। ਇਨ੍ਹਾਂ ਅੰਕੜਿਆਂ 'ਤੇ ਕੋਈ ਡੂੰਘਾ ਅਫ਼ਸੋਸ ਜ਼ਾਹਿਰ ਕਰਦਾ ਵੀ ਨਜ਼ਰ ਨਹੀਂ ਆ ਰਿਹਾ।



ਇਜ਼ਰਾਈਲ ਨੂੰ ਭਾਵੇਂ ਸਵੈ-ਰੱਖਿਆ ਦਾ ਪੂਰਾ ਹੱਕ ਹੈ ਪਰ ਜਿਸ ਢੰਗ ਨਾਲ ਇਸ ਹੱਕ ਦੀ ਵਰਤੋਂ ਕੀਤੀ ਗਈ ਹੈ, ਉਸ 'ਤੇ ਪੂਰੀ ਦੁਨੀਆ ਨੇ ਨਾਰਾਜ਼ਗੀ ਤੇ ਅਸਹਿਮਤੀ ਪ੍ਰਗਟਾਈ ਹੈ। ਇਜ਼ਰਾਈਲ ਦੀ ਸਰਕਾਰ 'ਤੇ ਇਸ ਦਾ ਕੋਈ ਬਹੁਤਾ ਅਸਰ ਨਹੀਂ ਪਿਆ ਕਿਉਂਕਿ ਤੈਲ ਅਵੀਵ ਨੂੰ ਪੂਰਾ ਭਰੋਸਾ ਹੈ ਕਿ ਗਾਜ਼ਾ ਵਿਚ ਜੰਗ ਜਾਰੀ ਰੱਖਣ ਲਈ ਅਮਰੀਕਾ ਉਸ ਦੀ ਸਿਆਸੀ ਅਤੇ ਫੌਜੀ ਪੱਧਰ ਉਤੇ ਮਦਦ ਕਰਦਾ ਰਹੇਗਾ। ਇਹ ਸਮਰਥਨ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਵੀ ਦਿਸਿਆ ਜਿੱਥੇ ਫਰਵਰੀ ਵਿੱਚ ਅਮਰੀਕਾ ਨੇ ਗੋਲੀਬੰਦੀ ਦੀ ਤਜਵੀਜ਼ ਨੂੰ ਲਗਾਤਾਰ ਤੀਜੀ ਵਾਰ ਵੀਟੋ ਕੀਤਾ। ਗਾਜ਼ਾ ਮੁੱਦੇ 'ਤੇ ਇਜ਼ਰਾਈਲ ਨੂੰ ਪਰਦੇ ਪਿੱਛਿਓਂ ਮਿਲ ਰਹੇ ਅਮਰੀਕੀ ਸਮਰਥਨ ਤੋਂ ਅਮਰੀਕਾ ਦਾ ਵੱਡਾ ਵਰਗ ਨਿਰਾਸ਼ ਹੈ; ਤੇ ਇਸ ਦਾ ਗੰਭੀਰ ਰੂਪ ਉਸ ਵੇਲੇ ਦੇਖਣ ਨੂੰ ਮਿਲਿਆ ਜਦ ਅਮਰੀਕੀ ਹਵਾਈ ਸੈਨਾ ਦੇ ਇਕ ਜਵਾਨ ਨੇ 25 ਫਰਵਰੀ ਨੂੰ ਆਤਮ-ਦਾਹ ਕਰ ਲਿਆ। ਸੀਨੀਅਰ ਏਅਰਮੈਨ ਆਰੋਨ ਬੁਸ਼ਨੈੱਲ (25) ਨੇ ਵਾਸ਼ਿੰਗਟਨ ਡੀਸੀ ਵਿੱਚ ਇਜ਼ਰਾਇਲੀ ਦੂਤਾਵਾਸ ਦੇ ਸਾਹਮਣੇ ਆਪਣੇ 'ਤੇ ਕੋਈ ਜਲਣਸ਼ੀਲ ਪਦਾਰਥ ਛਿੜਕ ਕੇ ਅੱਗ ਲਾ ਲਈ। ਮਰਨ ਵੇਲੇ ਉਸ ਦਾ ਬਿਆਨ ਸੀ, "ਮੈਂ ਇਸ ਨਸਲਕੁਸ਼ੀ ਦਾ (ਗਾਜ਼ਾ 'ਚ) ਹਿੱਸਾ ਨਹੀਂ ਬਣ ਸਕਦਾ। ਮੈਂ ਰੋਸ ਵਜੋਂ ਅਤਿ ਗੰਭੀਰ ਕਦਮ ਚੁੱਕਣ ਜਾ ਰਿਹਾ ਹਾਂ।" ਮੌਕੇ ਦੇ ਗਵਾਹਾਂ ਮੁਤਾਬਕ ਬੁਸ਼ਨੈੱਲ ਨੇ ਆਪਣੇ ਆਪ ਨੂੰ ਅੱਗ ਲਾਉਣ ਤੋਂ ਪਹਿਲਾਂ 'ਫ਼ਲਸਤੀਨ ਨੂੰ ਆਜ਼ਾਦ ਕਰੋ' ਦੇ ਨਾਅਰੇ ਲਾਏ। ਇਸ ਘਟਨਾ ਮਗਰੋਂ ਹੁਣ ਵੱਖ ਵੱਖ ਬਿਰਤਾਂਤ ਸਿਰਜਣ ਦਾ ਮੁਕਾਬਲਾ ਸ਼ੁਰੂ ਹੋ ਗਿਆ ਹੈ। ਇਜ਼ਰਾਈਲ ਪੱਖੀ ਮੁੱਖ ਧਾਰਾ ਦਾ ਅਮਰੀਕੀ ਮੀਡੀਆ ਬੁਸ਼ਨੈੱਲ ਨੂੰ ਅਰਾਜਕਤਾਵਾਦੀ ਤੇ ਮਾਨਸਿਕ ਰੂਪ 'ਚ ਬਿਮਾਰ ਦੱਸ ਰਿਹਾ ਹੈ; ਉਦਾਰਵਾਦੀ ਤੇ ਗਾਜ਼ਾ ਵਿਚ ਜੰਗ ਦਾ ਵਿਰੋਧ ਕਰਨ ਵਾਲੇ ਉਸ ਨੂੰ ਰੌਸ਼ਨ ਜ਼ਮੀਰ ਵਾਲਾ ਕਹਿ ਕੇ ਵਡਿਆ ਰਹੇ ਹਨ। ਬੁਸ਼ਨੈੱਲ ਦੇ ਦੋਸਤਾਂ ਮੁਤਾਬਕ, ਉਹ ਦੂਜਿਆਂ ਦਾ ਫ਼ਿਕਰ ਕਰਨ ਵਾਲਾ ਇਨਸਾਨ ਸੀ, ਤੇ ਗਾਜ਼ਾ 'ਚ ਅਮਰੀਕਾ ਦੀਆਂ ਨੀਤੀਆਂ ਤੋਂ ਮਾਯੂਸ ਤੇ ਨਾਰਾਜ਼ ਹੋ ਕੇ ਉਸ ਨੇ ਰੋਸ 'ਚ ਇਹ ਕਦਮ ਚੁੱਕਿਆ ਹੈ।

ਕਰਨਲ ਐਨ ਰਾਈਟ (ਸੇਵਾਮੁਕਤ) ਨੇ ਹਮਦਰਦੀ ਵਾਲੇ ਲਹਿਜੇ ਵਿਚ ਕਿਹਾ, "ਅਮਰੀਕਾ ਦੀਆਂ ਨੀਤੀਆਂ ਵੱਲ ਧਿਆਨ ਦਿਵਾਉਣ ਲਈ ਇਹ ਹਿੰਮਤੀ ਕੰਮ ਸੀ, ਬਹਾਦਰੀ ਵਾਲਾ ਕਦਮ ਸੀ।" ਅਜਿਹਾ ਕਦਮ ਭਾਵੇਂ ਕੁਝ ਸਮੇਂ ਲਈ ਅਮਰੀਕੀ ਨੀਤੀਆਂ ਵੱਲ ਧਿਆਨ ਖਿੱਚੇਗਾ ਪਰ ਇਸ ਦੇ ਬਾਵਜੂਦ ਬੁਨਿਆਦੀ ਨੀਤੀਆਂ 'ਚ ਤਬਦੀਲੀ ਦੀ ਸੰਭਾਵਨਾ ਬਹੁਤ ਮੱਧਮ ਹੈ। ਵਿਵਾਦਪੂਰਨ ਨੀਤੀਆਂ ਦੇ ਮੁੱਦੇ 'ਤੇ ਅਮਰੀਕਾ ਵਿਚ ਆਤਮ-ਦਾਹ ਦੀ ਇਹ ਕੋਈ ਪਹਿਲੀ ਘਟਨਾ ਨਹੀਂ। ਉਂਝ, ਇਹ ਸ਼ਾਇਦ ਪਹਿਲੀ ਵਾਰ ਹੈ ਕਿ ਇਸ ਤਰ੍ਹਾਂ ਦਾ ਕਦਮ ਮੁਜ਼ਾਹਰਾਕਾਰੀ ਨੇ ਸੋਸ਼ਲ ਮੀਡੀਆ ਪਲੈਟਫਾਰਮ 'ਤੇ ਲਾਈਵ ਹੋ ਕੇ ਚੁੱਕਿਆ। ਸੋਸ਼ਲ ਮੀਡੀਆ 'ਤੇ ਇਜ਼ਰਾਈਲ-ਫ਼ਲਸਤੀਨ/ਯਹੂਦੀਆਂ-ਹਮਾਸ ਵਿਸ਼ੇ ਉੱਤੇ ਅਤਿ ਦੇ ਧਰੁਵੀਕਰਨ ਦੇ ਮੱਦੇਨਜ਼ਰ ਬੁਸ਼ਨੈੱਲ ਦੇ ਕਦਮ ਤੋਂ ਬਾਅਦ ਹੁਣ ਇਕ ਧੜੇ ਨੇ ਇਸ ਦੀ ਬਦਨਾਮੀ ਲਈ, ਤੇ ਦੂਜੇ ਨੇ ਸੰਵੇਦਨਾ ਜ਼ਾਹਿਰ ਕਰਨ ਲਈ ਬਿਆਨਾਂ ਦੀ ਵਾਛੜ ਕਰ ਦਿੱਤੀ ਹੈ। ਇਨ੍ਹਾਂ ਦਗਦੇ ਹੋਏ ਬਿਰਤਾਂਤਾਂ ਵਿਚੋਂ ਸੱਚ ਹੌਲੀ ਹੌਲੀ ਸਾਹਮਣੇ ਆਏਗਾ। ਇਕ ਖੁਲਾਸੇ ਦੀ ਇੱਥੇ ਵਿਸ਼ੇਸ਼ ਤੌਰ 'ਤੇ ਮਿਸਾਲ ਦਿੱਤੀ ਜਾ ਸਕਦੀ ਹੈ। 'ਦਿ ਨਿਊ ਯਾਰਕ ਟਾਈਮਜ਼' (ਐੱਨਵਾਈਟੀ) ਨੇ ਦਸੰਬਰ ਵਿਚ ਹਮਾਸ ਦੇ ਹਮਲੇ (ਸੱਤ ਅਕਤੂਬਰ) ਬਾਰੇ ਰਿਪੋਰਟ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤੀ ਸੀ ਪਰ ਐੱਨਵਾਈਟੀ 'ਤੇ ਇਸ ਰਿਪੋਰਟ ਨੂੰ ਕਥਿਤ ਤੋੜ-ਮਰੋੜ ਕੇ ਪੇਸ਼ ਕਰਨ ਦੇ ਦੋਸ਼ ਲੱਗੇ ਹਨ ਤੇ ਹੁਣ ਬਾਰੀਕੀ ਨਾਲ ਛਾਣ-ਬੀਣ ਹੋ ਰਹੀ ਹੈ। ਅਖ਼ਬਾਰ ਨੇ ਇਹ ਰਿਪੋਰਟ ਨਾਟਕੀ ਸੁਰਖ਼ੀ 'ਸਕਰੀਮਜ਼ ਵਿਦਾਊਟ ਵਰਡਜ਼: ਹਾਓ ਹਮਾਸ ਵੈਪਨਾਈਜ਼ਡ ਸੈਕਸੁਅਲ ਵਾਇਲੈਂਸ ਆਨ ਅਕਤੂਬਰ 7' ਨਾਲ ਪ੍ਰਕਾਸ਼ਿਤ ਕੀਤੀ ਸੀ।

ਹੁਣ ਖੁਲਾਸਾ ਹੋਇਆ ਹੈ ਕਿ ਰਿਪੋਰਟ ਲਿਖਣ ਵਾਲਿਆਂ ਵਿਚੋਂ ਇਕ ਜਣਾ ਇਜ਼ਰਾਈਲ ਦਾ ਅੰਡਰਕਵਰ ਏਜੰਟ ਸੀ ਤੇ ਇਸ ਵਿਚ ਦੱਸੀ ਜਿਹੜੀ ਕਹਾਣੀ ਨਾਲ ਸੰਸਾਰ ਭਰ ਵਿਚ ਲੋਕਾਂ 'ਚ ਰੋਹ ਜਾਗਿਆ, ਉਹ ਸੱਚ ਨਹੀਂ ਸੀ (ਇਸ ਦਾਅਵੇ ਦੀ ਪੁਸ਼ਟੀ 'ਤੇ ਵੀ ਵਿਵਾਦ ਹੈ)। ਹਮਾਸ 'ਤੇ ਹਿੰਸਕ ਜਿਨਸੀ ਦੁਰਾਚਾਰ ਦਾ ਦੋਸ਼ ਲਾਇਆ ਗਿਆ ਸੀ। ਐੱਨਵਾਈਟੀ ਦੀ ਖ਼ਬਰ ਵਿਚ ਜ਼ਿਕਰ ਸੀ ਕਿ ਇਕ ਪੀੜਤ 'ਪਿੱਠ ਭਾਰ ਪਈ ਸੀ, ਕੱਪੜੇ ਪਾਟੇ ਹੋਏ ਸਨ, ਲੱਤਾਂ ਫੈਲੀਆਂ ਹੋਈਆਂ ਸਨ...' ਪਰ ਹੁਣ ਪੀੜਤ ਦੇ ਪਰਿਵਾਰ ਦਾ ਇਸ ਤੋਂ ਮੁੱਕਰਨਾ ਐੱਨਵਾਈਟੀ ਲਈ ਸ਼ਰਮਿੰਦਗੀ ਦਾ ਸਬਬ ਬਣ ਗਿਆ ਹੈ। ਇਸ ਵਿਵਾਦ 'ਤੇ ਅਮਰੀਕਾ 'ਚ ਵੀ ਗੰਭੀਰਤਾ ਨਾਲ ਚਰਚਾ ਹੋ ਰਹੀ ਹੈ; ਅਖ਼ਬਾਰ ਦੀ ਭਰੋਸੇਯੋਗਤਾ ਦਾਅ 'ਤੇ ਲੱਗੀ ਹੋਈ ਹੈ। ਪੱਛਮੀ ਏਸ਼ੀਆ 'ਚ ਬਣੇ ਗੁੰਝਲਦਾਰ ਭੂ-ਸਿਆਸੀ ਕਸ਼ਮਕਸ਼ ਦਰਮਿਆਨ ਭਾਵੇਂ ਘਰੇਲੂ ਸਿਆਸਤ ਹੀ ਗਾਜ਼ਾ ਦੀ ਜੰਗ ਨੂੰ ਕੋਈ ਰੂਪ ਦੇਵੇਗੀ ਪਰ ਤਬਾਹੀ ਦੀ ਇਸ ਲਹੂ-ਲੁਹਾਣ ਸੁਰੰਗ ਦੇ ਅਖੀਰ 'ਚ, ਸਹਿਮਤੀ ਨਾਲ 'ਦੋ ਮੁਲਕੀ' ਬਦਲ ਦੇ ਰਣਨੀਤਕ ਦ੍ਰਿਸ਼ਟੀਕੋਣ 'ਤੇ ਹੀ ਕੰਮ ਕਰਨਾ ਪਏਗਾ।

ਗਾਜ਼ਾ 'ਚ ਇਜ਼ਰਾਈਲ ਦੀ ਵਰਤਮਾਨ ਕਾਰਵਾਈ ਸਪੱਸ਼ਟ ਤੌਰ 'ਤੇ ਇਸ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀਆਂ ਸਿਆਸੀ ਮਜਬੂਰੀਆਂ ਦਾ ਨਤੀਜਾ ਹੈ ਜੋ ਪਿਛਲੇ ਕਾਫੀ ਸਮੇਂ ਤੋਂ ਤਿੱਖੀ ਆਲੋਚਨਾ ਸਹਿ ਰਹੇ ਹਨ ਅਤੇ ਕੋਈ ਵੀ ਹਰਬਾ ਵਰਤ ਕੇ ਸੱਤਾ ਵਿਚ ਰਹਿਣਾ ਚਾਹੁੰਦੇ ਹਨ। ਜਿਵੇਂ ਸਾਬਕਾ ਪ੍ਰਧਾਨ ਮੰਤਰੀ ਇਹੂਦ ਬਰਾਕ ਨੇ ਕਿਹਾ ਹੈ: "ਨੇਤਨਯਾਹੂ ਦਾ ਜ਼ੋਰ ਆਪਣੀ ਸਿਆਸੀ ਹੋਂਦ ਬਚਾਉਣ 'ਤੇ ਲੱਗਾ ਹੈ, ਤੇ ਉਹ ਆਪਣੀ ਮਰਜ਼ੀ ਨਾਲ ਕਦੇ ਅਸਤੀਫ਼ਾ ਨਹੀਂ ਦੇਣਗੇ। ਸਮਾਂ ਆ ਗਿਆ ਹੈ ਕਿ ਇਜ਼ਰਾਈਲ ਦੇ ਲੋਕ ਉੱਠਣ ਤੇ ਨਿਜ਼ਾਮ ਬਦਲ ਦੇਣ।" ਪਰ ਇਹ ਕਦੋਂ ਹੋਵੇਗਾ, ਅਜੇ ਕੁਝ ਨਿਸ਼ਚਿਤ ਨਹੀਂ। ਕੀ ਗਾਜ਼ਾ ਵਿਚ ਮੌਤਾਂ ਦੀ ਗਿਣਤੀ ਨੂੰ 60000 ਤੋਂ ਪਾਰ ਜਾਣਾ ਪਏਗਾ? ਤੇ ਸੰਸਾਰ ਲਾਚਾਰੀ ਨਾਲ ਹੱਥ ਉਤੇ ਹੱਥ ਧਰ ਕੇ ਬੈਠਾ ਰਹੇਗਾ ਤੇ ਘਿਸੇ-ਪਿਟੇ ਵਿਚਾਰਾਂ ਨੂੰ ਦੁਹਰਾਉਂਦਾ ਰਹੇਗਾ ਅਤੇ ਇਸ ਦੌਰਾਨ ਗਾਜ਼ਾ ਵਿਚ ਬੱਚੇ ਭੁੱਖ ਤੇ ਬਿਮਾਰੀਆਂ ਨਾਲ ਮਰਦੇ ਰਹਿਣਗੇ। ਇਹ ਉਹ ਸਚਾਈ ਹੈ ਜਿਸ ਨੂੰ ਸੋਹਣੇ ਬਿਰਤਾਂਤ ਸਿਰਜ ਕੇ ਲੁਕੋਇਆ ਨਹੀਂ ਜਾ ਸਕਦਾ ਤੇ ਨਾ ਹੀ ਝੁਠਲਾਇਆ ਜਾ ਸਕਦਾ ਹੈ।

# ਕੈਨੇਡਾ ਤੋਂ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਣ ਵਾਲੇ 3 ਭਾਰਤੀਆਂ ਸਣੇ 4 ਗ੍ਰਿਫ਼ਤਾਰ

**ਵਾਸ਼ਿੰਗਟਨ–** ਕੈਨੇਡਾ ਤੋਂ ਅਮਰੀਕਾ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਘੱਟੋ-ਘੱਟ ਤਿੰਨ ਭਾਰਤੀਆਂ ਸਮੇਤ ਚਾਰ ਵਿਅਕਤੀਆਂ ਨੂੰ ਕੈਨੇਡੀਅਨ ਸਰਹੱਦ ਨੇੜੇ ਗ੍ਰਿਫ਼ਤਾਰ ਕੀਤਾ ਗਿਆ ਹੈ। ਯੂਐੱਸ ਬਾਰਡਰ ਪੈਟਰੋਲ ਨੇ ਉਸ ਸਮੇਂ ਔਰਤ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਦੋਂ ਉਨ੍ਹਾਂ ਬੈਫਲੋ ਸ਼ਹਿਰ ਦੇ ਅੰਤਰਰਾਸ਼ਟਰੀ ਰੇਲਮਾਰਗ ਪੁਲ 'ਤੇ ਚੱਲਦੀ ਮਾਲ ਗੱਡੀ ਤੋਂ ਛਾਲ ਮਾਰ ਦਿੱਤੀ। ਚੌਥਾ ਵਿਅਕਤੀ ਡੋਮਿਨਿਕਨ ਰਿਪਬਲਿਕ ਦਾ ਨਾਗਰਿਕ ਹੈ। ਜਿਵੇਂ ਹੀ ਪੁਲੀਸ ਨੇੜੇ ਪਹੁੰਚੀ ਤਾਂ ਇਹ ਵਿਅਕਤੀ ਜ਼ਖ਼ਮੀ ਔਰਤ ਨੂੰ ਛੱਡ ਕੇ ਫ਼ਰਾਰ ਹੋ ਗਏ। ਪੁਲੀਸ ਨੇ ਪਿੱਛਾ ਕਰਕੇ ਉਨ੍ਹਾਂ ਨੂੰ ਕਾਬੂ ਕਰ ਲਿਆ। ਔਰਤ ਨੂੰ ਐਂਬੂਲੈਂਸ ਰਾਹੀਂ ਸਥਾਨਕ ਮੈਡੀਕਲ ਸੈਂਟਰ ਲਿਜਾਇਆ ਗਿਆ। ਜਾਂਚ ਵਿੱਚ ਸਾਹਮਣੇ ਆਇਆ ਕਿ ਇਨ੍ਹਾਂ ਚਾਰਾਂ ਕੋਲ ਕੋਈ ਦਸਤਾਵੇਜ਼ ਨਹੀਂ ਸਨ। ਤਿੰਨੋਂ ਆਦਮੀਆਂ ਨੂੰ ਬਟਾਵੀਆ ਫੈਡਰਲ ਨਜ਼ਰਬੰਦੀ ਕੇਂਦਰ ਵਿੱਚ ਰੱਖਿਆ ਗਿਆ ਹੈ, ਜਿੱਥੇ ਉਨ੍ਹਾਂ ਨੂੰ ਦੇਸ਼ ਨਿਕਾਲੇ ਦੀ ਸੁਣਵਾਈ ਤੱਕ ਰੱਖਿਆ ਜਾਵੇਗਾ।





The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਨਿੱਕੀ ਹੇਲੇ ਨੇ ਨਾਮਜ਼ਦਗੀ ਦੀ ਦੌੜ ਵਿਚੋਂ ਰਸਮੀ ਤੌਰ 'ਤੇ ਹਟਣ ਦਾ ਕੀਤਾ ਐਲਾਨ, ਟਰੰਪ ਦਾ ਨਹੀਂ ਕੀਤਾ ਸਮਰਥਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸੰਯੁਕਤ ਰਾਸ਼ਟਰ ਦੀ ਸਾਬਕਾ ਰਾਜਦੂਤ ਨਿੱਕੀ ਹੇਲੇ ਨੇ ਰਿਪਬਲੀਕਨ ਪਾਰਟੀ ਵੱਲੋਂ ਰਾਸ਼ਟਰਪਤੀ ਚੋਣਾਂ ਵਿੱਚ ਉਮੀਦ–ਵਾਰ ਬਣਨ ਲਈ ਨਾਮਜ਼ਦਗੀ ਦੌੜ ਵਿਚੋਂ ਹਟਣ ਦਾ ਐਲਾਨ ਕਰ ਦਿੱਤਾ ਹੈ। ਦੱਖਣੀ ਕੈਰੋਲੀਨਾ ਵਿਚ ਚਾਰਲਸਟੋਨ ਵਿਖੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਉਨਾਂ ਕਿਹਾ ਹੈ ਕਿ ਸਮਾਂ ਆ ਚੁੱਕਾ ਹੈ ਕਿ ਮੈ ਆਪਣੀ ਨਾਮਜ਼ਦਗੀ ਮੁਹਿੰਮ ਰੋਕ ਦੇਵਾਂ। ਮੈ ਚਹੁੰਦੀ ਸੀ ਕਿ ਅਮਰੀਕੀਆਂ ਦੀ ਆਵਾਜ਼ ਸੁਣੀ ਜਾਵੇ ਤੇ ਮੈ ਅਜਿਹਾ ਕੀਤਾ ਹੈ,ਮੈਨੂੰ ਮੁੱਢਲੀ ਨਾਮਜ਼ਦਗੀ ਦੌੜ ਵਿਚੋਂ ਹਟਣ ਦਾ ਕੋਈ ਪਛਤਾਵਾ ਨਹੀਂ ਹੈ। ਉਨਾਂ ਕਿਹਾ ਹਾਲਾਂ ਕਿ ਮੈ ਹੁਣ ਉਮੀਦਵਾਰ ਨਹੀਂ ਹਾਂ ਪਰੰਤੂ ਮੈ ਜਿਨਾਂ ਗੱਲਾਂ ਵਿਚ ਵਿਸ਼ਵਾਸ਼ ਰਖਦੀ ਹਾਂ ਉਨਾਂ ਵਾਸਤੇ ਆਪਣੀ ਆਵਾਜ ਉਠਾਉਂਦੀ ਰਹਾਂਗੀ। ਹੇਲੇ ਨੇ ਸਿੱਧੇ ਤੌਰ 'ਤੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਜਿਨਾਂ ਵੱਲੋਂ ਨਾਮਜ਼ਦਗੀ ਚੋਣ ਜਿੱਤ ਲੈਣ ਦੀ ਪੂਰੀ ਸੰਭਾਵਨਾ ਹੈ, ਦਾ ਸਮਰਥਨ ਨਹੀਂ ਕੀਤਾ। ਉਨਾਂ ਕਿਹਾ ਪੂਰੀ ਸੰਭਾਵਨਾ ਹੈ ਕਿ ਜਦੋਂ ਜੁਲਾਈ ਵਿਚ ਪਾਰਟੀ ਸਮੇਲਣ ਹੋਵੇਗਾ ਤਾਂ





ਟਰੰਪ ਰਿਪਬਲੀਕਨ ਉਮੀਦਵਾਰ ਹੋਣਗੇ। ਮੈ ਉਨਾਂ ਨੂੰ ਵਧਾਈ ਦਿੰਦੀ ਹਾਂ। ਸਾਡਾ ਦੇਸ਼ ਬਹੁਮੁੱਲਾ ਹੈ ਤੇ ਵਿਚਾਰਕ ਮੱਤਭੇਦ ਸਾਨੂੰ ਵੰਡ ਦਿੰਦੇ ਹਨ। ਹੁਣ ਇਹ ਟਰੰਪ ਉਪਰ ਨਿਰਭਰ ਹੈ ਕਿ ਉਹ ਸਾਡੀ ਪਾਰਟੀ ਵਿਚ ਮੌਜੂਦ ਲੋਕਾਂ ਦੀਆਂ ਵੋਟਾਂ ਲੈਣ ਤੇ ਇਸ ਤੋਂ ਅਗੇ ਜਾ ਕੇ ਉਨਾਂ ਲੋਕਾਂ ਦੀਆਂ ਵੋਟਾਂ ਲੈਣ ਜੋ ਉਨਾਂ ਦਾ ਸਮਰਥਨ ਨਹੀਂ ਕਰਦੇ। ਮੈ ਆਸ ਕਰਦੀ ਹਾਂ ਕਿ ਉਹ ਅਜਿਹਾ ਕਰਨਗੇ। ਹੇਲੇ ਵੱਲੋਂ ਆਪਣੀ ਮੁਹਿੰਮ ਰੋਕਣ ਉਪਰੰਤ ਟਰੰਪ ਨੇ ਸੋਸ਼ਲ ਮੀਡੀਆ ਉਪਰ ਪਾਈ ਇਕ ਪੋਸਟ ਵਿਚ ਕਿਹਾ ਹੈ ਕਿ ਦੱਖਣੀ ਕੈਰੋਲੀਨਾ ਦੀ ਸਾਬਕਾ ਗਵਰਨਰ ਬੁਰੀ ਤਰਾਂ ਹਾਰ ਗਈ ਹੈ ਮੈ ਉਸ ਦੇ ਹਮਾਇਤੀਆਂ ਨੂੰ ਆਪਣੀ ਰਾਜਸੀ ਮੁਹਿੰਮ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੰਦਾ ਹਾਂ।

## ਅਮਰੀਕਾ ਵਿਚ ਸਨ ਫਰਾਂਸਿਸਕੋ ਤੋਂ ਮੈਕਸੀਕੋ ਜਾ ਰਹੇ ਜਹਾਜ਼ ਨੂੰ ਹੰਗਾਮੀ ਹਾਲਤ ਵਿਚ ਲਾਸ ਏਂਜਲਸ ਵਿੱਚ ਉਤਾਰਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਅਮਰੀਕਾ ਵਿਚ ਸਨ ਫਰਾਂਸਿਸਕੋ ਤੋਂ ਮੈਕਸੀਕੋ ਸਿਟੀ ਜਾ ਰਹੇ ਯੁਨਾਈਟਿਡ ਏਅਰਲਾਈਨਜ ਦੇ ਜਹਾਜ਼ ਨੂੰ ਤਕਨੀਕੀ ਨੁਕਸ ਕਾਰਨ ਹੰਗਾਮੀ ਹਾਲਤ ਵਿਚ ਲਾਸ ਏਂਜਲਸ ਵੱਲ ਮੋੜਨਾ ਪਿਆ ਜਿਥੇ ਉਸ ਨੂੰ ਸੁਰੱਖਿਅਤ ਉਤਾਰ ਲਿਆ ਗਿਆ। ਏਅਰਲਾਈਨਜ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਹਾਈਡਰੌਲਿਕ ਸਿਸਟਮ ਵਿਚ ਪਏ ਨੁਕਸ ਕਾਰਨ ਜਹਾਜ਼ ਨੂੰ ਹੰਗਾਮੀ ਹਾਲਤ ਵਿਚ ਉਤਾਰਨਾ ਪਿਆ ਹੈ। ਏਅਰ ਲਾਈਨ ਤੇ ਸੰਘੀ ਹਵਾਬਾਜ਼ੀ ਪ੍ਰਸ਼ਾਸਨ ਅਨੁਸਾਰ ਏਅਰ ਬੱਸ 320 ਵਿਚ 105 ਯਾਤਰੀ ਤੇ 5 ਅਮਲੇ ਦੇ ਮੈਂਬਰ ਸਵਾਰ ਸਨ, ਜੋ ਸਾਰੇ ਸੁਰੱਖਿਅਤ ਹਨ।

ਸਾਰੇ ਯਾਤਰੀਆਂ ਨੂੰ ਹੋਰ ਉਡਾਣਾਂ ਰਾਹੀਂ ਮੈਕਸੀਕੋ ਸਿਟੀ ਇੰਟਰਨੈਸ਼ਨਲ ਏਅਰਪੋਰਟ ਲਈ ਰਵਾਨਾ ਕਰ ਦਿੱਤਾ ਗਿਆ ਹੈ। ਘਟਨਾ ਦੀ ਜਾਂਚ ਸੰਘੀ ਹਵਾਬਾਜ਼ੀ ਪ੍ਰਸ਼ਾਸਨ ਦੁਆਰਾ ਕੀਤੀ ਜਾਵੇਗੀ। ਇਕ ਹਫਤੇ ਵਿਚ ਯੁਨਾਈਟਿਡ ਏਅਰਲਾਈਨਜ ਦਾ ਇਹ ਚੌਥਾ ਜਹਾਜ਼ ਹੈ ਜਿਸ ਵਿਚ ਤਕਨੀਕੀ ਨੁਕਸ ਪਿਆ ਹੈ। ਇਕ ਜਹਾਜ਼ ਦਾ ਉਡਾਨ ਭਰਨ ਵੇਲੇ ਇਕ ਟਾਇਰ ਹੇਠਾਂ ਡਿੱਗ ਗਿਆ ਸੀ ਜਦ ਕਿ ਇਕ ਜਹਾਜ਼ ਨੂੰ ਅਸਮਾਨ ਵਿਚ ਹੀ ਅੱਗ ਲੱਗ ਗਈ ਸੀ। ਇਕ ਹੋਰ ਜਹਾਜ਼ ਪੱਟੜੀ ਤੋਂ ਉਤਰ ਕੇ ਘਾਹਫੂਸ ਵਾਲੇ ਖੇਤਰ ਵਿਚ ਚਲਾ ਗਿਆ ਸੀ। ਏਅਰਲਾਈਨਜ ਨੇ ਕਿਹਾ ਹੈ ਕਿ ਇਹ ਸਾਰੀਆਂ ਘਟਨਾਵਾਂ ਵੱਖ ਵੱਖ ਹਨ ਤੇ ਇਨਾਂ ਦਾ ਇਕ ਦੂਸਰੇ ਨਾਲ ਕੋਈ ਸਬੰਧ ਨਹੀਂ ਹੈ।

ਏਅਰਲਾਈਨਜ ਦੇ ਅਧਿਕਾਰੀਆਂ ਅਨੁਸਾਰ ਉਹ ਇਸ ਹਫਤੇ ਵਾਪਰੀ ਹਰ ਘਟਨਾ ਨੂੰ ਗੰਭੀਰਤਾ ਨਾਲ ਲੈ ਰਹੇ ਹਨ ਤੇ ਹਰ ਘਟਨਾ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ। ਉਨਾਂ ਕਿਹਾ ਕਿ ਯਾਤਰੀਆਂ ਤੇ ਮੁਲਾਜ਼ਮਾਂ ਦੀ ਸੁਰੱਖਿਆ ਸਾਡੀ ਉਚ ਤਰਜੀਹ ਹੈ।

## ਅਮਰੀਕਾ ਵਿਚ ਦੋ ਛੋਟੇ ਜਹਾਜ਼ ਹਾਦਸਾ ਗ੍ਰਸਤ ਹੋ ਕੇ ਜਮੀਨ ਉਪਰ ਡਿੱਗੇ, 5 ਕੈਨੇਡੀਅਨ ਨਾਗਰਿਕਾਂ ਸਮੇਤ 8 ਮੌਤਾਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਦੋ ਛੋਟੇ ਜਹਾਜ਼ਾਂ ਦੇ ਹਾਦਸਾਗ੍ਰਸਤ ਹੋ ਕੇ ਜਮੀਨ ਉਪਰ ਡਿੱਗ ਪੈਣ ਦੀ ਖਬਰ ਹੈ ਤੇ ਜਿਨਾਂ ਵਿਚ ਸਵਾਰ 3 ਬੱਚਿਆਂ ਸਮੇਤ ਸਾਰੇ 8 ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਹੈ। ਮਾਰੇ ਗਏ ਵਿਅਕਤੀਆਂ ਵਿਚ 5 ਜਣੇ ਕੈਨੇਡਾ ਦੇ ਨਾਗਰਿਕ ਸਨ। ਦੋਨਾਂ ਹੀ ਘਟਨਾਵਾਂ ਵਿਚ ਜਮੀਨ ਉਪਰ ਡਿੱਗਣ ਉਪਰੰਤ ਜਹਾਜ਼ਾਂ ਨੂੰ ਅੱਗ ਲੱਗ ਗਈ।



**5 ਕੈਨੇਡੀਅਨਾਂ ਦੀ ਮੌਤ–**

ਟੈਨੇਸੀ ਰਾਜ ਵਿਚ ਨੈਸ਼ਵਿਲੇ ਦੇ ਇੰਟਰਸਟੇਟ 40 ਨੇੜੇ ਤਬਾਹ ਹੋਏ ਇਕ ਛੋਟੇ ਜਹਾਜ਼ ਵਿਚ ਸਵਾਰ 3 ਬੱਚਿਆਂ ਸਮੇਤ ਸਾਰੇ 5 ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਹੈ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਦੇ ਜਾਂਚਕਾਰ ਆਰੋਨ ਮੈਕਕਾਰਟਰ ਨੇ ਕਿਹਾ ਹੈ ਕਿ ਮਾਰੇ ਗਏ ਲੋਕ ਕੈਨੇਡਾ ਦੇ ਨਾਗਰਿਕ ਹਨ ਜਿਨਾਂ ਦੀ ਪਛਾਣ ਕੀਤੀ ਜਾ ਰਹੀ ਹੈ। ਮੈਟਰੋ ਨੈਸ਼ਵਿਲੇ ਪੁਲਿਸ ਵਿਭਾਗ ਦੇ ਬੁਲਾਰੇ ਡਾਨ ਆਰੋਨ ਅਨੁਸਾਰ ਇੰਜਣ ਫੇਲ ਹੋ ਜਾਣ ਤੋਂ ਬਾਅਦ ਜਹਾਜ਼ ਨੂੰ ਜੌਹਨ ਸੀ ਟਿਊਨ ਏਅਰਪੋਰਟ 'ਤੇ ਉਤਰਣ ਦੀ ਇਜਾਜਤ ਦਿੱਤੀ ਗਈ ਸੀ ਪਰੰਤੂ ਜਹਾਜ਼ ਹਵਾਈ ਅੱਡੇ 'ਤੇ ਉਤਰਨ ਵਿਚ ਅਸਫਲ ਰਿਹਾ ਤੇ ਰਾਸ਼ਟਰੀ ਮਾਰਗ ਨੇੜੇ ਜਾ ਡਿੱਗਾ ਤੇ ਉਸ ਨੂੰ ਅੱਗ ਲੱਗ ਗਈ ਜਿਸ ਕਾਰਨ ਜਹਾਜ਼ ਵਿਚ ਸਵਾਰ ਕੋਈ ਵੀ ਵਿਅਕਤੀ ਬਚ ਨਹੀਂ ਸਕਿਆ।

**ਫਲੋਰਿਡਾ ਵਿਚ ਹਾਦਸਾ–**

ਅਮਰੀਕਾ ਦੇ ਫਲੋਰਿਡਾ ਰਾਜ ਵਿਚ ਕਲੀਅਰਵਾਟਰ ਵਿਖੇ ਇਕ ਮੋਬਾਇਲ ਹੋਮ ਪਾਰਕ ਵਿਚ ਇਕ ਛੋਟਾ ਜਹਾਜ਼ ਹਾਦਸਾਗ੍ਰਸਤ ਹੋ ਕੇ ਇਕ ਘਰ ਉਪਰ ਡਿੱਗ ਜਾਣ ਦੀ ਰਿਪੋਰਟ ਹੈ। ਡਿੱਗਦੇ ਸਾਰ ਹੀ ਜਹਾਜ਼ ਨੂੰ ਅੱਗ ਲੱਗ ਗਈ ਤੇ ਪਾਇਲਟ ਸਮੇਤ 3 ਵਿਅਕਤੀ ਮਾਰੇ ਗਏ। ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ (ਐਫ ਏ ਏ) ਦੀ ਰਿਪੋਰਟ ਅਨੁਸਾਰ ਜਹਾਜ਼ ਵਿਚ ਇਕੱਲਾ ਪਾਇਲਟ ਹੀ ਸੀ ਜੋ ਮਾਰਿਆ ਗਿਆ ਜਦ ਕਿ 2 ਵਿਅਕਤੀ ਉਸ ਘਰ ਵਿਚ ਰਹਿੰਦੇ ਸਨ ਜਿਸ ਉਪਰ ਜਹਾਜ਼ ਡਿੱਗਾ। ਉਹ ਵੀ ਮਾਰੇ ਗਏ। ਇਹ ਹਾਦਸਾ ਸ਼ਾਮ 7।27 ਵਜੇ ਦੇ ਕਰੀਬ ਵਾਪਰਿਆ। ਐਫ ਏ ਏ ਅਨੁਸਾਰ ਇਹ ਹਾਦਸਾ ਅਗਿਆਤ ਹਾਲਾਤ ਵਿਚ ਵਾਪਰਿਆ। ਕਲੀਅਰਵਾਟਰ ਫਾਇਰ ਰੈਸਕਿਊ ਵਿਭਾਗ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਘਰ ਵਿਚ 9 ਜਣੇ ਰਹਿੰਦੇ ਹਨ ਪਰੰਤੂ ਜਿਸ ਸਮੇ ਹਾਦਸਾ ਵਾਪਰਿਆ ਉਸ ਵੇਲੇ ਘਰ ਅੰਦਰ 2 ਹੀ ਵਿਅਕਤੀ ਮੌਜੂਦ ਸਨ ਜਿਸ ਕਾਰਨ ਵਧੇਰੇ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਅੱਗ ਬੁਝਾਊ ਵਿਭਾਗ ਦੇ ਮੁਖੀ ਸਕਾਟ ਏਹਲਰਜ ਅਨੁਸਾਰ ਅੱਗ 4 ਘਰਾਂ ਨੂੰ ਲੱਗੀ ਹੈ ਜਿਸ ਉਪਰ ਕਾਬੂ ਪਾ ਲਿਆ ਗਿਆ ਹੈ। ਸਥਾਨਕ ਵਸਨੀਕਾਂ ਅਨੁਸਾਰ ਹਾਦਸੇ ਸਮੇ ਜੋਰਦਾਰ ਧਮਾਕਾ ਹੋਇਆ।

## ਅਮਰੀਕਾ ਵਿਚ ਡੀ ਐਨ ਏ ਦੀ ਅਧੁਨਿਕ ਤਕਨੀਕ ਨਾਲ ਤਕਰੀਬਨ 40 ਸਾਲ ਪੁਰਾਣਾ ਹੱਤਿਆ ਦਾ ਮਾਮਲਾ ਸੁਲਝਿਆ, ਸ਼ੱਕੀ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਵਰਜਨੀਆ ਰਾਜ ਵਿਚ 35 ਸਾਲ ਪਹਿਲਾਂ ਇਕ ਔਰਤ ਦੀ ਹੋਈ ਹੱਤਿਆ ਦੇ ਮਾਮਲੇ ਨੂੰ ਆਖਰਕਾਰ ਅਧੁਨਿਕ ਡੀ ਐਨ ਏ ਵਿਗਿਆਨਕ ਤਕਨੀਕ ਰਾਹੀਂ ਹਲ ਕਰ ਲੈਣ ਦੀ ਖਬਰ ਹੈ। ਸਟਾਫੋਰਡ ਕਾਊਂਟੀ ਸ਼ੈਰਿਫ ਦਫਤਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜੈਕੂਲੀਨ ਲਾਰਡ (40) ਨੂੰ 14 ਨਵੰਬਰ 1986 ਨੂੰ ਆਖਰੀ ਵਾਰ ਆਪਣੇ ਦਫਤਰ ਵਿਚ ਵੇਖਿਆ ਗਿਆ ਸੀ। ਇਸ ਤੋਂ ਅਗਲੇ ਦਿਨ ਉਸ ਦੀ ਲਾਸ਼ ਵੁੱਡਬਰਿਜ ਜੰਗਲੀ ਖੇਤਰ ਵਿਚੋਂ ਬਰਾਮਦ ਕਰ ਲਈ ਗਈ ਸੀ। ਇਸ ਮਾਮਲੇ ਵਿਚ ਫੋਰੈਂਸਿਕ ਸਬੂਤ ਲਏ ਗਏ ਸਨ ਪਰੰਤੂ ਮਾਮਲਾ ਹੱਲ ਨਾ ਹੋ ਸਕਿਆ। ਹਾਲ ਹੀ ਵਿਚ ਵਿਕਸਤ ਹੋਈ ਅਧੁਨਿਕ ਡੀ ਐਨ ਏ ਤਕਨੀਕ ਰਾਹੀਂ ਹੋਈ ਜਾਂਚ ਉਪਰੰਤ ਇਸ ਮਾਮਲੇ ਵਿਚ ਸਟਾਫੋਰਡ ਕਾਊਂਟੀ ਵਾਸੀ 65 ਸਾਲਾ ਈਲਰੋਇ ਹੈਰੀਸਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਵਿਰੁੱਧ ਅਗਵਾ ਸਮੇਤ ਹੋਰ ਦੋਸ਼ਾਂ ਤੋਂ ਇਲਾਵਾ ਪਹਿਲਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਇਸ ਮਾਮਲੇ ਦੇ ਹੱਲ ਹੋਣ ਉਪਰੰਤ ਵਰਜੀਨੀਆ ਵਿਚ ਤਕਰੀਬਨ 35 ਸਾਲ ਪਹਿਲਾਂ ਐਮੀ ਬੇਕਰ (18) ਨਾਮੀ ਔਰਤ ਦੀ ਹੋਈ ਹੱਤਿਆ ਦਾ ਅਣਸੁਲਝਿਆ ਮਾਮਲਾ ਵੀ ਹਲ ਹੋ ਜਾਣ ਦੀ ਆਸ ਬੱਝੀ ਹੈ। ਐਮੀ ਬੇਕਰ 29 ਮਾਰਚ 1989 ਨੂੰ ਲਾਪਤਾ ਹੋਈ ਸੀ ਤੇ ਉਸ ਦੀ ਲਾਸ਼ ਜੰਗਲੀ ਖੇਤਰ ਵਿਚੋਂ 31 ਮਾਰਚ ਨੂੰ ਬਰਾਮਦ ਹੋਈ ਸੀ।




## ਕੈਲੀਫੋਰਨੀਆ ਵਿਚ ਸਮੁੰਦਰ ਦੇ ਪਾਣੀ ਵਿਚ ਤੇਲ ਰਲਿਆ, ਮਾਮਲਾ ਜਾਂਚ ਅਧੀਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਯੂ ਐਸ ਕੋਸਟ ਗਾਰਡ ਤੇ ਸਥਾਨਕ ਅਧਿਕਾਰੀਆਂ ਨੇ ਦੱਖਣੀ ਕੈਲੀਫੋਰਨੀਆ ਵਿਚ ਹੰਟਿਗਟਨ ਬੀਚ 'ਤੇ ਸਮੁੰਦਰ ਵਿਚ ਆਈ ਤੇਲ ਦੀ ਪਰਤ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਕੋਸਟ ਗਾਰਡ ਵੱਲੋਂ ਜਾਰੀ ਬਿਆਨ ਅਨੁਸਾਰ ਤੇਲ ਦੀ ਇਹ ਪਰਤ ਬੀਤੇ ਵੀਰਵਾਰ ਸ਼ਾਮ ਨੂੰ ਵੇਖੀ ਗਈ ਜੋ ਅੰਦਾਜਨ ਢਾਈ ਮੀਲ ਵਿਚ ਫੈਲੀ ਹੋਈ ਸੀ। ਬਿਆਨ ਵਿਚ ਕਿਹਾ ਗਿਆ ਹੈ ਕਿ ਤੇਲ ਕਿਥੋਂ ਆਇਆ ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਮਾਮਲਾ ਜਾਂਚ ਅਧੀਨ ਹੈ। ਇਸ ਦੇ ਵਾਤਾਵਰਣ ਉਪਰ ਪੈਣ ਵਾਲੇ ਅਸਰ ਬਾਰੇ ਵੀ ਮੁਲਾਂਕਣ ਕੀਤਾ ਜਾ ਰਿਹਾ ਹੈ।



## ਅਮਰੀਕਾ ਦੇ ਹਡਸਨ ਦਰਿਆ ਵਿਚ ਕਿਸ਼ਤੀ ਹਾਦਸੇ ਵਿੱਚ ਹੋਈਆਂ 2 ਮੌਤਾਂ ਦੇ ਮਾਮਲੇ ਵਿਚ 2 ਵਿਅਕਤੀ ਗ੍ਰਿਫਤਾਰ


**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿਚ ਵਗਦੇ ਹਡਸਨ ਦਰਿਆ ਵਿਚ ਜੁਲਾਈ 2022 ਵਿਚ ਕਿਸ਼ਤੀ ਉਲਟ ਜਾਣ ਕਾਰਨ ਹੋਈਆਂ 2 ਮੌਤਾਂ ਦੇ ਮਾਮਲੇ ਵਿਚ ਆਖਰਕਾਰ ਪੁਲਿਸ ਵੱਲੋਂ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਨਿਊਯਾਰਕ ਦੇ ਦੱਖਣੀ ਜਿਲੇ ਦੇ ਯੂ ਐਸ ਅਟਾਰਨੀ ਦਫਤਰ ਅਨੁਸਾਰ ਗ੍ਰਿਫਤਾਰ ਕੀਤੇ ਵਿਅਕਤੀਆਂ ਵਿਚ ਕਿਸ਼ਤੀ ਦਾ ਮਾਲਕ ਰਿਚਰਡ ਕਰੂਜ਼ (32) ਤੇ ਕਿਸ਼ਤੀ ਚਾਲਕ ਪਾਇਲਟ ਜੈਮ ਪਿਨੀਲਾ ਗੋਮਜ਼ (25) ਸ਼ਾਮਲ ਹੈ ਜਿਨਾਂ ਵਿਰੁੱਧ ਅਣਗਹਿਲੀ ਵਰਤਣ ਦੇ ਦੋਸ਼ ਆਇਦ ਕੀਤੇ ਗਏ ਹਨ ਜਿਸ ਕਾਰਨ ਇਕ ਬੱਚੇ ਤੇ ਇਕ ਔਰਤ ਦੀ ਮੌਤ ਹੋਈ। ਦਰਜ ਅਪਰਾਧਕ ਸ਼ਿਕਾਇਤ ਅਨੁਸਾਰ ਹਾਦਸੇ ਸਮੇ ਕਿਸ਼ਤੀ ਵਿਚ ਸਮਰੱਥਾ ਤੋਂ ਵਧ 13 ਲੋਕ ਸਵਾਰ ਸਨ ਜੋ ਉਲਟ ਗਈ। ਬਚਾਅ ਟੀਮਾਂ ਨੇ ਦੋ ਜਣਿਆਂ ਨੂੰ ਬੇਹੋਸ਼ੀ ਦੀ ਹਾਲਤ ਵਿਚ ਕਿਸ਼ਤੀ ਦੇ ਹੇਠੋਂ ਕੱਢਿਆ। ਬਾਅਦ ਵਿਚ ਜਿਨਾਂ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਵਿਭਾਗ ਨੇ ਮ੍ਰਿਤਕਾਂ ਦੀ ਪਛਾਣ ਜੁਲੀਅਨ ਵਾਸਕੂਏਜ਼ (7) ਤੇ ਲਿੰਡੇਲੀਆ ਵਾਸਕੂਏਜ਼ (48) ਵਜੋਂ ਕੀਤੀ ਸੀ। ਅਪਰਾਧਕ ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਲੋੜੀਂਦਾ ਲਾਇਸੰਸ ਨਾ ਹੋਣ ਦੇ ਬਾਵਜੂਦ ਕਰੂਜ਼ ਤੇ ਗੋਮਜ਼ ਸੈਲਾਨੀਆਂ ਨੂੰ ਦਰਿਆ ਦੀ ਸੈਰ ਕਰਵਾਉਂਦੇ ਸਨ। ਨਿਊਯਾਰਕ ਦੇ ਦੱਖਣੀ ਜਿਲੇ ਦੇ ਯੂ ਐਸ ਅਟਾਰਨੀ ਡਮੀਅਨ ਵਿਲੀਅਮਜ਼ ਨੇ ਇਕ ਜਾਰੀ ਬਿਆਨ ਵਿਚ ਕਿਹਾ ਹੈ ਕਿ ਇਨਾਂ ਨੂੰ ਵਧ ਤੋਂ ਵਧ 10 ਸਾਲ ਤੱਕ ਸਜ਼ਾ ਹੋ ਸਕਦੀ ਹੈ।



### ਮਈ 2022 ਵਿਚ 19 ਸਕੂਲੀ ਵਿਦਿਆਰਥੀਆਂ ਦੀਆਂ ਹੋਈਆਂ ਹੱਤਿਆਵਾ ਦਾ ਮਾਮਲਾ

## ਜਾਂਚਕਾਰ ਵੱਲੋਂ ਪੇਸ਼ ਰਿਪੋਰਟ ਵਿਚ ਪੁਲਿਸ ਅਫਸਰਾਂ ਨੂੰ ਬਰੀ ਕਰਨ ਨੂੰ ਲੈ ਕੇ ਮਾਪਿਆਂ ਨੇ ਪ੍ਰਗਟਾਇਆ ਜਬਰਦਸਤ ਰੋਸ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਮਈ 2022 ਵਿਚ ਯੁਵੇਲਡ, ਟੈਕਸਾਸ ਵਿਚ 19 ਸਕੂਲੀ ਵਿਦਿਆਰਥੀਆਂ ਦੀਆਂ ਹੋਈਆਂ ਸਮੂਹਿਕ ਹੱਤਿਆਵਾਂ ਦੇ ਮਾਮਲੇ ਵਿਚ ਜਾਂਚ ਅਧਿਕਾਰੀ ਵੱਲੋਂ ਰਿਪੋਰਟ ,ਜਿਸ ਵਿਚ ਕਿਸੇ ਵੀ ਪੁਲਿਸ ਅਫਸਰ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ, ਪੇਸ਼ ਕਰਨ ਦੇ ਕੁਝ ਹੀ ਪਲਾਂ ਬਾਅਦ ਮਾਪਿਆਂ ਨੇ ਸਿਟੀ ਕੌਂਸਲ ਦੀ ਮੀਟਿੰਗ ਵਿਚ ਜਬਰਦਸਤ ਰੋਸ ਦਾ ਪ੍ਰਗਟਾਵਾ ਕੀਤਾ। ਸਾਬਕਾ ਡਿਟੈਕਟਿਵ ਜੈਸ ਪਰਾਡੋ ਰਿਪੋਰਟ ਪੇਸ਼ ਕਰਨ ਉਪਰੰਤ ਸਵਾਲਾਂ ਦਾ ਜਵਾਬ ਦਿੱਤੇ ਬਗੈਰ ਯੁਵੇਲਡ ਵਿਚ ਹੋਈ ਮੀਟਿੰਗ ਵਿਚੋਂ ਚਲਾ ਗਿਆ ਸੀ। ਮੀਟਿੰਗ ਵਿਚ ਸ਼ਾਮਿਲ ਕਿੰਬਰਲੀ ਮਾਟਾ ਰੁਬੀਓ ਜਿਸ ਦੀ ਧੀ ਮਰਨ ਵਾਲੇ ਵਿਦਿਆਰਥੀਆਂ ਵਿਚ ਸ਼ਾਮਿਲ ਸੀ, ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਇਸ ਮਾਮਲੇ ਵਿੱਚ ਉਨਾਂ ਕੋਲੋਂ ਕੋਈ ਸਪਸ਼ਟੀਕਰਨ ਸੁਣਨਾ ਨਹੀਂ ਚਹੁੰਦੀ, ਉਹ ਚਹੁੰਦੀ ਹੈ ਕਿ ਜਾਂਚ ਅਧਿਕਾਰੀ ਨੂੰ ਵਾਪਿਸ ਮੀਟਿੰਗ ਵਿਚ ਸੱਦਿਆ ਜਾਵੇ। ਮੀਟਿੰਗ ਵਿਚ ਸ਼ਾਮਲ ਹੋਰ ਮਾਪਿਆਂ ਨੇ ਵੀ ਉਨਾਂ ਦੀ ਇਸ ਮੰਗ ਦਾ ਸਮਰਥਨ ਕੀਤਾ। ਉਪਰੰਤ ਜੈਸ ਪਰਾਡੋ ਨੂੰ ਵਾਪਿਸ ਆਉਣਾ ਪਿਆ। ਪਰਾਡੋ ਨੇ ਮੰਨਿਆ ਕਿ ਲਾਅ ਇਨਫੋਰਸਮੈਂਟ ਅਫਸਰ ਤੁਰੰਤ ਕਾਰਵਾਈ ਕਰਨ ਵਿਚ ਨਾਕਾਮ ਰਹੇ ਹਨ ਪਰੰਤੂ ਉਹ ਇਸ ਵਾਸਤੇ ਕਿਸੇ ਵਿਸ਼ੇਸ਼ ਪੁਲਿਸ ਅਫਸਰ ਦੀ ਪਛਾਣ ਨਹੀਂ ਕਰ ਸਕੇ। ਆਪਣੀ ਰਿਪੋਰਟ ਵਿਚ ਉਨਾਂ ਨੇ ਕਿਹਾ ਕਿ ਅਫਸਰਾਂ ਨੇ ਚੰਗੀ ਭਾਵਨਾ ਨਾਲ ਹਮਲਾਵਰ ਗੰਨਮੈਨ ਵਿਰੁੱਧ ਕਾਰਵਾਈ ਕੀਤੀ ਜੋ ਇਸ ਕਾਰਵਾਈ ਦੌਰਾਨ ਜਖਮੀ ਵੀ ਹੋਏ। ਇਸ ਤੋਂ ਪਹਿਲਾਂ ਕਿ ਪਰਾਡੋ ਆਪਣੀ ਗੱਲ ਪੂਰੀ ਕਰਦਾ ਮ੍ਰਿਤਕ ਬੱਚਿਆਂ ਦੇ ਮਾਪੇ ਮੀਟਿੰਗ ਵਿਚੋਂ ਉਠ ਕੇ ਚਲੇ ਗਏ।



# ਡਾ. ਅੰਬੇਡਕਰ ਬੁਧਿਸਟ ਰਿਸੋਰਸ ਸੈਂਟਰ ਵਿਖੇ ਬਣ ਰਹੇ ਡਾ. ਚਮਨ ਲਾਲ ਐਜੂਕੇਸ਼ਨਲ ਸੈਂਟਰ ਲਈ ਪ੍ਰਵਾਸੀ ਭਾਰਤੀਆਂ ਦਿੱਤਾ ਆਰਥਿਕ ਸਹਿਯੋਗ

**ਫਗਵਾੜਾ–** ਡਾ. ਅੰਬੇਡਕਰ ਬੁਧਿਸਟ ਰਿਸੋਰਸ ਸੈਂਟਰ ਮੈਨੇਜਿੰਗ ਕਮੇਟੀ (ਰਜਿ.) ਚੈਰੀਟੇਬਲ ਟਰੱਸਟ ਪੰਜਾਬ ਅਤੇ ਡਾ।ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਅਤੇ ਯੂ.ਕੇ. ਦੀ ਦੇਖ-ਰੇਖ ਹੇਠ ਡਾ. ਅੰਬੇਡਕਰ ਬੁਧਿਸਟ ਰਿਸੋਰਸ ਸੈਂਟਰ ਸੂੰਢ ਵਿਖੇ ਬਣ ਰਹੇ ਡਾ। ਚਮਨ ਲਾਲ ਐਜੂਕੇਸ਼ਨਲ ਸੈਂਟਰ ਵਿਖੇ ਪ੍ਰਵਾਸੀ ਭਾਰਤੀ ਸ੍ਰੀ ਮਦਨ ਸਰੋਆ ਤਲਵਣ, ਸ੍ਰੀ ਤਰਸੇਮ ਕੌਲ, ਸ੍ਰੀਮਤੀ ਦੇਬੋ ਕੌਲ ਲਾਂਬੜਾ, ਸ੍ਰੀ ਦੇਵ ਲਾਲ ਸੁਮਨ, ਸ੍ਰੀਮਤੀ ਬਖਸ਼ੋ ਸੁਮਨ ਉੱਚਾ ਪਿੰਡ (ਯੂ.ਕੇ.), ਅਤੇ ਭੈਣ ਗੁਰਦੇਵ ਕੌਰ ਰੱਤੂ ਯੂ।ਕੇ। ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਆਏ ਹੋਏ ਮਹਿਮਾਨਾ ਤੇ ਕਮੇਟੀ ਮੈਂਬਰਾਂ ਨੇ ਯੂ.ਕੇ. ਕਮੇਟੀ ਦੇ ਫਾਊਂਡਰ ਮੈਂਬਰ ਸਵ। ਸ੍ਰੀ ਮੂਰਤੀ ਮੱਲ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਭੰਤੇ ਵਿਸ਼ਾਖਾ ਬੰਬਈ ਨੇ ਪੰਚਸ਼ੀਲ ਦਾ ਉਚਾਰਣ ਅਤੇ ਪ੍ਰਵਚਨ ਕੀਤੇ। ਇਸ ਮੌਕੇ ਪ੍ਰਵਾਸੀ ਭਾਰਤੀ ਸ੍ਰੀ ਮਦਨ ਸਰੋਆ ਤਲਵਣ, ਸ੍ਰੀ ਤਰਸੇਮ ਕੌਲ, ਸ੍ਰੀਮਤੀ ਦੇਬੋ ਕੌਲ ਲਾਂਬੜਾ, ਸ੍ਰੀ ਦੇਵ ਲਾਲ ਸੁਮਨ, ਸ੍ਰੀਮਤੀ ਬਖਸ਼ੋ ਸੁਮਨ ਉੱਚਾ ਪਿੰਡ (ਯੂ.ਕੇ.), ਅਤੇ ਭੈਣ ਗੁਰਦੇਵ ਕੌਰ ਰੱਤੂ ਗੁਰਾਇਆ (ਯੂ।ਕੇ।) ਨੇ ਡਾ। ਚਮਨ ਲਾਲ ਮੱਮਣ ਦੀ ਯਾਦ ਵਿੱਚ ਬਣ ਰਹੇ ਡਾ।ਚਮਨ ਮੈਮੋਰੀਅਲ ਐਜੂਕੇਸ਼ਨਲ ਸੈਂਟਰ ਅਤੇ ਡਾ।ਅੰਬੇਡਕਰ ਮੈਮੋਰੀਅਲ ਪਬਲਿਕ ਸਕੂਲ ਦੇ ਪ੍ਰਬੰਧਾ ਬਾਰੇ ਜਾਣਕਾਰੀ ਹਾਸਲ ਕਰ ਬਾਬਾ ਸਾਹਿਬ ਡਾਕਟਰ, ਤਥਾਗਤ ਮਹਾਮਾਨਵ ਗੌਤਮ ਬੁੱਧ ਜੀ ਅਤੇ ਧੰਮ ਦੇ ਪ੍ਰਚਾਰ ਪ੍ਰਸਾਰ ਲਈ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਪ੍ਰਵਾਸੀ ਭਾਰਤੀ ਸ੍ਰੀ ਮਦਨ ਸਰੋਆ ਤਲਵਣ, ਸ੍ਰੀ ਤਰਸੇਮ ਕੌਲ, ਸ੍ਰੀਮਤੀ ਦੇਬੋ ਕੌਲ ਲਾਂਬੜਾ, ਸ੍ਰੀ ਦੇਵ ਲਾਲ ਸੁਮਨ, ਸ੍ਰੀਮਤੀ ਬਖਸ਼ੋ ਸੁਮਨ ਉੱਚਾ ਪਿੰਡ (ਯੂ.ਕੇ.), ਅਤੇ ਭੈਣ ਗੁਰਦੇਵ ਕੌਰ ਰੱਤੂ ਯੂ।ਕੇ। ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਡਾ। ਅੰਬੇਡਕਰ ਬੁਧਿਸਟ ਰਿ-ਸੋਰਸ ਸੈਂਟਰ ਮੈਨੇਜਿੰਗ ਕਮੇਟੀ (ਰਜਿ.) ਚੈਰੀਟੇਬਲ ਟਰੱਸਟ ਵਲੋਂ ਸੈਂਟਰ ਵਿਖੇ ਚਲਾਏ ਜਾ ਰਹੇ ਡਾ. ਅੰਬੇਡਕਰ ਮੈਮੋਰੀਅਲ ਪਬਲਿਕ ਸਕੂਲ, ਬਾਬਾ ਡਾ. ਅੰਬੇਡਕਰ ਮਿਊਜ਼ੀਅਮ, ਲਾਇਬ੍ਰੇਰੀ ਅਤੇ ਕਮੇਟੀ ਵੱਲੋ ਤਥਾਗਤ ਬੁੱਧ ਦੇ ਪ੍ਰਚਾਰ ਪ੍ਰਸਾਰ 'ਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕਰਦਿਆ ਕਿਹਾ ਕਿ ਸੈਂਟਰ ਵਲੋਂ ਬਾਬਾ ਸਾਹਿਬ ਡਾ. ਬੀ.ਆਰ ਅੰਬੇਡਕਰ ਜੀ ਅਤੇ ਮਹਾਂ ਮਾਨਵ ਬੁੱਧ ਵਿਚਾਰਧਾਰਾ ਨੂੰ ਅੱਗੇ ਲਿਜਾਣ ਵਿੱਚ ਸਾਨੂੰ ਸਾਰਿਆ ਨੂੰ ਵਡਮੁੱਲਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾ ਨੇ ਕਿਹਾ ਕਿ ਕਮੇਟੀ ਵੱਲੋਂ ਡਾ। ਚਮਨ ਲਾਲ ਮੱਮਣ ਐਜੂਕੇਸ਼ਨਲ ਸੈਂਟਰ ਬਣਾਉਣਾ ਇਤਿਹਾਸਕ ਕਦਮ ਹੈ। ਇਸ ਮੌਕੇ ਦੇਵ ਲਾਲ ਸੁਮਨ ਦੇ ਪਰਿਵਾਰ ਵੱਲੋਂ ਇੱਕ ਲੱਖ ਰੁਪਏ, ਮਦਨ ਸਰੋਆ ਨੇ 50 ਹਜਾਰ ਰੁਪਏ ਅਤੇ ਗੁਰਦੇਵ ਕੌਰ ਰੱਤੂ ਦੇ ਪਰਿਵਾਰ ਨੇ 50 ਹਜ਼ਾਰ ਰੁਪਏ ਦਾ ਆਰਥਿਕ ਸਹਿਯੋਗ ਯਾਦਗਾਰੀ ਹਾਲ ਬਣਾਉਣ ਲਈ ਦਿੱਤਾ। ਇਸ ਮੌਕੇ ਕਮੇਟੀ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਸ੍ਰੀ ਪ੍ਰਵਾਸੀ ਭਾਰਤੀ ਸ੍ਰੀ ਮਦਨ ਸਰੋਆ ਤਲਵਣ, ਸ੍ਰੀ ਤਰਸੇਮ ਕੌਲ, ਸ੍ਰੀਮਤੀ ਦੇਬੋ ਕੌਲ ਲਾਂਬੜਾ, ਸ੍ਰੀ ਦੇਵ ਲਾਲ ਸੁਮਨ, ਸ੍ਰੀਮਤੀ ਬਖਸ਼ੋ ਸੁਮਨ ਉੱਚਾ ਪਿੰਡ (ਯੂ.ਕੇ.), ਅਤੇ ਭੈਣ ਗੁਰਦੇਵ ਕੌਰ ਰੱਤੂ ਯੂ.ਕੇ. ਨੂੰ ਜੀ ਆਇਆ ਆਖਦਿਆ ਕਮੇਟੀ ਨੂੰ ਦਿੱਤੇ ਆਰਥਿਕ ਸਹਿਯੋਗ ਲਈ ਦਿਲ ਦੀਆਂ ਗਹਿਰਾਈਆ ਤੋਂ ਧੰਨਵਾਦ ਕੀਤਾ। ਉਨ੍ਹਾ ਨੇ ਕਿਹਾ ਕਿ ਡਾ. ਚਮਨ ਲਾਲ ਮੱਮਣ ਦੀ ਯਾਦ ਵਿੱਚ ਬਣ ਰਹੇ ਡਾ।ਚਮਨ ਮੈਮੋਰੀਅਲ ਐਜੂਕੇਸ਼ਨਲ ਸੈਂਟਰ ਦੇ ਕੰਮ ਨੂੰ ਐਨ.ਆਰ.ਆਈਜ ਅਤੇ ਦਾਨੀ ਸੱਜਣਾ ਦੇ ਸਹਿਯੋਗ ਨਾਲ ਹੀ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਕਮੇਟੀ ਪ੍ਰਧਾਨ ਭੱਟੀ ਨੇ ਦਾਨੀ ਸੱਜਣਾ ਤੇ ਸਹਿਯੋਗੀਆਂ ਨੂੰ ਅਪੀਲ ਕੀਤੀ ਕਿ ਸੈਂਟਰ ਵਿਖੇ ਚੱਲ ਰਹੇ ਉਸਾਰੀ ਕਾਰਜਾਂ ਵਿੱਚ ਆਪਣਾ ਵਡਮੁੱਲਾ ਯੋਗਦਾਨ ਜ਼ਰੂਰ ਪਾਉਣ। ਕਮੇਟੀ ਵੱਲੋ ਦਾਨੀ ਸੱਜਣਾ ਤੇ ਸਹਿਯੋਗੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਭੁਪਿੰਦਰ ਕੁਮਾਰ, ਸੀਨੀਅਰ ਆਗੂ ਪ੍ਰਵੀਨ ਬੰਗਾ, ਇੰਦਰਜੀਤ ਅਟਾਰੀ ਜਨਰਲ ਸਕੱਤਰ, ਅਮਰ ਚੰਦ ਅਟਾਰੀ, ਦੀਨ ਦਿਆਲ ਅਟਾਰੀ, ਹਰਬਿਲਾਸ ਬਸਰਾ, ਹਰਮੇਸ਼ ਵਿਰਦੀ ਸਾਬਕਾ ਚੇਅਰਮੈਨ, ਸ੍ਰੀਮਤੀ ਜਸਵਿੰਦਰ ਕੌਰ ਸਾਬਕਾ ਸਰਪੰਚ, ਬਖਸ਼ੀ ਰਾਮ ਬਲਾਚੌਰ, ਦਿਲਬਾਗ ਮਹਿੰਦੀਪੁਰ, ਸੰਦੀਪ ਸਰੋਆ ਤਲਵਣ, ਜਗਦੀਸ਼ ਕੁਮਾਰ ਗੜਸ਼ੰਕਰ, ਪ੍ਰਦੀਪ ਰਾਜਾ ਪੱਤਰਕਾਰ, ਚਮਨ ਲਾਲ, ਦੂਨੀ ਚੰਦ ਤੋਂ ਇਲਾਵਾ ਹੋਰ ਵੀ ਉਪਾਸ਼ਕ ਅਤੇ ਸਕੂਲ ਦਾ ਸਮੂਹ ਸਟਾਫ ਦੇ ਮੈਂਬਰ ਹਾਜਰ ਸਨ।



# ਇੰਡੀਅਨ ਫਾਈਨ ਆਰਟਸ ਅਕੈਡਮੀ ਸਲਾਨਾ ਸੰਗੀਤ ਤੇ ਡਾਂਸ ਮੇਲਾ 19 ਮਾਰਚ ਤੋਂ 24 ਮਾਰਚ ਤੱਕ ਮਨਾਵੇਗੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇੰਡੀਅਨ ਫਾਈਨ ਆਰਟਸ ਅਕੈਡਮੀ ਸੈਨ ਡਇਏਗੋ (ਆਈ ਐਫ ਏ ਏ ਐਸ ਡੀ) ਆਪਣਾ 17 ਵਾਂ ਸੰਗੀਤ ਤੇ ਡਾਂਸ ਮੇਲਾ 19 ਮਾਰਚ ਤੋਂ 24 ਮਾਰਚ ਤੱਕ ਮਨਾਵੇਗੀ। ਜੈਵਿਸ਼ ਕਮਿਊਨਿਟੀ ਸੈਂਟਰ ਵਿਖੇ ਅਯੋਜਿਤ ਕੀਤੇ ਜਾਣ ਵਾਲੇ ਇਸ ਵਿਸ਼ਾਲ ਸਮਾਗਮ ਵਿਚ ਸੰਗੀਤ ਤੇ ਡਾਂਸ ਖੇਤਰ ਨਾਲ ਜੁੜੀਆਂ ਉਘੀਆਂ ਸਖਸ਼ੀਅਤਾਂ ਹਿੱਸਾ ਲੈਣ-ਗੀਆਂ। ਸਮਾਗਮ ਦੀ ਕਲਾਸੀਕਲ ਡਾਂਸ ਵਣਗੀ ਵਿਚ ਭਾਰਤ ਤੇ ਅਮਰੀਕਾ ਤੋਂ ਵੱਖ ਵੱਖ ਹੁਨਰ ਵੇਖਣ ਨੂੰ ਮਿਲੇਗਾ। ਸਮਾਗਮ ਵਿਚ ਭਾਰਤ ਰਤਨ ਰਵੀ ਸ਼ੰਕਰ ਦਾ 104 ਵਾਂ ਜਨਮ ਦਿਨ ਵੀ ਮਨਾਇਆ ਜਾਵੇਗਾ। ਇਸ ਮੌਕੇ ਅਯੋਜਿਤ ਕੀਤੇ ਜਾਣ ਵਾਲੇ ਸੰਗੀਤ ਤੇ ਡਾਂਸ ਦੇ ਦੋ ਸਮਾਗਮਾਂ ਵਿਚ ਸਮੁੱਚੇ ਦੱਖਣੀ ਕੈਲੀਫੋਰਨੀਆ ਤੋਂ 100 ਤੋਂ ਵਧ ਬੱਚੇ ਹਿੱਸਾ ਲੈਣਗੇ। ਅਯੋਜਕਾਂ ਨੇ ਕਿਹਾ ਹੈ ਕਿ ਇਸ ਮੌਕੇ ਮਹਿਮਾਨਾਂ ਨੂੰ ਦੱਖਣ ਤੋਂ ਉੱਤਰੀ ਭਾਰਤ ਤੱਕ ਸਾਕਾਹਾਰੀ ਭਾਰਤੀ ਖਾਣਿਆਂ ਦਾ ਆਨੰਦ ਮਾਣਨ ਦਾ ਮੌਕੇ ਮਿਲੇਗਾ।


'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

कर्मजं बुद्धियुक्ता हि फलं त्यक्त्वा मनीषिणः।
जन्मबन्धविनिर्मुक्ताः पदं गच्छन्त्यनामयम्।।2.51।।

In loving memory and remembrance of



## Smt Swarn Lata Garg

(12.03.1954 - 07.03.2024)

A life lived with grace, beauty, courage and love has peacefully merged with the Divine Light

Bhog Ceremony and Rasam Pagdi will be held at Community Center, Sector 43A, Chandigarh on Sunday, 17th March, 2024 | 2 PM to 3 PM

In grief
Bhim Raj Garg (9876545157) (9900087201)
Entire Garg, Bansal, Aggarwal, Gupta Family

ਅਦਾਰਾ 'ਦੇਸ਼ ਦੁਆਬਾ' ਇਸ ਦੁੱਖ ਦੀ ਘੜੀ 'ਚ ਦੁਖੀ ਪਰਿਵਾਰ ਨਾਲ ਦਿਲੋਂ ਦੁੱਖ ਪ੍ਰਗਟ ਕਰਦਾ ਹੈ।

ਜੈ ਗੁਰੂਦੇਵ ! ਧੰਨ ਗੁਰੂਦੇਵ !

ਜੋ ਦਿਨ ਆਵਹਿ ਸੋ ਦਿਨ ਜਾਹੀ ।।
ਕਰਨਾ ਕੂਚੁ ਰਹਨੁ ਥਿਰੁ ਨਾਹੀ ।।



ਸਾਡੇ ਪੂਜਨੀਕ ਮਾਤਾ ਬੀਬੀ ਨੰਤ ਕੌਰ ਜੀ ਅੱਜ 13 ਮਾਰਚ 2024 ਸਵੇਰੇ ਅਕਾਲ ਚਲਾਣਾ ਕਰ ਗਏ। ਪ੍ਰਮਾਤਮਾ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਿਸ਼ ਕਰਨ।

ਚਰਨਜੀਤਸਿੰਘ ਬਿਨਪਾਲਕੇ ਅਤੇ
ਸਮੂਹ ਪਰਿਵਾਰ

ਅਦਾਰਾ 'ਦੇਸ਼ ਦੁਆਬਾ' ਇਸ ਦੁੱਖ ਦੀ ਘੜੀ 'ਚ ਦੁਖੀ ਪਰਿਵਾਰ ਨਾਲ ਦਿਲੋਂ ਦੁੱਖ ਪ੍ਰਗਟ ਕਰਦਾ ਹੈ।



KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਆਮ ਆਦਮੀ ਪਾਰਟੀ ਨੇ ਕਈ ਮੰਤਰੀ ਉਮੀਦਵਾਰ ਬਣਾਏ

**ਚੰਡੀਗੜ੍ਹ–** ਆਮ ਆਦਮੀ ਪਾਰਟੀ ਨੇ ਪੰਜਾਬ ਲਈ ਉਮੀਦਵਾਰਾਂ ਦੀ ਪਹਿਲੀ ਲਿਸਟ ਜਾਰੀ ਕਰ ਦਿੱਤੀ ਹੈ। ਇਸ ਸੂਚੀ ਵਿਚ ਪਾਰਟੀ ਦੇ ਆਪ ਨੇ ਪੰਜ ਮੰਤਰੀਆਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ। ਇਸ ਤੋਂ ਇਲਾਵਾ ਮੌਜੂਦਾ ਸੰਸਦ ਮੈਂਬਰ ਸੁਸ਼ੀਲ ਰਿੰਕੂ 'ਤੇ ਮੁੜ ਭਰੋਸਾ ਪ੍ਰਗਟਾਇਆ ਗਿਆ ਹੈ। ਉਨ੍ਹਾਂ ਨੂੰ ਜਲੰਧਰ ਤੋਂ ਟਿਕਟ ਦਿੱਤੀ ਗਈ ਹੈ। ਅਤੇ ਪਿਛਲੇ ਹਫਤੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਗੁਰਪ੍ਰੀਤ ਸਿੰਘ ਜੀਪੀ ਨੂੰ ਵੀ ਫਤਹਿਗੜ੍ਹ ਸਾਹਿਬ ਤੋਂ ਮੈਦਾਨ ਵਿਚ ਉਤਾਰਿਆ ਗਿਆ ਹੈ।

ਮੁੱਖ ਮੰਤਰੀ ਦੇ ਕਰੀਬੀ ਮੰਨੇ ਜਾਂਦੇ ਮਸ਼ਹੂਰ ਕਲਾਕਾਰ ਕਰਮਜੀਤ ਅਨਮੋਲ ਨੂੰ ਫਰੀਦਕੋਟ ਤੋਂ ਟਿਕਟ ਦਿੱਤੀ ਗਈ ਹੈ, ਹਾਲਾਂਕਿ ਫਤਿਹਗੜ੍ਹ ਸਾਹਿਬ ਸੀਟ ਲਈ ਉਨ੍ਹਾਂ ਦਾ ਨਾਂ ਵੀ ਚੱਲ ਰਿਹਾ ਸੀ। ਪਰ ਗੁਰਪ੍ਰੀਤ ਸਿੰਘ ਜੀਪੀ ਦੇ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਫਰੀਦ- ਕੋਟ ਤੋਂ ਕਰਮਜੀਤ ਅਨਮੋਲ ਨੂੰ ਟਿਕਟ ਦਿੱਤੀ ਗਈ ਹੈ।

ਜਿਨ੍ਹਾਂ ਮੰਤਰੀਆਂ ਨੂੰ ਟਿਕਟਾਂ ਮਿਲੀਆਂ ਹਨ, ਉਨ੍ਹਾਂ ਵਿੱਚ ਅੰਮ੍ਰਿਤਸਰ ਤੋਂ ਕੁਲਦੀਪ ਸਿੰਘ ਧਾਲੀਵਾਲ, ਸੰਗਰੂਰ ਤੋਂ ਗੁਰਮੀਤ ਸਿੰਘ ਮੀਤ ਹੇਅਰ, ਪਟਿਆਲਾ ਤੋਂ ਡਾ: ਬਲਬੀਰ, ਬਠਿੰਡਾ ਤੋਂ ਗੁਰਮੀਤ ਸਿੰਘ ਖੁੱਡੀਆਂ, ਖਡੂਰ ਸਹਿਬ ਤੋਂ ਲਾਲਜੀਤ ਭੁੱਲਰ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ।

# ਪੁਰਾਣੇ ਕਾਂਗਰਸੀਆਂ ਦੇ ਸਿਰ 'ਤੇ ਹੀ ਪੰਜਾਬ ਵਿਚ ਚੋਣ ਲੜੇਗੀ ਭਾਜਪਾ

**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਲੋਕ ਸਭਾ ਚੋਣਾਂ ਨੂੰ ਲੈ ਕੇ ਕਾਫੀ ਉਤਸ਼ਾਹਿਤ ਹੈ। ਚੋਣਾਂ ਦੀਆਂ ਤਿਆਰੀਆਂ ਜ਼ੋਰ ਫੜਦੀਆਂ ਨਜ਼ਰ ਆ ਰਹੀਆਂ ਹਨ। ਪਾਰਟੀ ਨੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਹੇਠ ਪੰਜਾਬ ਚੋਣ ਕਮੇਟੀ ਦਾ ਗਠਨ ਕੀਤਾ ਹੈ। ਇਸ ਕਮੇਟੀ ਵਿੱਚ 19 ਮੈਂਬਰ ਹੋਣਗੇ। ਸੀਨੀਆਰਤਾ ਸੂਚੀ ਵਿੱਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੂਜੇ ਨੰਬਰ 'ਤੇ ਹਨ।



ਸੁਨੀਲ ਜਾਖੜ ਸੂਬਾ ਪ੍ਰਧਾਨ, ਕੈਪਟਨ ਅਮਰਿੰਦਰ ਸਿੰਘ ਮੈਂਬਰ ਕੌਮੀ ਕਾਰਜਕਾਰਨੀ, ਇਕਬਾਲ ਸਿੰਘ ਮੈਂਬਰ ਲਾਲਪੁਰਾ ਸੰਸਦੀ ਬੋਰਡ, ਸੋਮ ਪ੍ਰਕਾਸ਼ ਕੇਂਦਰੀ ਰਾਜ ਮੰਤਰੀ, ਤਰੁਣ ਚੁੱਘ ਕੌਮੀ ਜਨਰਲ ਸਕੱਤਰ, ਅਸ਼ਵਨੀ ਸ਼ਰਮਾ ਸਾਬਕਾ ਸੂਬਾ ਪ੍ਰਧਾਨ ਤੇ ਕੌਮੀ ਕਾਰਜਕਾਰਨੀ ਮੈਂਬਰ, ਮਨੋਰੰਜਨ ਕਾਲੀਆ ਸਾਬਕਾ ਸੂਬਾ ਪ੍ਰਧਾਨ ਸ। ਅਤੇ ਕਾਰਜਕਾਰਨੀ ਦੇ ਰਾਸ਼ਟਰੀ ਕਾਰਜਕਾਰਨੀ ਮੈਂਬਰਾਂ ਵਿੱਚ ਰਾਸ਼ਟਰੀ ਕਾਰਜਕਾਰਨੀ ਦੇ ਮੈਂਬਰ ਅਵਿਨਾਸ਼ ਰਾਏ ਖੰਨਾ ਸ਼ਾਮਲ ਹਨ।

**ਕਮੇਟੀ ਵਿੱਚ ਇਹ ਵੀ ਹਨ ਸ਼ਾਮਲ**

ਦੂਜੇ ਪਾਸੇ ਹਰਜੀਤ ਸਿੰਘ ਗਰੇਵਾਲ ਨੂੰ ਕੌਮੀ ਕਾਰਜਕਾਰਨੀ ਦੇ ਵਿਸ਼ੇਸ਼ ਸੱਦੇ ਮੈਂਬਰ, ਮੰਤਰੀ ਸ੍ਰੀਵਾਸਲੂ ਨੂੰ ਜਥੇਬੰਦੀ ਦਾ ਜਨਰਲ ਸਕੱਤਰ, ਰਾਕੇਸ਼ ਰਾਠੌਰ ਨੂੰ ਸੂਬਾ ਜਨਰਲ ਸਕੱਤਰ, ਦਿਆਲ ਸਿੰਘ ਸੋਢੀ ਨੂੰ ਸੂਬਾ ਜਨਰਲ ਸਕੱਤਰ, ਅਨਿਲ ਸਰੀਨ ਨੂੰ ਸੂਬਾ ਜਨਰਲ ਸਕੱਤਰ, ਹਰਜੀਤ ਸਿੰਘ ਗਰੇਵਾਲ ਨੂੰ ਸੂਬਾ ਜਨਰਲ ਸਕੱਤਰ ਬਣਾਇਆ ਗਿਆ ਹੈ। ਜਨਰਲ ਸਕੱਤਰ, ਜਗਮੋਹਨ ਸਿੰਘ ਰਾਜੂ ਸੂਬਾ ਜਨਰਲ ਸਕੱਤਰ, ਪਰਮਿੰਦਰ ਸਿੰਘ ਬਰਾੜ ਸੂਬਾ ਜਨਰਲ ਸਕੱਤਰ ਹਨ। ਸਾਬਕਾ ਅਧਿਕਾਰੀ ਜੈ ਇੰਦਰ ਕੌਰ ਮਹਿਲਾ ਮੋਰਚਾ ਦੀ ਸੂਬਾ ਪ੍ਰਧਾਨ, ਸੁਦਨ ਸਿੰਘ ਕੌਮੀ ਮੀਤ ਪ੍ਰਧਾਨ, ਵਿਜੇ ਰੂਪਾਨੀ ਸੂਬਾ ਇੰਚਾਰਜ ਅਤੇ ਨਰਿੰਦਰ ਰੈਨਾ ਸਹਿ-ਇੰਚਾਰਜ ਹਨ।

# ਭਾਰਤ ਨੇ ਦੂਜੇ ਵਨਡੇ 'ਚ ਆਸਟ੍ਰੇਲੀਆ ਨੂੰ 99 ਦੌੜਾਂ ਨਾਲ ਹਰਾ ਕੇ ਸੀਰੀਜ਼ 'ਤੇ ਕੀਤਾ ਕਬਜ਼ਾ

**ਇੰਦੌਰ–** ਭਾਰਤ ਨੇ ਆਸਟ੍ਰੇਲੀਆ ਖਿਲਾਫ ਤਿੰਨ ਮੈਚਾਂ ਦੀ ਵਨਡੇ ਸੀਰੀਜ਼ 'ਚ 2-0 ਦੀ ਅਜੇਤੂ ਬੜ੍ਹਤ ਬਣਾ ਲਈ ਹੈ। ਇਸ ਨੇ ਇੰਦੌਰ 'ਚ ਖੇਡੇ ਗਏ ਦੂਜੇ ਵਨਡੇ 'ਚ ਡਕਵਰਥ ਲੁਈਸ ਨਿਯਮ ਦੇ ਆਧਾਰ 'ਤੇ 99 ਦੌੜਾਂ ਨਾਲ ਜਿੱਤ ਦਰਜ ਕੀਤੀ। ਇਸ ਨਾਲ ਭਾਰਤ ਨੇ ਸੀਰੀਜ਼ 'ਤੇ ਕਬਜ਼ਾ ਕਰ ਲਿਆ ਹੈ।

ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਭਾਰਤ ਨੇ 50 ਓਵਰਾਂ 'ਚ ਪੰਜ ਵਿਕਟਾਂ 'ਤੇ 399 ਦੌੜਾਂ ਬਣਾਈਆਂ। ਮੀਂਹ ਕਾਰਨ ਆਸਟਰੇਲੀਆ ਨੂੰ ਡਕਵਰਥ ਲੁਈਸ ਨਿਯਮ ਦੇ ਤਹਿਤ 33 ਓਵਰਾਂ ਵਿੱਚ 317 ਦੌੜਾਂ ਦਾ ਟੀਚਾ ਮਿਲਿਆ। ਇਸ 'ਤੇ ਕੰਗਾਰੂ ਟੀਮ 28।2 ਓਵਰਾਂ 'ਚ 213 ਦੌੜਾਂ 'ਤੇ ਸਿਮਟ ਗਈ।

ਭਾਰਤ ਦੇ 400 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਆਸਟਰੇਲੀਆ ਦੀ ਸ਼ੁਰੂਆਤ ਬੇਹੱਦ ਖਰਾਬ ਰਹੀ। ਦੂਜੇ ਹੀ ਓਵਰ ਵਿੱਚ ਪ੍ਰਸਿਧ ਕ੍ਰਿਸ਼ਨ ਨੇ ਸ਼ਾਰਟ (9) ਅਤੇ ਸਮਿਥ (0) ਨੂੰ ਪੈਵੇਲੀਅਨ ਭੇਜ ਕੇ ਵੱਡਾ ਝਟਕਾ ਦਿੱਤਾ। 9ਵੇਂ ਓਵਰ ਤੋਂ ਬਾਅਦ ਮੀਂਹ ਪਿਆ। DLS ਦੇ ਤਹਿਤ ਆਸਟ੍ਰੇਲੀਆ ਨੂੰ 33 ਓਵਰਾਂ 'ਚ 317 ਦੌੜਾਂ ਦਾ ਟੀਚਾ ਮਿਲਿਆ।

**ਅਸ਼ਵਿਨ-ਜਡੇਜਾ ਨੇ ਮੈਚ ਬਦਲ ਦਿੱਤਾ**




ਡੇਵਿਡ ਵਾਰਨਰ ਨੇ ਤੇਜ਼ ਖੇਡਦੇ ਹੋਏ ਅਰਧ ਸੈਂਕੜਾ ਜੜਿਆ। ਉਹ 53 ਦੌੜਾਂ ਬਣਾ ਕੇ ਅਸ਼ਵਿਨ ਦਾ ਸ਼ਿਕਾਰ ਬਣੇ। ਵਾਰਨਰ ਦੇ ਆਊਟ ਹੋਣ ਤੋਂ ਬਾਅਦ ਭਾਰਤ ਪੂਰੀ ਤਰ੍ਹਾਂ ਆਸਟ੍ਰੇਲੀਆ 'ਤੇ ਹਾਵੀ ਹੋ ਗਿਆ। ਆਸਟ੍ਰੇਲੀਆ ਨੇ ਇਕ ਤੋਂ ਬਾਅਦ ਇਕ ਵਿਕਟ ਗੁਆਏ। ਅੰਤ ਵਿੱਚ ਹੇਜ਼ਲਵੁੱਡ ਅਤੇ ਸ਼ਾਨ ਐਬੋਟ ਵਿਚਾਲੇ 9ਵੀਂ ਵਿਕਟ ਲਈ 77 ਦੌੜਾਂ ਦੀ ਸਾਂਝੇਦਾਰੀ ਹੋਈ। ਐਬੋਟ ਨੇ ਅਰਧ ਸੈਂਕੜਾ ਲਗਾਇਆ।

ਉਹ 54 ਦੌੜਾਂ ਬਣਾ ਕੇ ਜਡੇਜਾ ਦਾ ਸ਼ਿਕਾਰ ਬਣੇ। ਭਾਰਤ ਲਈ ਅਸ਼ਵਿਨ ਅਤੇ ਜਡੇਜਾ ਨੇ ਤਿੰਨ-ਤਿੰਨ ਵਿਕਟਾਂ ਲਈਆਂ। ਪ੍ਰਸਿਧ ਕ੍ਰਿਸ਼ਨਾ ਨੂੰ ਦੋ ਅਤੇ ਸ਼ਮੀ ਨੇ ਇੱਕ ਵਿਕਟ ਹਾਸਲ ਕੀਤੀ। ਆਸਟਰੇਲੀਆ ਦੀ ਪੂਰੀ ਟੀਮ 28।2 ਓਵਰਾਂ ਵਿੱਚ 217 ਦੌੜਾਂ ਬਣਾ ਕੇ ਆਲ ਆਊਟ ਹੋ ਗਈ।

**ਭਾਰਤੀ ਬੱਲੇਬਾਜ਼ਾਂ ਦਾ ਜ਼ਬਰਦਸਤ ਪ੍ਰਦਰਸ਼ਨ**

ਇਸ ਤੋਂ ਪਹਿਲਾਂ ਭਾਰਤ ਨੇ ਸ਼ੁਭਮਨ ਗਿੱਲ (104) ਅਤੇ ਸ਼੍ਰੇਅਸ ਅਈਅਰ (105) ਦੀ ਸੈਂਕੜੇ ਵਾਲੀ ਸਾਂਝੇਦਾਰੀ ਦੀ ਬਦੌਲਤ 5 ਵਿਕਟਾਂ 'ਤੇ 399 ਦੌੜਾਂ ਬਣਾਈਆਂ। ਇਸ ਵਿੱਚ ਕੇਐਲ ਰਾਹੁਲ ਨੇ 51 ਦੌੜਾਂ ਅਤੇ ਸੂਰਿਆਕੁਮਾਰ ਨੇ 72 ਦੌੜਾਂ ਦੀ ਅਜੇਤੂ ਪਾਰੀ ਖੇਡੀ। ਈਸ਼ਾਨ ਅਤੇ ਕਿਸ਼ਨ 31 ਦੌੜਾਂ ਬਣਾ ਕੇ ਆਊਟ ਹੋਏ। ਕੈਮਰੂਨ ਗ੍ਰੀਨ ਨੇ ਦੋ ਵਿਕਟਾਂ ਹਾਸਲ ਕੀਤੀਆਂ।






# ਚੱਬੇਵਾਲ ਤੋਂ ਕਾਂਗਰਸ ਦੇ ਵਿਧਾਇਕ ਰਾਜ ਕੁਮਾਰ 'ਆਪ' 'ਚ ਸ਼ਾਮਲ

**ਹੁਸ਼ਿਆਰਪੁਰ–** ਕਾਂਗਰਸ ਦੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਉਪ ਨੇਤਾ ਅਤੇ ਚੱਬੇਵਾਲ ਤੋਂ ਵਿਧਾਇਕ ਡਾਕਟਰ ਰਾਜ ਕੁਮਾਰ ਨੇ ਕਾਂਗਰਸ ਅਤੇ ਵਿਧਾਇਕ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦਾ ਹੁਸ਼ਿਆਰਪੁਰ ਤੋਂ ਆਮ ਆਦਮੀ ਪਾਰਟੀ ਦਾ ਲੋਕ ਸਭਾ ਤੋਂ ਉਮੀਦਵਾਰ ਬਣਨਾ ਤੈਅ ਹੈ। ਇਸ ਤੋਂ ਪਹਿਲਾਂ ਕਾਂਗਰਸ ਦੇ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀਪੀ ਆਪ ਵਿੱਚ ਸ਼ਾਮਲ ਚੁੱਕੇ ਹਨ। ਉਨ੍ਹਾਂ ਨੂੰ ਫ਼ਤਹਿਗੜ੍ਹ ਸਾਹਿਬ ਤੋਂ ਲੋਕ ਸਭਾ ਦਾ ਉਮੀਦਵਾਰ ਬਣਾਇਆ ਗਿਆ ਹੈ। 54 ਸਾਲਾ ਰਾਜ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਚੱਬੇਵਾਲ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਵਜੋਂ ਅਸਤੀਫਾ ਦੇ ਦਿੱਤਾ ਹੈ। ਉੱਘੇ ਦਲਿਤ ਆਗੂ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ



ਧਿਰ ਦੇ ਉਪ ਨੇਤਾ ਸਨ। ਚੰਡੀਗੜ੍ਹ ਤੋਂ ਖ਼ਬਰ ਏਜੰਸੀ ਮੁਤਾਬਕ ਸ੍ਰੀ ਰਾਜ ਕੁਮਾਰ ਦਾ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਉਹ ਹਫ਼ਤੇ ਦੇ ਅੰਦਰ 'ਆਪ' ਵਿੱਚ ਸ਼ਾਮਲ ਹੋਣ ਵਾਲੇ ਪੰਜਾਬ ਦੇ ਦੂਜੇ ਕਾਂਗਰਸੀ ਆਗੂ ਹਨ। 'ਆਪ' ਸੂਬਾ ਇਕਾਈ ਨੇ ਐਕਸ 'ਤੇ ਪੰਜਾਬੀ 'ਚ ਪੋਸਟ 'ਚ ਕਿਹਾ ਕਿ ਡਾ. ਰਾਜ ਕੁਮਾਰ ਦੇ ਸ਼ਾਮਲ ਹੋਣ ਨਾਲ ਪਾਰਟੀ ਹੋਰ ਮਜ਼ਬੂਤ ਹੋਈ ਹੈ। ਚੱਬੇਵਾਲ ਤੋਂ ਵਿਧਾਇਕ ਭਗਵੰਤ ਮਾਨ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ 'ਆਪ' 'ਚ ਸ਼ਾਮਲ ਹੋ ਗਏ ਹਨ। ਪਾਰਟੀ ਵੱਲੋਂ ਉਨ੍ਹਾਂ ਨੂੰ ਬਹੁਤ-ਬਹੁਤ ਵਧਾਈਆਂ। ਸੂਤਰਾਂ ਨੇ ਦੱਸਿਆ ਕਿ 'ਆਪ' ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਡਾ। ਰਾਜ ਕੁਮਾਰ ਚੱਬੇਵਾਲ ਨੂੰ ਉਮੀਦਵਾਰ ਬਣਾ ਸਕਦੀ ਹੈ।

# ਭਾਜਪਾ ਵੱਲੋਂ 72 ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ

**ਨਵੀਂ ਦਿੱਲੀ–** ਭਾਜਪਾ ਨੇ ਬੁੱਧਵਾਰ ਨੂੰ ਅਗਾਮੀ ਲੋਕ ਸਭਾ ਚੋਣਾਂ ਲਈ 72 ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕਰ ਦਿੱਤੀ ਹੈ। ਉੱਘੇ ਗਾਇਕ ਹੰਸ ਰਾਜ ਹੰਸ ਨੂੰ ਦਿੱਲੀ ਤੋਂ ਟਿਕਟ ਨਹੀਂ ਮਿਲੀ। ਸੂਚੀ ਦੇ ਕੁਝ ਪ੍ਰਮੁੱਖ ਉਮੀਦਵਾਰਾਂ ਵਿਚ ਹਰਸ਼ ਮਲਹੋਤਰਾ (ਪੂਰਬੀ ਦਿੱਲੀ), ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ (ਕਰਨਾਲ), ਰਾਓ ਇੰਦਰਜੀਤ ਸਿੰਘ (ਗੁੜਗਾਉਂ), ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਬਸਵਰਾਜ ਬੋਮਈ (ਹਵੇਰੀ), ਪੰਕਜਾ ਮੁੰਡੇ (ਬੀਡ), ਅਨਿਲ ਬਲੂਨੀ (ਗੜ੍ਹਵਾਲ), ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਤ੍ਰਿਵੇਂਦਰ ਸਿੰਘ ਰਾਵਤ (ਹਰਿਦੁਆਰ), ਤੇਜਸਵੀ ਸੂਰਿਆ (ਬੰਗਲੌਰ ਦੱਖਣੀ), ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ (ਧਾਵੜ), ਪਿਊਸ਼ ਗੋਇਲ (ਮੁੰਬਈ ਉੱਤਰੀ), ਨਿਤਿਨ



ਗਡਕਰੀ (ਨਾਗਪੁਰ), ਅਨੁਰਾਗ ਸਿੰਘ ਠਾਕੁਰ (ਹਮੀਰਪੁਰ) ਅਤੇ ਸ਼ੋਭਾ ਕਰੰਦਲਾਜੇ (ਬੰਗਲੌਰ ਉੱਤਰੀ) ਸ਼ਾਮਲ ਹਨ। ਪਾਰਟੀ ਨੇ ਬਿਹਾਰ ਅਤੇ ਉੱਤਰ ਪ੍ਰਦੇਸ਼ ਤੋਂ ਲੋਕ ਸਭਾ ਦੇ ਕਿਸੇ ਵੀ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ। ਦਿੱਲੀ ਵਿੱਚ, ਭਾਜਪਾ ਨੇ ਦੋ ਨਵੇਂ ਉਮੀਦਵਾਰ ਮੈਦਾਨ ਵਿੱਚ ਉਤਾਰੇ ਹਨ ਜਿਨ੍ਹਾਂ 'ਚ ਪੂਰਬੀ ਦਿੱਲੀ ਤੋਂ ਹਰਸ਼ ਮਲਹੋਤਰਾ ਅਤੇ ਉੱਤਰ ਪੱਛਮੀ ਦਿੱਲੀ ਤੋਂ ਯੋਗੇਂਦਰ ਚੰਦੋਲੀਆ ਸ਼ਾਮਲ ਹਨ। ਦਿੱਲੀ ਤੋਂ ਪਾਰਟੀ ਦੇ ਮੌਜੂਦਾ ਸੰਸਦ ਮੈਂਬਰਾਂ ਗੌਤਮ ਗੰਭੀਰ ਅਤੇ ਹੰਸ ਰਾਜ ਹੰਸ ਨੂੰ ਇਸ ਵਾਰ ਟਿਕਟ ਨਹੀਂ ਮਿਲੀ। ਇਸ ਦੇ ਨਾਲ ਹੀ ਭਾਜਪਾ ਵਿੱਚ ਸ਼ਾਮਲ ਹੋਏ ਅਸ਼ੋਕ ਤੰਵਰ ਨੂੰ ਹਰਿਆਣਾ ਦੇ ਸਿਰਸਾ ਵਿੱਚ ਮੌਜੂਦਾ ਸੰਸਦ ਮੈਂਬਰ ਸੁਨੀਤਾ ਦੁੱਗਲ ਦੀ ਥਾਂ ਟਿਕਟ ਮਿਲੀ ਹੈ।

# ਪ੍ਰਭੂਸੱਤਾ ਖ਼ਤਰੇ ਵਿਚ ਹੋਈ ਤਾਂ ਪਰਮਾਣੂ ਹਥਿਆਰ ਵਰਤਣ ਲਈ ਤਿਆਰ: ਪੂਤਿਨ



**ਮਾਸਕੋ–** ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਹੈ ਕਿ ਜੇਕਰ ਉਨ੍ਹਾਂ ਦੀ ਪ੍ਰਦੇਸ਼ਕ ਅਖੰਡਤਾ, ਪ੍ਰਭੂਸੱਤਾ ਜਾਂ ਆਜ਼ਾਦੀ ਲਈ ਕੋਈ ਖ਼ਤਰਾ ਪੈਦਾ ਹੁੰਦਾ ਹੈ ਤਾਂ ਰੂਸ ਪਰਮਾਣੂ ਹਥਿਆਰ ਵਰਤਣ ਲਈ ਤਿਆਰ ਹੈ। ਉਂਜ ਰੂਸੀ ਸਦਰ ਨੇ ਆਸ ਜਤਾਈ ਕਿ ਅਮਰੀਕਾ ਖਿੱਤੇ ਵਿਚ ਅਜਿਹੀਆਂ ਕਾਰਵਾਈਆਂ ਤੋਂ ਬਚੇਗਾ ਜੋ ਪਰਮਾਣੂ ਟਕਰਾਅ ਨੂੰ ਹੱਲਾਸ਼ੇਰੀ ਦੇ ਸਕਦੀਆਂ ਹਨ। ਪੂਤਿਨ ਦਾ ਇਹ ਬਿਆਨ ਇਸ ਹਫ਼ਤੇ ਹੋਣ ਵਾਲੀ ਰਾਸ਼ਟਰਪਤੀ ਚੋਣ ਤੋਂ ਪਹਿਲਾਂ ਪੱਛਮ ਨੂੰ ਇਕ ਹੋਰ ਚਿਤਾਵਨੀ ਹੈ। ਪੂਤਿਨ ਦਾ ਇਨ੍ਹਾਂ ਚੋਣਾਂ ਵਿਚ 6ਵੀਂ ਵਾਰ ਰੂਸ ਦਾ ਰਾਸ਼ਟਰਪਤੀ ਬਣਨਾ ਲਗਪਗ ਤੈਅ ਹੈ।

ਰੂਸ ਦੇ ਸਰਕਾਰੀ ਟੀਵੀ ਨੂੰ ਦਿੱਤੀ ਇੰਟਰਵਿਊ ਦੌਰਾਨ ਪੂਤਿਨ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਤਜਰਬੇਕਾਰ ਸਿਆਸਤਦਾਨ ਹਨ ਜਿਨ੍ਹਾਂ ਨੂੰ ਟਕਰਾਅ ਦੇ ਸੰਭਾਵੀ ਖ਼ਤਰਿਆਂ ਦੀ ਪੂਰੀ ਸਮਝ ਹੈ। ਪੂਤਿਨ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਵਿਸ਼ਵ ਪਰਮਾਣੂ ਜੰਗ ਵੱਲ ਵੱਧ ਰਿਹਾ ਹੈ। ਰੂਸੀ ਰਾਸ਼ਟਰਪਤੀ ਨੇ ਹਾਲਾਂਕਿ ਜ਼ੋਰ ਦੇ ਕੇ ਆਖਿਆ ਕਿ ਰੂਸੀ ਪਰਮਾਣੂ ਬਲ ਤਿਆਰ-ਬਰ-ਤਿਆਰ ਹਨ। ਪੂਤਿਨ ਨੂੰ ਜਦੋਂ ਪੁੱਛਿਆ ਕਿ ਕੀ ਯੂਕਰੇਨ ਨਾਲ ਜੰਗ ਦੌਰਾਨ ਕਦੇ ਪਰਮਾਣੂ ਹਥਿਆਰ ਵਰਤਣ ਬਾਰੇ ਵਿਚਾਰ ਆਇਆ ਹੋਵੇ ਤਾਂ ਰੂਸੀ ਰਾਸ਼ਟਰਪਤੀ ਨੇ ਕਿਹਾ ਕਿ ਇਸ ਦੀ ਕੋਈ ਲੋੜ ਨਹੀਂ ਹੈ। ਪੂਤਿਨ ਨੇ ਵਿਸ਼ਵਾਸ ਜਤਾਇਆ ਕਿ ਮਾਸਕੋ ਯੂਕਰੇਨ ਵਿਚ ਲੋੜੀਂਦਾ ਟੀਚਾ ਹਾਸਲ ਕਰ ਲਏਗਾ। ਉਂਜ ਉਨ੍ਹਾਂ ਨਾਲ ਹੀ ਇਹ ਗੱਲ ਵੀ ਆਖੀ ਕਿ ਗੱਲਬਾਤ ਦੇ ਦਰ ਖੁੱਲ੍ਹੇ ਹਨ। ਰਾਸ਼ਟਰਪਤੀ ਨੇ ਕਿਹਾ ਕਿ ਯੂਕਰੇਨ ਵੱਲੋਂ ਪਿਛਲੇ ਦਿਨਾਂ ਵਿਚ ਰੂਸ ਦੇ ਧੁਰ ਅੰਦਰ ਕੀਤੇ ਡਰੋਨ ਹਮਲੇ ਦੇਸ਼ ਵਿਚ ਹੋਣ ਵਾਲੀਆਂ ਤਿੰਨ ਰੋਜ਼ਾ ਰਾਸ਼ਟਰਪਤੀ ਚੋਣਾਂ ਨੂੰ ਲੀਹੋਂ ਲਾਹੁਣ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਹੈ।






# ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਸਾਹਿਤਕਾਰ-ਅਨੁਵਾਦਕ ਜਗਦੀਸ਼ ਰਾਏ ਕੁਲਰੀਆਂ ਨੂੰ ਅਨੁਵਾਦ ਪੁਰਸਕਾਰ

ਮਾਲਵੇ ਇਲਾਕੇ ਅਤੇ ਖਾਸ ਕਰਕੇ ਮਾਨਸਾ ਦੇ ਬਰੇਟਾ ਸ਼ਹਿਰ ਨਾਲ ਸੰਬੰਧਿਤ, ਪੰਝੀ ਸਾਲਾਂ ਤੋਂ ਸਾਹਿਤ ਦੀ ਸੇਵਾ ਵਿੱਚ ਰੁਝੇ, ਪੰਜਾਬੀ ਮਿੰਨੀ ਕਹਾਣੀ ਲਈ ਇਕ ਸੰਸਥਾ ਦੇ ਰੂਪ 'ਚ ਦਿਨ ਰਾਤ ਮਿਹਨਤ ਕਰ ਰਹੇ ਜ਼ਗਦੀਸ਼ ਰਾਏ ਕੁਲਰੀਆਂ ਦੀ ਮਿਹਨਤ ਰੰਗ ਲਿਆਈ ਹੈ। 'ਭਾਰਤੀ ਸਾਹਿਤ ਅਕਾਦਮੀ ਦਿੱਲੀ' ਨੇ ਇਸ ਹੋਣਹਾਰ ਸੁਹਿਰਦ ਬਹੁ-ਪੱਖੀ ਸਾਹਿਤਕਾਰ ਨੂੰ 'ਅਨੁਵਾਦ ਐਵਾਰਡ' ਦੇਣ ਦਾ ਐਲਾਨ ਕੀਤਾ ਹੈ। ਉਹਨਾਂ ਨੂੰ ਇਹ ਸਨਮਾਨ ਹਿੰਦੀ ਦੇ ਸਥਾਪਿਤ ਨਾਵਲਕਾਰ ਸ਼ਰਦ ਪਗਾਰੇ ਦੇ ਚਰਚਿਤ ਨਾਵਲ 'ਗੁਲਾਰਾ ਬੇਗਮ' ਨੂੰ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਕਰਨ ਲਈ ਦਿੱਤਾ ਗਿਆ ਹੈ। ਬਹੁ-ਵਿਧਾਵੀ,ਬਹੁ-ਭਾਸ਼ੀ, ਬਹੁ-ਦਿਸ਼ਾਵੀ ਸੋਚ ਦੇ ਮਾਲਕ ਜਗਦੀਸ਼ ਰਾਏ ਕੁਲਰੀਆਂ ਅੱਜ ਕੱਲ ਮਿੰਨੀ ਕਹਾਣੀ ਦੇ ਖੇਤਰ ਵਿੱਚ ਹਿੰਦੀ ਸਮੇਤ ਦੂਸਰੀਆਂ ਭਾਰਤੀ ਭਾਸ਼ਾਵਾਂ ਅਤੇ ਪੰਜਾਬੀ ਭਾਸ਼ਾ ਵਿਚਕਾਰ ਪੁੱਲ ਦਾ ਕੰਮ ਕਰ ਰਿਹਾ ਹੈ। ਨਾਲ ਦੀ ਨਾਲ ਸਾਹਿਤ ਦੀਆਂ ਹੋਰ ਵਿਧਾਵਾਂ ਵਿਅੰਗ, ਲੇਖ, ਕਹਾਣੀ, ਨਾਵਲ, ਕਵਿਤਾ, ਹਾਇਕੂ, ਮੁਲਾਕਾਤਾਂ ਲਈ ਵੀ ਉਹਨੀ ਹੀ ਸ਼ਿੱਦਤ ਨਾਲ ਕੰਮ ਕਰ ਰਿਹਾ ਹੈ।

ਸਾਲ 1978 ਵਿੱਚ ਪਿੰਡ ਕੁਲਰੀਆਂ ਜ਼ਿਲ੍ਹਾ ਮਾਨਸਾ ਦੀ ਪਵਿੱਤਰ ਧਰਤੀ ਤੇ ਸੂਰਜ ਦੀ ਪਹਿਲੀ ਕਿਰਨ ਵੇਖਦਿਆਂ ਉਸਨੇ ਪਿਤਾ ਸ਼੍ਰੀ ਪ੍ਰੇਮ ਕੁਮਾਰ ਗਰਗ ਅਤੇ ਮਾਤਾ ਸ਼੍ਰੀਮਤੀ ਸੰਤੋਸ਼ ਰਾਣੀ ਦੇ ਘਰ ਜਨਮ ਲਿਆ। ਪੰਜਾਬੀ ਹਿੰਦੀ ਵਿੱਚ ਆਪਣੇ ਵਿਚਾਰਾਂ, ਜਜ਼ਬਾਤਾਂ, ਤਜਰਬਿਆਂ ਨੂੰ ਕਾਗਜ਼ਾਂ ਦੀ ਹਿੱਕ ਤੇ ਉਲੀਕਣ ਵਾਲੇ ਇਸ ਲੋਕ-ਲੇਖਕ ਦੀ ਪਹਿਚਾਨ ਦੇਸ਼ ਵਿਦੇਸ਼ ਤੱਕ ਹੈ। ਮਾਂ ਬੋਲੀ ਪੰਜਾਬੀ ਦੀ ਝੋਲੀ ਅਨੇਕਾਂ ਮੌਲਿਕ ਪੁਸਤਕਾਂ- ਹਾਸ਼ੀਏ ਤੋਂ ਮੁੜਦੀ ਜ਼ਿੰਦਗੀ (ਨਾਟਕ), ਸੰਵਾਦ ਤੇ ਸਿਰਜਣਾ-ਭਾਗ ਪਹਿਲਾ (ਮਿੰਨੀ ਕਹਾਣੀ ਲੇਖਕਾਂ ਨਾਲ ਮੁਲਾਕਾਤਾਂ,ਆਲੋਚਨਾ), ਸੰਵਾਦ ਤੇ ਸਿਰਜਣਾ-ਭਾਗ ਦੂਜਾ (ਮਿੰਨੀ ਕਹਾਣੀ ਲੇਖਕਾਂ ਨਾਲ ਮੁਲਾਕਾਤਾਂ, ਆਲੋਚਨਾ), ਰਿਸ਼ਤਿਆਂ ਦੀ ਨੀਂਹ (ਮਿੰਨੀ ਕਹਾਣੀ ਸੰਗ੍ਰਹਿ), ਜਦੋਂ ਇਤਿਹਾਸ ਬਣਦਾ ਹੈ ((ਮਿੰਨੀ ਕਹਾਣੀ ਸੰਗ੍ਰਹਿ),ਖੱਬੀਖ਼ਾਨ (ਪੰਜਾਬੀ ਵਿਅੰਗਕਾਰਾਂ ਨਾਲ ਮੁਲਾਕਾਤਾਂ, ਆਲੋਚਨਾ) ਆਦਿ ਤਾਂ ਪਾਈਆਂ ਹੀ ਹਨ ਨਾਲ ਦੀ ਨਾਲ ਅਨੁਵਾਦਿਤ ਪੁਸਤਕਾਂ-ਤਾਰਾ ਮੰਡਲ (ਮਿੰਨੀ ਕਹਾਣੀ ਸੰਗ੍ਰਹਿ ਹਿੰਦੀ ਤੋਂ ਪੰਜਾਬੀ),



ਡ੍ਰਾਰਾਮ ਕੁਮਾਰ ਘੋਟੜ ਦੀਆਂ ਹਿੰਦੀ ਲਘੂਕਥਾਵਾਂ (ਹਿੰਦੀ ਤੋਂ ਪੰਜਾਬੀ), ਕਦੇ ਵੀ-ਕੁੱਝ ਵੀ (ਮਿੰਨੀ ਕਹਾਣੀ ਸੰਗ੍ਰਹਿ ਹਿੰਦੀ ਤੋਂ ਪੰਜਾਬੀ), ਨਾਵਲ 'ਗੁਲਾਰਾ ਬੇਗਮ' (ਮੂਲ ਲੇਖਕ ਸ਼ਰਦ ਪਗਾਰੇ, ਹਿੰਦੀ ਤੋਂ ਪੰਜਾਬੀ), ਬਾਲਕਾਂਡ (ਮਿੰਨੀ ਕਹਾਣੀ ਸੰਗ੍ਰਹਿ, ਹਿੰਦੀ ਤੋਂ ਪੰਜਾਬੀ), ਦੇਵੀ ਨਾਗਰਾਣੀ ਦੀ ਸਿੰਧੀ 'ਚ ਲਿਖੀ ਕਹਾਣੀਆਂ ਦੀ ਕਿਤਾਬ 'ਗੁਲਸ਼ਨ ਕੌਰ ਤੇ ਹੋਰ ਕਹਾਣੀਆਂ' ਦਾ ਪੰਜਾਬੀ ਅਨੁਵਾਦ, ਫ਼ਿਓਦੋਰ ਦੋਸਤੋਵਸਕੀ ਦਾ ਨਾਵਲ 'ਇਕ ਰੂਪੋਸ਼ ਆਦਮੀ ਦੀ ਡਾਇਰੀ' ਦਾ ਪੰਜਾਬੀ ਵਿੱਚ ਅਨੁਵਾਦ ਕਰਕੇ ਪੰਜਾਬੀ ਸਾਹਿਤ-ਭੰਡਾਰ ਵਿੱਚ ਵਾਧਾ ਵੀ ਕੀਤਾ ਹੈ।ਸੰਪਾਦਨ ਅਤੇ ਸਹਿ-ਸੰਪਾਦਨ ਦੇ ਕੰਮ ਵਿੱਚ ਕੁਲਰੀਆਂ ਦੀ ਮਿਹਨਤ ਮੂੰਹੋਂ ਬੋਲਦੀ ਹੈ- ਪੰਜਾਬੀ ਮਿੰਨੀ ਕਹਾਣੀ ਦਾ ਵਰਤਮਾਨ(ਮਿੰਨੀ ਕਹਾਣੀ ਸੰਗ੍ਰਹਿ), ਆਓ ਜਿਊਣ ਜੋਗੇ ਹੋਈਏ (ਸਿਹਤ ਚੇਤਨਾ ਸੰਬੰਧੀ ਲੇਖ ਸੰਗ੍ਰਹਿ), ਮੈਂ ਪਾਣੀ ਕਹਾਂ ਕਹਾਣੀ (ਲੇਖ ਸੰਗ੍ਰਹਿ), ਪੰਜਵਾਂ ਥੰਮ੍ਹ (ਮਿੰਨੀ ਕਹਾਣੀ ਸੰਗ੍ਰਹਿ),ਤਾਰੇ ਕਰਨ ਇਸ਼ਾਰੇ (ਬਾਲ ਰਚਨਾਵਾਂ) ਆਦਿ ਪੁਸਤਕਾਂ ਵਿੱਚ ਛੋਟੀ ਉਮਰੇ ਵੱਡੀਆਂ ਮੱਲਾਂ ਮਾਰਨ ਵਾਲੇ ਜਗਦੀਸ਼ ਕੁਲਰੀਆਂ ਜੀ ਨੇ ਖੋਜ ਕਾਰਜਾਂ ਵਿੱਚ ਵੀ ਆਪਣੀ ਸੂਝ ਦਾ ਸਬੂਤ ਦਿੱਤਾ ਹੈ- ਪੰਜਾਬੀ ਔਰ ਹਿੰਦੀ ਲਘੂਕਥਾ ਕਾ ਤੁਲਨਾਤਮਕ ਅਧਿਐਨ (ਹਿੰਦੀ) ਰਾਹੀਂ ਜੋ ਕਿ ਵਿਦਿਆਰਥੀਆਂ ਅਤੇ ਸਿਖਿਆਰਥੀਆਂ ਲਈ ਇਕ ਮੀਲ ਪੱਥਰ ਸਾਬਤ ਹੋਵੇਗੀ।

ਮੈਗਜ਼ੀਨਾਂ- 'ਮਿੰਨੀ', 'ਮਿੰਨੀ ਕਹਾਣੀ', 'ਛਿਣ', 'ਸ਼ਬਦ ਤ੍ਰਿੰਜਣ', 'ਮਹਿਰਮ', 'ਘਰ ਸ਼ਿੰਗਾਰ', 'ਸ਼ਬਦ ਬੂੰਦ', 'ਹਿੰਦੁਸਤਾਨ ਟਾਈਮਜ਼ ਪੰਜਾਬੀ', 'ਕਾਰਨਾਮੇ ਪੰਜਾਬ' ਅਤੇ 'ਆਪਣੀ ਆਵਾਜ਼' ਤੋਂ ਇਲਾਵਾ ਪੰਜਾਬੀ ਹਿੰਦੀ ਦੇ ਭਾਰਤੀ ਅਤੇ ਵਿਦੇਸ਼ੀ ਅਖਬਾਰਾਂ ਵਿੱਚ ਇਹਨਾਂ ਦੀਆਂ ਰਚਨਾਵਾਂ ਅਤੇ ਕਾਲਮ ਲਗਾਤਾਰ ਛਪਦੇ ਰਹਿੰਦੇ ਹਨ। ਜਗਦੀਸ਼ ਰਾਏ ਕੁਲਰੀਆਂ ਦੇ ਘਰ ਦੀਆਂ ਦੀਵਾਰਾਂ ਉਪਰ ਸਜੇ ਸਨਮਾਨ ਪੱਤਰ ਮੁੱਖੋਂ ਬੋਲਦੇ ਹਨ ਕਿ ਦੇਸ਼ ਦੀਆਂ ਸਾਹਿਤਕ ਸੰਸਥਾਵਾਂ ਨੇ ਕਿਵੇਂ ਇਹਨਾਂ ਦੀ ਪ੍ਰਤਿਭਾ ਨੂੰ ਪਹਿਚਾਣਿਆ ਹੈ।

ਅਕਾਦਮੀ ਦਾ ਵਕਾਰੀ ਐਵਾਰਡ ਮਿਲਣ ਤੇ ਦੇਸ਼ ਵਿਦੇਸ਼ ਦੇ ਸਾਹਿਤਕਾਰਾਂ ਵੱਲੋਂ ਵਧਾਈ ਸੰਦੇਸ਼ ਮਿਲ ਰਹੇ ਹਨ।'ਅਦਾਰਾ ਸ਼ਬਦ ਤ੍ਰਿੰਜਣ' ਦੇ ਸੰਪਾਦਕੀ ਬੋਰਡ ਦੇ ਸਤਿਕਾਰਿਤ ਮੈਂਬਰਾਂ ਸੁਖਦਰਸ਼ਨ ਗਰਗ ਰੁਬਾਈਕਾਰ ਅਤੇ ਸਟੇਟ ਐਵਾਰਡੀ ਅਮਰਜੀਤ ਸਿੰਘ ਪੇਂਟਰ, 'ਪੇਂਡੂ ਸਾਹਿਤ ਸਭਾ ਬਾਲਿਆਂ ਵਾਲੀ ਵੱਲੋਂ, 'ਬਾਰੂ ਰਾਮ ਮੈਮੋਰੀਅਲ ਸ਼ਬਦ ਤ੍ਰਿੰਜਣ ਵੈਲਫੇਅਰ ਐਂਡ ਕਲਚਰਲ ਸੁਸਾਇਟੀ (ਰਜਿ.) ਬਠਿੰਡਾ' ਵੱਲੋਂ ਅਤੇ ਬਲਿਹਾਰ ਸਿੰਘ ਲੇਹਲ ਪ੍ਰਧਾਨ ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਵੱਲੋਂ,ਰਾਇਲ ਕੁਲੈਕਟਰ ਸੁਸਾਇਟੀ (ਰਜਿ.) ਬਠਿੰਡਾ ਵੱਲੋਂ ਅਤੇ ਸਾਹਿਤ ਸਿਰਜਣਾ ਮੰਚ (ਰਜਿ.) ਬਠਿੰਡਾ ਵੱਲੋਂ ਭਰਾਵਾਂ ਵਰਗੇ ਦੋਸਤ ਅਤੇ ਪੰਜਾਬੀ ਦੇ ਵਿਕਾਸ ਲਈ ਨਿਰੰਤਰ ਯਤਨਸ਼ੀਲ ਕੁਲਰੀਆਂ ਨੂੰ ਢੇਰ ਮੁਬਾਰਕਾਂ।

**ਮੰਗਤ ਕੁਲਜਿੰਦ, ਸੰਪਾਦਕ 'ਸ਼ਬਦ ਤ੍ਰਿੰਜਣ' ਬਠਿੰਡਾ**
**+91 94177-53892 ,**
**+1 425 286 0163 (ਸਿਆਟਲ)**

# ਪੰਜਾਬੀ ਨੌਜਵਾਨ ਨੂੰ ਜਬਰਨ ਰੂਸੀ ਫੌਜ 'ਚ ਭਰਤੀ ਕਰ ਕੇ ਯੂਕਰੇਨ ਖਿਲਾਫ਼ ਯੁੱਧ 'ਚ ਉਤਾਰਿਆ

**ਨਵਾਂਸ਼ਹਿਰ-** ਬਲਾਚੌਰ ਦੇ ਰਹਿਣ ਵਾਲੇ ਇਕ ਨੌਜਵਾਨ ਨੂੰ ਰੂਸੀ ਪੁਲਿਸ ਨੇ ਡਰਾ ਧਮਕਾ ਕੇ ਰੂਸ ਦੀ ਫੌਜ 'ਚ ਭਰਤੀ ਕਰ ਲਿਆ ਤੇ ਉਸਨੂੰ ਯੂਕਰੇਨ ਖਿਲਾਫ਼ ਜੰਗ 'ਚ ਭੇਜ ਦਿੱਤਾ। ਸੂਬੇ ਤੋਂ ਰੂਸ ਗਏ ਸੱਤ ਨੌਜਵਾਨਾਂ ਨੂੰ ਰੂਸੀ ਪੁਲਿਸ ਨੇ ਜਬਰੀ ਫੌਜ 'ਚ ਭਰਤੀ ਕਰ ਲਿਆ ਜਿਸ ਦੀ ਪਿਛਲੇ ਕਈ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਚਰਚਾ ਹੋ ਰਹੀ ਹੈ। ਇਨ੍ਹਾਂ ਨੌਜਵਾਨਾਂ 'ਚੋਂ ਇਕ ਬਲਾਚੌਰ ਦੇ ਪਿੰਡ ਗਰਲੋਬੇਟ ਦਾ ਹੈ। ਇਹ ਨੌਜਵਾਨ ਟੂਰਿਸਟ ਵੀਜ਼ਾ 'ਤੇ ਰੂਸ ਘੁੰਮਣ ਗਿਆ ਸੀ। ਉੱਥੇ ਉਸ ਨੂੰ ਜਬਰਨ ਫੌਜ 'ਚ ਭਰਤੀ ਕਰ ਲਿਆ ਗਿਆ।



ਪਿੰਡ ਗਰਲੋਬੇਟ ਦੇ ਵਸਨੀਕ ਗੁਰਵੰਤ ਸਿੰਘ ਤੇ ਗੁਰਮੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦਾ 21 ਸਾਲਾ ਲੜਕਾ ਨਰਾਇਣ ਸਿੰਘ ਪਿੰਡ 'ਚ ਹੀ ਰਹਿ ਕੇ ਖੇਤੀ ਕਰਦਾ ਸੀ। ਅਕਤੂਬਰ 2023 'ਚ ਉਹ ਇਕ ਵਾਰ ਰੂਸ ਦੀ ਯਾਤਰਾ 'ਤੇ ਗਿਆ ਸੀ ਤੇ ਵਾਪਸ ਆ ਗਿਆ। ਇਸ ਤੋਂ ਬਾਅਦ 26 ਦਸੰਬਰ 2023 ਨੂੰ ਉਹ ਮੁੜ ਟੂਰਿਸਟ ਵੀਜ਼ਾ 'ਤੇ ਆਪਣੇ ਕੁਝ ਦੋਸਤਾਂ ਨਾਲ ਰੂਸ ਘੁੰਮਣ ਗਿਆ। ਉੱਥੇ ਆਪਣੇ ਨਾਲ ਸਿਰਫ 6000 ਰੁਪਏ ਲੈ ਗਿਆ। ਉਸ ਨੇ ਦੱਸਿਆ ਸੀ ਕਿ ਉਹ ਤੇ ਉਸ ਦੇ ਦੋਸਤ ਇਕੱਠੇ ਪੈਸੇ ਖਰਚ ਕਰ ਰਹੇ ਹਨ, ਇਸ ਲਈ ਪੈਸਿਆਂ ਦੀ ਦਿੱਕਤ ਨਹੀਂ ਆਵੇਗੀ।

ਇਕ ਹਫ਼ਤਾ ਪਹਿਲਾਂ ਨਰਾਇਣ ਸਿੰਘ ਨੇ ਆਪਣੇ ਮਾਤਾ-ਪਿਤਾ ਨੂੰ ਫ਼ੋਨ ਕਰ ਕੇ ਦੱਸਿਆ ਸੀ ਕਿ ਰੂਸੀ ਪੁਲਿਸ ਨੇ ਉਨ੍ਹਾਂ ਫੜ ਲਿਆ ਹੈ ਤੇ ਕਹਿ ਰਹੀ ਹੈ ਕਿ ਜਾਂ ਤਾਂ ਫੌਜ 'ਚ ਭਰਤੀ ਹੋ ਜਾਓ ਜਾਂ ਫਿਰ ਉਹ ਲੋਕ ਉਨ੍ਹਾਂ ਨੂੰ 10 ਸਾਲ ਲਈ ਜੇਲ੍ਹ ਭੇਜ ਦੇਣਗੇ। ਇਸ ਤੋਂ ਬਾਅਦ ਉਨ੍ਹਾਂ ਨੂੰ ਕਾਗਜ਼ਾਂ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਗਿਆ ਤੇ ਫੌਜ 'ਚ ਭਰਤੀ ਕਰ ਲਿਆ ਗਿਆ। ਇਸ ਤੋਂ ਬਾਅਦ ਉਨ੍ਹਾਂ ਨੂੰ 15 ਦਿਨਾਂ ਦੀ ਟ੍ਰੇਨਿੰਗ ਦਿੱਤੀ ਗਈ। ਟਰੇਨਿੰਗ ਤੋਂ ਬਾਅਦ ਉਨ੍ਹਾਂ ਨੂੰ ਯੁੱਧ ਲਈ ਯੂਕਰੇਨ ਭੇਜ ਦਿੱਤਾ ਗਿਆ। ਨਰਾਇਣ ਸਿੰਘ ਦੇ ਮਾਪਿਆਂ ਨੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਬਹੁਤ ਡਰਿਆ ਹੋਇਆ ਸੀ ਤੇ ਮਿੰਨਤਾਂ ਕਰ ਰਿਹਾ ਸੀ ਕਿ ਉਸ ਨੂੰ ਕਿਸੇ ਤਰ੍ਹਾਂ ਇੱਥੋਂ ਕੱਢ ਲਿਆ ਜਾਵੇ। ਨਰਾਇਣ ਸਿੰਘ ਦੇ ਛੋਟੇ ਭਰਾ ਲਖਵਿੰਦਰ ਸਿੰਘ ਨੇ ਦੱਸਿਆ ਕਿ ਨਰਾਇਣ ਸਿੰਘ ਤੇ ਉਸਦੇ ਦੋਸਤਾਂ ਨੇ ਇੱਕ ਵੀਡੀਓ ਸਾਂਝੀ ਕੀਤੀ ਹੈ ਜਿਸ ਵਿੱਚ ਉਹ ਟੈਕਸੀ ਵਿੱਚ ਘੁੰਮਣ ਲਈ ਟੂਰਿਸਟ ਵੀਜ਼ੇ 'ਤੇ ਬੇਲਾਰੂਸ ਗਏ ਸਨ। ਜਦੋਂ ਟੈਕਸੀ ਡਰਾਈਵਰ ਨੇ ਪੈਸੇ ਮੰਗੇ ਤਾਂ ਉਸ ਕੋਲ ਦੇਣ ਲਈ ਕੋਈ ਪੈਸਾ ਨਹੀਂ ਸੀ। ਜਿਸ ਤੋਂ ਬਾਅਦ ਟੈਕਸੀ ਡਰਾਈਵਰ ਨੇ ਉਨ੍ਹਾਂ ਨੂੰ ਪੁਲਸ ਹਵਾਲੇ ਕਰ ਦਿੱਤਾ, ਜਿਸ ਤੋਂ ਬਾਅਦ ਪੁਲਿਸ ਨੇ ਜ਼ਬਰਦਸਤੀ ਉਸ ਨੂੰ ਫੌਜ 'ਚ ਭਰਤੀ ਕਰ ਲਿਆ। ਨਰਾਇਣ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਕੇਂਦਰ ਸਰਕਾਰ ਤੇ ਰਾਜ ਸਰਕਾਰ ਤੋਂ ਉਨ੍ਹਾਂ ਦੇ ਪੁੱਤਰ ਨੂੰ ਸੁਰੱਖਿਅਤ ਭਾਰਤ ਲਿਆਉਣ ਦੀ ਅਪੀਲ ਕੀਤੀ ਹੈ।

## Matrimonials

Looking for professional compatible educated girl for Ramdasia (weaver) Sikh doctor working in California 38 years old, never married, 5' 8" tall, father's gotra Sandhi mother's gotra Bains, caste no bar. For more information:
**WhatsApp +91 8360876705,**
**Email: sukhdevnorthridge@gmail.com**

---

Seeking a suitable match for Ramdasia/Ravidasia Sikh boy, born October 1984, height- 5' 7", divorcee (previous marriage lasted for less than a month, which ended with divorce and was settled with mutual understanding), Australian citizen, working as a vocational education teacher, postgraduate in psychology. Both parents are deceased. **Contact/Whatsapp: +61 401251614, Email - devmahey84@yahoo.co.in**

---

US Citizen boy, Ravidassia Ad-Dharmi (SC) Punjabi well educated Engineer (Bachelors and Masters degree), 35 years old, Height 5"9", Looking for suitable bride match from Punjabi Ravidassia Ad-Dharmi SC Community.
All family settled in the US.
**Please send biodata and pictures as: Email: jrjeet1993@gmail.com**


## "ਦੇਸ਼ ਦੁਆਬਾ"
### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

**ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ**

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

## ਵਿਧਾਨ ਸਭਾ ਸੈਸ਼ਨ 'ਚ ਬਸਪਾ ਵਿਧਾਇਕ ਡਾ ਨਛੱਤਰ ਪਾਲ ਨੇ ਕਾਂਸ਼ੀ ਰਾਮ, ਕਾਮਰੇਡ ਸੁਰਜੀਤ ਤੇ ਗਿਆਨੀ ਜੈਲ ਸਿੰਘ ਨੂੰ ਭਾਰਤ ਰਤਨ ਦੇਣ ਦੀ ਮੰਗ ਉਠਾਈ





**ਫਗਵਾੜਾ–** ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਡਾ ਨਛੱਤਰ ਪਾਲ ਨੇ ਵਿਧਾਨ ਸਭਾ ਸੈਸ਼ਨ ਦੌਰਾਨ ਬੋਲਦਿਆ ਆਖਿਆ ਕਿ ਪੰਜਾਬ ਦੀਆਂ ਵਿੱਚ ਪ੍ਰਮੁੱਖ ਸ਼ਖਸੀਅਤਾਂ ਵਿੱਚ ਬਹੁਜਨ ਸਮਾਜ ਪਾਰਟੀ ਬਾਮਸੇਫ ਡੀਐਸ ਫੋਰ ਦੇ ਬਾਨੀ ਸਾਹਿਬ ਕਾਂਸੀ ਰਾਮ ਜੀ ਜਿਨਾਂ ਸਾਰਾ ਜੀਵਨ ਦਲਿਤ ਪਿਛੜੇ ਵਰਗਾਂ ਦੀ ਤਰੱਕੀ ਲਈ ਲਗਾਇਆ, ਗਰੀਬਾਂ ਦਾ ਅੰਦੋਲਨ ਬਸਪਾ ਨੂੰ ਦੇਸ਼ ਦੀ ਤੀਸਰੇ ਦਰਜੇ ਦੀ ਰਾਸ਼ਟਰੀ ਪਾਰਟੀ ਬਣਾਇਆ ਜੋ ਕਿ ਪਿਛਲੇ 27 ਸਾਲਾਂ ਤੋਂ ਰਾਸ਼ਟਰੀ ਪਾਰਟੀ ਹੈ।

ਦੂਸਰੀ ਸ਼ਖਸ਼ੀਅਤ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਜਿਨਾਂ ਸਾਰਾ ਜੀਵਨ ਗਰੀਬਾਂ ਦੀ ਆਰਥਿਕ ਆਜ਼ਾਦੀ ਲਈ ਲਗਾਇਆ, 40 ਸਾਲ ਆਪਣੀ ਰਾਸ਼ਟਰੀ ਪਾਰਟੀ ਦੀ ਪੋਲਤ ਬਿਊਰੋ ਦੇ ਮੈਂਬਰ ਰਹੇ, 13 ਸਾਲ ਆਪਣੀ ਪਾਰਟੀ ਦੇ ਜਨਰਲ ਸਕੱਤਰ ਰਹੇ। ਪੰਜਾਬ ਦੀ ਤੀਜੀ ਪ੍ਰਮੁੱਖ ਸ਼ਖਸ਼ੀਅਤ ਦੇਸ਼ ਦੇ ਪਹਿਲੇ ਸਿੱਖ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਜੀ ਹਨ, ਜੋਕਿ ਓਬੀਸੀ ਵਰਗਾ ਨਾਲ ਵੀ ਸਬੰਧਿਤ ਹਨ। ਇਹਨਾਂ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਭਾਰਤ ਰਤਨ ਦੇਣ ਲਈ ਪੰਜਾਬ ਵਿਧਾਨ ਸਭਾ ਮਤਾ ਪਾਸ ਕਰੇ ਕਿ ਕੇਂਦਰ ਸਰਕਾਰ ਇਹਨਾਂ ਤਿੰਨਾਂ ਹੀ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਭਾਰਤ ਰਤਨ ਦੇਵੇ ਅਤੇ ਪੰਜਾਬ ਸਰਕਾਰ ਇਹਨਾਂ ਤਿੰਨਾਂ ਪ੍ਰਮੁੱਖ ਸ਼ਖਸ਼ੀਅਤਾਂ ਦੇ ਨਾਮ ਤੇ ਸਬੰਧਿਤ ਜਿਲ੍ਹਿਆਂ ਵਿੱਚ ਵੱਡੀਆਂ ਯਾਦਗਾਰਾਂ ਸਥਾਪਿਤ ਕਰੇ।

## ਸੱਤਾ 'ਚ ਆਉਣ 'ਤੇ ਵਿਰੋਧੀ ਗਠਜੋੜ ਇੰਡੀਆ ਕਿਸਾਨਾਂ ਦੀ ਆਵਾਜ਼ ਬਣੇਗਾ- ਰਾਹੁਲ



**ਨਾਸਿਕ–** ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਅੱਜ ਕਿਹਾ ਕਿ ਜੇ ਵਿਰੋਧੀ ਪਾਰਟੀਆਂ ਦਾ ਗਠਜੋੜ 'ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ' (ਇੰਡੀਆ) ਸੱਤਾ 'ਚ ਆਉਂਦਾ ਹੈ ਤਾਂ ਇਹ 'ਕਿਸਾਨਾਂ ਦੀ ਆਵਾਜ਼' ਬਣੇਗਾ ਅਤੇ ਉਨ੍ਹਾਂ ਦੀ ਸੁਰੱਖਿਆ ਕਰਨ ਵਾਲੀਆਂ ਨੀਤੀਆਂ ਬਣਾਏਗਾ। ਉਹ ਕਾਂਗਰਸ ਦੀ 'ਭਾਰਤ ਜੋੜੋ ਨਿਆਏ ਯਾਤਰਾ' ਤਹਿਤ ਐਨਸੀਪੀ (ਐਸਪੀ) ਦੇ ਮੁਖੀ ਸ਼ਰਦ ਪਵਾਰ ਅਤੇ ਸ਼ਿਵ ਸੈਨਾ (ਯੂਬੀਟੀ) ਦੇ ਸੰਸਦ ਮੈਂਬਰ ਸੰਜੇ ਰਾਊਤ ਦੇ ਨਾਲ ਮਹਾਰਾਸ਼ਟਰ ਦੇ ਨਾਸਿਕ ਜ਼ਿਲ੍ਹੇ ਦੇ ਚੰਦਵਾੜ ਵਿੱਚ ਕਿਸਾਨ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਸ੍ਰੀ ਗਾਂਧੀ ਨੇ ਕਿਹਾ, 'ਵਿਰੋਧੀ ਗੱਠਜੋੜ ਇੰਡੀਆ ਦੀ ਸਰਕਾਰ ਕਿਸਾਨਾਂ ਦੀ ਆਵਾਜ਼ ਬਣੇਗੀ ਅਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਕੰਮ ਕਰੇਗੀ।'

## ਸਾਹਿਬ ਕਾਸ਼ੀ ਰਾਮ ਜੀ ਦੇ ਨਾਮ ਤੇ ਡਿਗਰੀ ਕਾਲਜ ਦਾ ਕੰਮ ਜਲਦੀ ਤੋਂ ਜਲਦੀ ਸ਼ੁਰੂ ਕਰਵਾਇਆ ਜਾਵੇ -ਵਿਧਾਇਕ ਸੁਖਵਿੰਦਰ ਕੋਟਲੀ



**ਫਗਵਾੜਾ (ਬੀ.ਕੇ.ਰੱਤੂ)–** ਆਦਮਪੁਰ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਅੱਜ ਪੰਜਾਬ ਵਿਧਾਨ ਸਭਾ ਵਿੱਚ ਕਾਂਗਰਸ ਸਰਕਾਰ ਸਮੇਂ ਆਦਮਪੁਰ ਹਲਕੇ ਵਿੱਚ ਸਾਹਿਬ ਕਾਸ਼ੀ ਰਾਮ ਜੀ ਦੇ ਨਾਮ ਤੇ ਡਿਗਰੀ ਕਾਲਜ ਦਾ ਐਲਾਨ ਕੀਤਾ ਸੀ। ਭਗਵੰਤ ਮਾਨ ਸਰਕਾਰ ਨੇ ਉਸ ਕਾਲਜ ਦੀ ਜ਼ਮੀਨ ਲਈ ਪੱਤਰ ਲਿਖਿਆ ਅਤੇ ਨਗਰ ਕੌਂਸਲ ਆਦਮਪੁਰ ਨੇ ਜ਼ਮੀਨ ਮੁਹੱਈਆ ਕਰਵਾ ਦਿੱਤੀ ਹੈ। ਪਰ ਅਫ਼ਸੋਸ ਵਾਲੀ ਗੱਲ ਹੈ ਸਰਕਾਰ ਦੇ ਬਜਟ ਵਿੱਚ ਆਦਮਪੁਰ ਦੇ ਡਿਗਰੀ ਕਾਲਜ ਲਈ ਕੋਈ ਤਜਵੀਜ਼ ਨਹੀਂ ਰੱਖੀ ਗਈ ਹੈ। ਸਰਕਾਰ ਤੋਂ ਮੰਗ ਕਰਦਾ ਹਾਂ, ਜਲਦੀ ਕਾਲਜ ਦਾ ਕੰਮ ਜਲਦੀ ਤੋਂ ਜਲਦੀ ਸ਼ੁਰੂ ਕਰਵਾਇਆ ਜਾਵੇ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


## ਭਾਰਤ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਦੀ ਹਾਲਤ ਖ਼ਰਾਬ, ਹਸਪਤਾਲ 'ਚ ਭਰਤੀ



**ਪੁਣੇ–** ਸਾਬਕਾ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੂੰ ਬੁਖਾਰ ਅਤੇ ਛਾਤੀ ਵਿਚ ਇਨਫੈਕਸ਼ਨ ਤੋਂ ਬਾਅਦ ਮਹਾਰਾਸ਼ਟਰ ਦੇ ਪੁਣੇ ਸ਼ਹਿਰ ਦੇ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ ਅਤੇ ਉਨ੍ਹਾਂ ਦੀ ਹਾਲਤ ਸਥਿਰ ਹੈ। ਸਾਬਕਾ ਰਾਸ਼ਟਰਪਤੀ ਪਾਟਿਲ (89) ਨੂੰ ਬੁੱਧਵਾਰ ਨੂੰ ਭਾਰਤੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਸੀ। ਪਾਟਿਲ ਭਾਰਤ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਸੀ। ਉਹ 2007 ਤੋਂ 2012 ਤੱਕ ਇਸ ਅਹੁਦੇ 'ਤੇ ਰਹੇ।


NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928



RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834


ਪਠਾਨਕੋਟ ਖਬਰਨਾਮਾ / - ਰਾਜਿੰਦਰ ਸਿੰਘ ਪਠਾਨਕੋਟ

# ਕੈਬਨਿਟ ਮੰਤਰੀ ਪੰਜਾਬ ਸ਼੍ਰੀ ਲਾਲ ਚੰਦ ਕਟਾਰੂਚੱਕ ਨੇ ਰੱਖਿਆ ਨਰੋਟ ਜੈਮਲ ਸਿੰਘ ਵਿਖੇ ਸੀਵਰੇਜ ਅਤੇ ਸੀਵਰੇਜ ਟ੍ਰੀਟਮੈਂਟ ਪਲਾਂਟ ਦੇ ਨਿਰਮਾਣ ਕਾਰਜ ਦਾ ਨੀਂਹ ਪੱਥਰ

**ਪਠਾਨਕੋਟ–** ਅੱਜ ਦਾ ਦਿਨ ਵਿਧਾਨ ਸਭਾ ਹਲਕਾ ਭੋਆ ਦੇ ਨਰੋਟ ਜੈਮਲ ਸਿੰਘ ਦੇ ਲੋਕਾਂ ਲਈ ਬਹੁਤ ਹੀ ਮਹੱਤਵਪੂਰਨ ਦਿਨ ਹੈ ਕਿ ਅੱਜ ਨਰੋਟ ਜੈਮਲ ਸਿੰਘ ਨਿਵਾਸੀਆਂ ਦੀ ਸੁਵਿਧਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਮੁੱਖ ਮੰਤਰੀ ਪੰਜਾਬ ਸ। ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਖੇਤਰ ਨੂੰ ਸੀਵਰੇਜ ਦੀ ਸੁਵਿਧਾ ਦਿੱਤੀ ਗਈ ਹੈ ਅਤੇ ਸੀਵਰੇਜ ਅਤੇ ਸੀਵਰੇਜ ਟ੍ਰੀਟਮੈਂਟ ਪਲਾਂਟ ਦੇ ਨਿਰਮਾਣ ਕਾਰਜ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਨਰੋਟ ਜੈਮਲ ਸਿੰਘ ਵਿਖੇ ਸੀਵਰੇਜ ਅਤੇ ਸੀਵਰੇਜ ਟ੍ਰੀਟਮੈਂਟ ਪਲਾਂਟ ਦੇ ਨਿਰਮਾਣ ਕਾਰਜ ਦਾ ਨੀਂਹ ਪੱਥਰ ਰੱਖਣ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਦਵਤੇਸ ਵਿਰਦੀ ਕਾਰਜਕਾਰੀ ਇੰਜੀਨਿਅਰ, ਲੁਕੇਂਦਰ ਵਰਮਾ ਉਪ ਮੰਡਲ ਇੰਜੀਨਿਅਰ, ਜਗਦੀਪ ਸਿੰਘ ਜੇ.ਈ., ਲਾਡੀ, ਬੱਬੀ, ਕੋਕੋ ਕਰਮਚੰਦ, ਗੁਰਦਾਸ ਚੋਹਾਣ, ਕੈਪਟਨ ਬੋਧ ਰਾਜ, ਸਰਦਾਰੀ ਲਾਲ ਨੰਬਰਦਾਰ, ਸੁਰਿੰਦਰ ਕੁਮਾਰ, ਮਾਸਟਰ ਤਰਸੇਮ ਲਾਲ ਅਤੇ ਹੋਰ ਪਾਰਟੀ ਕਾਰਜ ਕਰਤਾ ਵੀ ਹਾਜ਼ਰ ਸਨ। ਇਸ ਮੌਕੇ ਤੇ ਇਸ ਮੌਕੇ ਤੇ ਸੰਬੋਧਨ ਕਰਦਿਆਂ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਅੱਜ ਦਾ ਦਿਨ ਬਹੁਤ ਇਤਿਹਾਸਿਕ ਹੈ ਕਿ ਮੁੱਖ ਮੰਤਰੀ ਪੰਜਾਬ ਸ। ਭਗਵੰਤ ਸਿੰਘ ਮਾਨ ਨੇ ਸਰਹੱਦੀ ਪਿੰਡ ਨਰੋਟ ਜੈਮਲ ਸਿੰਘ ਨੂੰ ਬਹੁਤ ਵੱਡਾ ਤੋਹਫਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਨਰੋਟ ਜੈਮਲ ਸਿੰਘ ਵਿਖੇ ਕਰੀਬ 17 ਕਰੋੜ ਰੁਪਏ ਦੀ ਲਾਗਤ ਨਾਲ ਸੀਵਰੇਜ ਅਤੇ ਸੀਵਰੇਜ ਟ੍ਰੀਟਮੈਂਟ ਪਲਾਂਟ ਲਗਾਇਆ ਜਾਵੇਗਾ ਅਤੇ ਖੇਤਰ ਦੇ ਲੋਕਾਂ ਨੂੰ ਸੀਵਰੇਜ ਦੀ ਸੁਵਿਧਾ ਮਿਲ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਅੰਦਰ ਕਰੀਬ 415 ਕਿਲੋਮੀਟਰ ਸੀਵਰੇਜ ਲਾਈਨ ਪਾਈ ਜਾਵੇਗੀ ਅਤੇ ਲੋਕਾਂ ਦੇ ਘਰ੍ਹਾਂ ਦੇ ਨਾਲ ਜੋੜਿਆ ਜਾਵੇਗਾ, ਉਨ੍ਹਾਂ ਕਿਹਾ ਕਿ ਆਧੁਨਿਕ ਤਕਨੀਕ ਦੇ ਨਾਲ ਸੀਵਰੇਜ ਦੀ ਵਿਵਸਥਾ ਕੀਤੀ ਜਾਵੇਗੀ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ।



ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੇ ਉਪਰਾਲਿਆਂ ਸਦਕਾ ਰਾਵੀ ਤੋਂ ਪਾਰ ਨਰੋਟ ਜੈਮਲ ਸਿੰਘ ਸਾਈਡ ਤੇ ਹੁਣ ਤੱਕ ਦਾ ਸਭ ਤੋਂ ਵੱਡੇ ਪ੍ਰੋਜੈਕਟ ਦਾ ਨਿਰਮਾਣ ਕਾਰਜ ਅੱਜ ਸੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਦਾ ਰੰਗਲਾ ਪੰਜਾਬ ਬਣਾਉਂਣ ਦਾ ਸਪਨਾ ਜਿਸ ਦੇ ਲਈ ਉਹ ਦਿਨ ਰਾਤ ਮਿਹਨਤ ਕਰ ਰਹੇ ਹਨ। ਇਹ ਉਸ ਦਾ ਅਸਰ ਦਿਖਾਈ ਦੇ ਰਿਹਾ ਹੈ ਕਿ ਸਰਹੱਦੀ ਪਿੰਡਾਂ ਨੂੰ ਸੀਵਰੇਜ ਵਰਗੀਆਂ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾ ਵੀ ਸਰਹੱਦੀ ਪਿੰਡਾਂ ਅੰਦਰ ਪੰਜ ਆਮ ਆਦਮੀ ਕਲੀਨਿਕ, 41 ਲੱਖ ਰੁਪਏ ਬਮਿਆਲ ਦੀ ਆਈ।ਟੀ।ਆਈ। ਨੂੰ 61 ਲੱਖ ਰੁਪਏ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਰੋਟ ਜੈਮਲ ਸਿੰਘ ਨੂੰ ਅਪਗ੍ਰੇਟ ਕਰਨ ਲਈ ਸਰਕਾਰ ਵੱਲੋਂ ਦਿੱਤਾ ਗਿਆ ਹੈ। ਇਸ ਦੇ ਲਈ ਉਹ ਮੁੱਖ ਮੰਤਰੀ ਪੰਜਾਬ ਸ। ਭਗਵੰਡ ਸਿੰਘ ਮਾਨ ਦਾ ਬਹੁਤ ਧੰਨਵਾਦ ਕਰਦੇ ਹਨ ਕਿ ਉਨ੍ਹਾਂ ਦੇ ਉਪਰਾਲਿਆਂ ਸਦਕਾ ਅੱਜ ਜਨਤਾ ਨੂੰ ਸੀਵਰੇਜ ਦੀ ਬਹੁਤ ਵੱਡੀ ਸੋਗਾਤ ਮਿਲੀ ਹੈ।

# ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਮਲਿਕਪੁਰ ਤੋਂ ਕੈਬਨਿਟ ਮੰਤਰੀ ਪੰਜਾਬ ਸ਼੍ਰੀ ਲਾਲ ਚੰਦ ਕਟਾਰੂਚੱਕ ਨੇ ਧਾਰਮਿਕ ਯਾਤਰਾ ਲਈ ਸਰਧਾਲੂਆਂ ਦੀ ਬੱਸ ਕੀਤੀ ਰਵਾਨਾ

**ਪਠਾਨਕੋਟ–** ਪੰਜਾਬ ਦੇ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਲੋਕਾਂ ਦੀ ਧਾਰਮਿਕ ਆਸਥਾਂ ਨੂੰ ਧਿਆਨ ਵਿੱਚ ਰੱਖ ਕੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਸ਼ੁਰੂ ਕੀਤੀ ਗਈ ਹੈ ਲੋਕਾਂ ਵਿੱਚ ਧਾਰਮਿਕ ਸਥਾਨਾਂ ਦੀ ਯਾਤਰਾ ਨੂੰ ਲੈ ਕੇ ਖੁਸ਼ੀ ਦੀ ਲਹਿਰ ਹੈ , ਅੱਜ ਵਿਧਾਨ ਸਭਾ ਹਲਕਾ ਭੋਆ ਦੇ ਮਲਿਕਪੁਰ ਤੋਂ 42 ਸ਼ਰਧਾਲੂਆਂ ਨੂੰ ਲੈਕੇ ਇੱਕ ਬੱਸ ਸ੍ਰੀ ਅਨੰਦਪੁਰ ਸਾਹਿਬ, ਮਾਤਾ ਨੈਨਾ ਦੇਵੀ, ਮਾਤਾ ਚਿੰਤਪੂਰਨੀ ਅਤੇ ਮਾਤਾ ਜਵਾਲਾ ਜੀ ਦੇ ਦਰਸਨਾ ਲਈ ਲਈ ਰਵਾਨਾ ਹੋਈ ਹੈ ਉਹ ਸਾਰੇ ਯਾਤਰੀਆਂ ਦੇ ਲਈ ਮੰਗਲ ਕਾਮਨਾ ਕਰਦੇ ਹਨ ਕਿ ਉਨ੍ਹਾਂ ਦੀ ਯਾਤਰਾ ਸਫਲ ਹੋਵੇ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਮਲਿਕਪੁਰ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਅਧੀਨ ਸਰਧਾਲੂਆਂ ਦੀ ਭਰੀ ਬੱਸ ਨੂੰ ਰਵਾਨਾ ਕਰਨ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਬਲਾਕ ਪ੍ਰਧਾਨ ਪਵਨ ਕੁਮਾਰ ਫੋਜੀ, ਖੁਸਬੀਰ ਕਾਟਲ, ਐਡਵੋਕੇਟ ਰਮੇਸ ਕੁਮਾਰ, ਸੋਹਣ ਲਾਲ ਬਲਾਕ ਪ੍ਰਧਾਨ, ਕੌਂਸਲਰ ਰੀਤਿਕਾ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਕਾਰਜਕਰਤਾ ਹਾਜ਼ਰ ਸਨ।



ਇਸ ਮੋਕੇ ਤੇ ਸੰਬੋਧਤ ਕਰਦਿਆਂ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਵੱਖ ਵੱਖ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਪੰਜਾਬ ਸਰਕਾਰ ਨੇ ਪਹਿਲ ਕਦਮੀ ਕਰਦਿਆਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਸ਼ੁਰੂ ਕੀਤੀ ਹੈ ਉਸ ਅਧੀਨ ਅੱਜ ਵਿਧਾਨ ਸਭਾ ਹਲਕਾ ਭੋਆ ਤੋਂ 9ਵੀਂ ਬੱਸ ਧਾਰਮਿਕ ਸਥਾਨਾਂ ਦੇ ਦਰਸਨਾ ਲਈ ਰਵਾਨਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇੱਕ ਉਪਰਾਲਾ ਕੀਤਾ ਗਿਆ ਹੈ ਕਿ ਪੰਜਾਬ ਅਤੇ ਹੋਰ ਬਾਹਰੀ ਸੂਬਿਆਂ ਅੰਦਰ ਸਥਿਤ ਧਾਰਮਿਕ ਸਥਾਨਾਂ ਦੇ ਦਰਸਨਾ ਦੇ ਲਈ ਲੋਕਾਂ ਨੂੰ ਮੁਫ਼ਤ ਯਾਤਰਾ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅੱਜ ਜਿਲ੍ਹਾ ਪਠਾਨਕੋਟ ਦੇ ਵਿਧਾਨ ਸਭਾ ਹਲਕਾ ਭੋਆ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਧੀਨ 9ਵੀਂ ਬੱਸ 42 ਸ਼ਰਧਾਲੂਆਂ ਨੂੰ ਲੈਕੇ ਸ੍ਰੀ ਅਨੰਦਪੁਰ ਸਾਹਿਬ, ਮਾਤਾ ਨੈਨਾ ਦੇਵੀ, ਮਾਤਾ ਚਿੰਤਪੂਰਨੀ ਅਤੇ ਮਾਤਾ ਜਵਾਲਾ ਜੀ ਦੇ ਦਰਸਨਾ ਲਈ ਰਵਾਨਾ ਹੋਈ ਹੈ। ਇਸ ਤਰ੍ਹਾਂ ਦੀ ਹੋਰ ਵੀ ਬੱਸਾਂ ਵੱਖ ਵੱਖ ਧਾਰਮਿਕ ਸਥਾਨਾਂ ਦੇ ਦਰਸਨਾਂ ਲਈ ਜਿਲ੍ਹਾ ਪਠਾਨਕੋਟ ਤੋਂ ਰਵਾਨਾਂ ਹੋਣਗੀਆਂ।

ਉਨ੍ਹਾਂ ਕਿਹਾ ਕਿ ਧਾਰਮਿਕ ਸਥਾਨਾਂ ਦੇ ਦਰਸਨਾਂ ਤੇ ਜਾ ਰਹੇ ਸਰਧਾਲੂਆਂ ਨੂੰ ਪੰਜਾਬ ਸਰਕਾਰ ਵੱਲੋਂ ਭੇਜੀ ਗਈ ਇੱਕ ਇੱਕ ਕਿੱਟ ਵੀ ਵੰਡੀ ਗਈ ਹੈ ਜਿਸ ਵਿੱਚ ਯਾਤਰਾ ਦੌਰਾਨ ਉਨ੍ਹਾਂ ਨੂੰ ਲੋੜੀਦੇ ਸਮਾਨ ਸਾਮਲ ਹੈ। ਉਨ੍ਹਾਂ ਦੱਸਿਆ ਕਿ ਯਾਤਰੀਆਂ ਦੇ ਰਹਿਣ ਅਤੇ ਭੋਜਨ ਦੀ ਵਿਵਸਥਾ ਸਰਕਾਰ ਵੱਲੋਂ ਪਹਿਲਾ ਤੋਂ ਹੀ ਕਰ ਲਈ ਗਈ ਹੈ ਅਤੇ ਬੱਸ ਦੇ ਨਾਲ ਇੱਕ ਵਿਸ਼ੇਸ ਤੋਰ ਤੇ ਮੈਡੀਕਲ ਟੀਮ ਵੀ ਰਵਾਨਾਂ ਕੀਤੀ ਗਈ ਹੈ ਤਾਂ ਜੋ ਸਰਦਾਲੂਆਂ ਨੂੰ ਯਾਤਰਾ ਕਰਦੇ ਸਮੇਂ ਕਿਸੇ ਕਿਸਮ ਦੀ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਜੋ ਦਿਨ ਆਵਹਿ ਸੋ ਦਿਨ ਜਾਹੀ ॥ ਕਰਨਾ ਕੂਚੁ ਰਹਨੁ ਥਿਰੁ ਨਾਹੀ ॥



ਸ਼੍ਰੀ ਸੁਖਦੇਵ ਮਦਾੜ੍ਹਾ

ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀ ਸੁਖਦੇਵ ਮਦਾੜ੍ਹਾ ਜੀ (ਪਿੰਡ: ਸੂਰਾ ਪੁਰ, ਨਵਾਂਸ਼ਹਿਰ, ਪੰਜਾਬ) ਸ਼ਨੀਵਾਰ 2 ਮਾਰਚ 2024 ਨੂੰ ਸੈਨ ਰਮੋਨ, ਕੈਲੀਫੋਰਨੀਆਂ ਵਿਖੇ ਆਪਣੀਂ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਹਨ।

ਅੰਤਿਮ ਸੰਸਕਾਰ
Chapel of Chimes: 32992 Mission Blvd. Hayward, CA 94544
ਸਮਾਂ: ਐਤਵਾਰ 17 ਮਾਰਚ 2024
ਦੁਪਹਿਰ 12:30 ਵਜੇ

ਅੰਤਿਮ ਅਰਦਾਸ
ਸੰਸਕਾਰ ਤੋਂ ਬਾਅਦ ਸਮੂਹ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸ਼੍ਰੀ ਸੁਖਦੇਵ ਮਦਾੜ੍ਹਾ ਜੀ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਹੈ।
ਗੁਰਦੁਆਰਾ ਸਾਹਿਬ ਫਰੀਮਾਂਟ
300 Gurdwara Rd. Fremont, CA 94536

ਪਰਿਵਾਰ ਦਾ ਸੰਪਰਕ:
ਸੁਨੀਤਾ ਮਦਾੜ੍ਹਾ (ਬੇਟੀ): 209-817-6372
ਹਰਦੀਪ ਮਦਾੜ੍ਹਾ (ਬੇਟਾ):925-329-8400
ਜਸਬਿੰਦਰ ਮਦਾੜ੍ਹਾ (ਮਹਾਜਨ) (ਭਰਾ): 916-596-8720

ਅਦਾਰਾ 'ਦੇਸ਼ ਦੁਆਬਾ' ਇਸ ਦੁੱਖ ਦੀ ਘੜੀ 'ਚ ਦੁਖੀ ਪਰਿਵਾਰ ਨਾਲ ਦਿਲੋਂ ਦੁੱਖ ਪ੍ਰਗਟ ਕਰਦਾ ਹੈ।

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

In Loving Memory of



December 28, 1938 - March 5, 2024

With a heavy heart, we announce the passing of our beloved Mother leaving her memories in our hearts. Please join us to honor her life and legacy of love.

SMT. GURBACHAN KAUR

MARCH
SUNDAY 24 12:30PM

CHAPEL OF THE CHIMES
32992 MISSION BLVD, HAYWARD, CA 94544

For the peace of the Departed Soul

ANTIM ARDAS WILL FOLLOW
Gurdwara Sahib - Fremont
300 Gurdwara Rd., Fremont, CA 94536

Dr. Harmesh Kumar @ (925) 285-9881

ਅਦਾਰਾ 'ਦੇਸ਼ ਦੁਆਬਾ' ਇਸ ਦੁੱਖ ਦੀ ਘੜੀ 'ਚ ਦੁਖੀ ਪਰਿਵਾਰ ਨਾਲ ਦਿਲੋਂ ਦੁੱਖ ਪ੍ਰਗਟ ਕਰਦਾ ਹੈ।

# ਆਰਮੀ ’ਚ ਅੰਮ੍ਰਿਤਧਾਰੀ ਨੌਜਵਾਨ ਮਨਸਿਮਰਤ ਸਿੰਘ ਸਿੰਗਾਪੁਰ ਵਿਖੇ ਕਮਿਸ਼ਨਿੰਗ ਪ੍ਰੇਡ ’ਚ ਸ਼ਾਮਿਲ ਹੋ ਫੌਜੀ ਅਫ਼ਸਰ ਬਣਿਆ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਵਿਦੇਸ਼ਾਂ ਦੀ ਫੌਜ ਦੇ ਵਿਚ ਸਾਰੇ ਲਿਖਤੀ ਅਤੇ ਸਰੀਰਕ ਪ੍ਰੀਖਿਆਵਾਂ ਪਾਸ ਕਰਕੇ ਜਿੱਥੇ ਸ਼ਾਮਿਲ ਹੋਣਾ ਵੱਡੀ ਪ੍ਰਾਪਤੀ ਹੁੰਦੀ ਹੈ, ਉਥੇ ਆਪਣੇ ਚੰਗੇ ਵਿਵਹਾਰ, ਅਗਲੇਰੀ ਪੜ੍ਹਾਈ ਅਤੇ ਕੰਮ ਕਰਨ ਦੇ ਜ਼ਜਬੇ ਦੇ ਨਾਲ ਆਫੀਸਰ ਕੈਡੇਟ ਕੋਰਸ ਕਰਕੇ ਕਮਿਸ਼ਨਿੰਗ ਪ੍ਰੇਡ ਦੇ ਵਿਚ ਪਾਸਿੰਗ ਆਊਟ ਕਰਕੇ ਫੌਜੀ ਅਫ਼ਸਰ ਬਣ ਜਾਣਾ ਸੱਚਮੁੱਚ ਮਾਣ ਵਾਲੀ ਗੱਲ ਹੁੰਦੀ ਹੈ। ਨਿਊਜ਼ੀਲੈਂਡ ਅਤੇ ਦੇਸ਼-ਵਿਦੇਸ਼ ਵਸਦੇ ਭਾਰਤੀ ਭਾਈਚਾਰੇ ਨੂੰ ਇਸ ਗੱਲ ਦੀ ਖੁਸ਼ੀ ਹੋਵੇਗੀ ਕਿ 2021 ਦੇ ਵਿਚ ਇਥੇ ਦੀ ਆਰਮੀ ਦੇ ਵਿਚ ਭਰਤੀ ਹੋਇਆ ਸਿੱਖ ਜਵਾਨ ਮਨਸਿਮਰਤ ਸਿੰਘ ਨੇ ਅਗਲੀ ਮੱਲ ਮਾਰਦਿਆਂ ਹੁਣ ਨਿਊਜ਼ੀਲੈਂਡ ਆਰਮੀ ਦੀ ਤਰਫ਼ ਤੋਂ ਅੱਜ ਸਿੰਗਾਪੁਰ ਵਿਖੇ ‘ਐਸ। ਏ। ਐਫ਼।ਟੀ। ਆਈ। ਮਿਲਟਰੀ ਇੰਸਟੀਚਿਊਟ’ ਦੇ ਵਿਚ ਅੱਜ ਹੋਈ ‘ਆਫੀਸਰ ਕੈਡੇਟ ਕਮਿਸ਼ਨਿੰਗ ਪ੍ਰੇਡ’ ਦੇ ਵਿਚ ਪਾਸਿੰਗ ਵਿਚ ਹਿੱਸਾ ਲੈ ਕੇ ‘ਫੌਜੀ ਅਫਸਰ’ ਬਣ ਗਿਆ ਹੈ। ਨਿਊਜ਼ੀਲੈਂਡ ਦੀ ਆਰਮੀ ਦੇ ਵਿਚੋਂ ਪਿਛਲੇ 2 ਸਾਲਾਂ ਦੇ ਵਿਚ ਇਹ ਪਹਿਲਾ ਨੌਜਵਾਨ ਹੈ ਜਿਸ ਨੂੰ ਕਮਿਸ਼ਨ ਪੱਧਰ ਦਾ ਰੈਂਕ ਮਿਲਿਆ ਹੈ। ਇਹ ਨੌਜਵਾਨ ਨਿਊਜ਼ੀਲੈਂਡ ਫੌਜ ਦੀ ਹਾਕੀ ਟੀਮ ਦੇ ਵਿਚ ਮਨਸਿਮਰਤ ਸਿੰਘ ਕੇਸਕੀ ਬੰਨ੍ਹ ਹਾਕੀ ਮੈਦਾਨ ’ਚ ਪੁਲਿਸ ਨਾਲ ਖੇਡਦਾ ਰਿਹਾ ਹੈ। **ਕੌਣ ਹੈ ਮਨਸਿਮਰਤ ਸਿੰਘ?** 21 ਸਾਲਾ ਮਨਸਿਮਰਤ ਸਿੰਘ ਦੇ ਮਾਤਾ-ਪਿਤਾ ਇਥੇ ਬੱਕ-




ਲੈਂਡ ਬੀਚ ਵਿਖੇ ਰਹਿੰਦੇ ਹਨ। ਇਸ ਪਰਿਵਾਰ ਦਾ ਜੱਦੀ ਪਿੰਡ ਬੌੜ ਤਹਿਸੀਲ ਖਮਾਣੋ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਹੈ। 1998 ਦੇ ਵਿਚ ਇਹ ਪਰਿਵਾਰ ਇਥੇ ਆਇਆ ਸੀ। ਇਸ ਨੌਜਵਾਨ ਨੇ ਮੈਕਲੀਨ ਕਾਲਜ ਦੇ ਵਿਚ ਪੜ੍ਹਾਈ ਸ਼ੁਰੂ ਕੀਤੀ ਅਤੇ ਫਿਰ ਸਕਾਲਰਸ਼ਿੱਪ ਦੇ ਨਾਲ ਇਕ ਵਕਾਰੀ ਕਾਲਜ ਸੇਂਟ ਕੇਂਟੀਗਰਨ ਪਾਕੁਰੰਗਾ ਵਿਖੇ ਬਾਕੀ ਦੀ ਪੜ੍ਹਾਈ ਪੂਰੀ ਕੀਤੀ। ਮਨਸਿਮਰਤ ਸਿੰਘ ਨੇ 5 ਸਾਲ ਦੀ ਉਮਰ ਦੇ ਵਿਚ ਹੀ ਅੰਮ੍ਰਿਤ ਛੱਕ ਲਿਆ ਸੀ। ਉਹ ਅੰਡਰ 18 ਦੇ ਵਿਚ ਔਕਲੈਂਡ ਲਈ ਹਾਕੀ ਖੇਡ ਚੁੱਕਿਆ ਹੈ। ਉਹ ਪ੍ਰੀਮੀਅਰ ਹਾਕੀ ਟੀਮ ਹੌਵਿਕ-ਪਾਕੁਰੰਗਾ ਅਤੇ ਸੇਂਟ ਕੇਂਟਸ ਦੀ ਹਾਕੀ ਟੀਮ ਦਾ ਹਿੱਸਾ ਰਿਹਾ। ਇਹ ਨੌਜਵਾਨ ਗਤਕਾ ਵੀ ਸੋਹਣਾ ਖੇਡਦਾ ਹੈ ਤੇ ਨਿਊਜ਼ੀਲੈਂਡ ਦੀ ਗਤਕਾ ਟੀਮ ਦੇ ਵਿਚ ਕੈਨੇਡਾ, ਆਸਟਰੇਲੀਆ, ਇੰਡੀਆ ਗਿਆ ਸੀ। ਇਹ ਨੌਜਵਾਨ ਗੁਰਬਾਣੀ ਕੀਰਤਨ ਵੀ ਕਰ ਲੈਂਦਾ ਹੈ। ਨਿਊਜ਼ੀਲੈਂਡ ਫੌਜ ਦੇ ਵਿਚ ਭਰਤੀ ਹੋਣ ਬਾਅਦ ਇਸਦੀ ਡਿਊਟੀ ਸਿਸਟਮ ਇੰਜੀਨੀਅਰ ਵਜੋਂ ਲਗਾਈ ਗਈ ਹੈ। ਪਾਲਮਰਸਨ ਨੌਰਥ ਸਥਿਤ ਗੁਰਦੁਆਰਾ ਸਾਹਿਬ ਵਿਖੇ ਇਹ ਨੌਜਵਾਨ ਆਰਮੀ ਬੇਸ ਲਿਨਟਨ ਤੋਂ ਅਕਸਰ ਕੀਰਤਨ ਦੀ ਸੇਵਾ ਕਰਨ ਵੀ ਪਹੁੰਚਦਾ ਹੈ।

ਵਰਨਣਯੋਗ ਹੈ ਕਿ ਨਿਊਜ਼ੀਲੈਂਡ ਦੇ ਵਿਚ 179 ਸਾਲ ਪਹਿਲਾਂ ਹੋਂਦ ਦੇ ਵਿਚ ਆਈ ਦੇਸ਼ ਦੀ ਧਰਾਤਲ ਫੌਜ ਦਾ ਸਫਰ ਬੜਾ ਲੰਬਾ ਹੈ ਅਤੇ ਇਸ ਵੇਲੇ ਇਸ ਨੂੰ ‘ਨਿਊਜ਼ੀਲੈਂਡ ਆਰਮੀ’ ਦੇ ਤੌਰ ’ਤੇ ਜਾਣਿਆ ਜਾਂਦਾ ਹੈ। ਫੌਜ ਦੇ ਵਿਚ ਦੇਸ਼ ਦੀ ਆਬਾਦੀ ਦੇ ਮੁਤਾਬਿਕ ਕਾਫੀ ਫੌਜ ਹੈ ਅਤੇ ਪੂਰੀ ਤਰ੍ਹਾਂ ਆਧੁਨਿਕ ਹੈ। ਨਿਊਜ਼ੀਲੈਂਡ ਫੌਜ ਦੇ ਵਿਚ ਸਿੱਖਾਂ ਦੀ ਸ਼ਮੂਲੀਅਤ 2009 ਤੋਂ ਹੋ ਚੁੱਕੀ ਹੈ। ਜੂਨ 2021 ਦੇ ਵਿਚ ਇਹ ਸਿੱਖ ਨੌਜਵਾਨ ਮਨਸਿਮਰਤ ਸਿੰਘ ਸ਼ਾਮਿਲ ਹੋਇਆ ਸੀ। ਨਿਊਜ਼ੀਲੈਂਡ ਦੇ ਵਿਚ ਭਾਰਤੀ ਭਾਈਚਾਰੇ ਖਾਸ ਕਰ ਸਿੱਖ ਭਾਈਚਾਰੇ ਦਾ ਮਾਣ ਵਧਾ ਰਹੇ ਇਸ ਸਿੱਖ ਨੌਜਵਾਨ ਦੀ ਅਗਲੇਰੀ ਸਫਲਤਾ ਲਈ ਸ਼ੁੱਭ ਇਛਾਵਾਂ!

# ਸਿਡਨੀ ਤੋਂ ਔਕਲੈਂਡ ਆ ਰਿਹਾ ਜਹਾਜ਼ ਉਚਾਈ ’ਤੇ ਉਡਦਿਆਂ ਇਕਦਮ 300 ਫੁੱਟ ਹੇਠਾਂ ਖਿਸਕਿਆ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਬੀਤੇ ਕੱਲ੍ਹ ਸਿਡਨੀ ਤੋਂ ਬੋਇੰਗ 787 ਕਿਸਮ ਦਾ ਜਹਾਜ਼ 11।44 ਵਜੇ ਔਕਲੈਂਡ ਦੇ ਲਈ ਉਡਿਆ ਸੀ। 2 ਕੁ ਘੰਟੇ ਬਾਅਦ ਇਹ ਜਹਾਜ਼ ਇਕ ਦਮ 300 ਫੁੱਟ ਹੇਠਾਂ ਖਿਸਕ ਆਇਆ। ਅਚਨਚੇਤ ਅਤੇ ਤੇਜ਼ ਗਤੀ ਉਤੇ ਉਡ ਰਹੇ ਇਸ ਜਹਾਜ਼ ਦੇ ਵਿਚ ਸਵਾਰੀਆਂ ਦਾ ਸੰਤੁਲਨ ਇਸ ਕਦਰ ਵਿਗੜਿਆ ਕਿ ਜਿਹੜੀਆਂ ਸਵਾਰੀਆਂ ਬਿਨਾਂ ਬੈਲਟ ਬੈਠੀਆਂ ਸਨ, ਕੁਝ ਖਾ ਰਹੀਆਂ ਰਹੀਆਂ ਸਨ ਜਾਂ ਆਰਾਮ ਫਰਮਾ ਰਹੀਆਂ ਸਨ, ਇਕ ਦਮ ਉਪਰ ਨੂੰ ਉਲਰੀਆਂ ਅਤੇ ਛੱਤ ਨਾਲ ਜਾ ਵੱਜੀਆਂ। ਬੱਚੇ ਵੀ ਉਲਰੇ ਅਤੇ ਹੇਠਾਂ ਜਹਾਜ਼ ਦੇ ਫਰਸ਼ ਅਤੇ ਸੀਟਾਂ ਉਤੇ ਡਿਗੇ।




ਬਹੁਤ ਸਾਰੇ ਲੋਕ ਜ਼ਖਮੀ ਹੋ ਗਏ। ਇਹ ਜਹਾਜ਼ ਉਸ ਤੋਂ ਬਾਅਦ ਸੰਭਾਲ ਤਾਂ ਹੋ ਗਿਆ ਪਰ ਸਵਾਰੀਆਂ ਦੇ ਵਿਚ ਡਰ ਜਰੂਰ ਪੈਦਾ ਹੋ ਗਿਆ। ਸ਼ਾਮ 4.26 ਮਿੰਟ ਉਤੇ ਇਹ ਜਹਾਜ਼ ਔਕਲੈਂਡ ਹਵਾਈ ਅਡੇ ਉਤੇ ਉਤਰਿਆ। ਐਮਰਜੈਂਸੀ ਸੇਵਾਵਾਂ ਨੂੰ ਤੁਰੰਤ ਬੁਲਾਇਆ ਗਿਆ ਸੀ। 12-13 ਲੋਕਾਂ ਨੂੰ ਹਸਪਤਾਲ ਪਹੁੰਚਾਇਆ ਗਿਆ, ਇਨ੍ਹਾਂ ਵਿਚ ਜਹਾਜ਼ ਦੇ ਅਮਲੇ ਵਿਚੋਂ ਵੀ ਤਿੰਨ ਲੋਕ ਸਨ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਤਕਨੀਕੀ ਨੁਕਸ ਦੇ ਨਾਲ ਹੋਇਆ ਲਗਦਾ ਹੈ। ਇਸ ਦੀ ਜਾਂਚ-ਪੜ੍ਹਤਾਲ ਜਾਰੀ ਹੈ। ਸੋ ਬਿਹਤਰ ਇਹੀ ਹੋਵੇਗਾ ਕਿ ਉਡਦੀ ਫਲਾਈਟ ਦੌਰਾਨ ਬੈਲਟ ਲੱਗੀ ਰਹੇ ਤਾਂ ਜਿਆਦਾ ਸੁਰੱਖਿਆ ਬਣੀ ਰਹਿ ਸਕਦੀ ਹੈ।

# ਓਟਾਗੋ ਵਿਖੇ ਪੰਜਾਬੀ ਫਾਊਂਡੇਸ਼ਨ ਟਰੱਸਟ ਵੱਲੋਂ ਮਨਾਇਆ ਗਿਆ ‘ਅੰਤਰਰਾਸ਼ਟਰੀ ਮਹਿਲਾ ਦਿਵਸ’

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਅੱਜ ਡੁਨੇਡਿਨ (ਓਟਾਗੋ) ਵਿਖੇ ‘ਪੰਜਾਬੀ ਫਾਊਂਡੇਸ਼ਨ ਟਰੱਸਟ, ਮੀਡੀਆ ਸਾਥੀ ਰੇਡੀਓ ਸਪਾਈਸ ਅਤੇ ਪੰਜਾਬੀ ਹੈਰਲਡ ਦੇ ਉਦਮ ਸਦਕਾ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ। ਸਟੇਜ ਦਾ ਆਰੰਭ ਕਰਦਿਆਂ ਟਰੱਸਟ ਦੇ ਸੰਸਥਾਪਕ ਨਰਿੰਦਰਬੀਰ ਸਿੰਘ ਅਤੇ ਰੇਡੀਓ ਸਪਾਈਸ ਟੀਮ ਦੇ ਮੈਂਬਰਾਂ ਨੇ ਜੀ ਆਇਆਂ ਆਖ ਕੇ ਕੀਤਾ। ਇਸ ਦਿਨ ਦੀ ਮਹਾਨਤਾ ਬਾਰੇ ਜਾਣਕਾਰੀ ਦਿੰਦੇ ਪਰਚੇ ਵੰਡੇ ਗਏ। ਇਸ ਦਰਮਿਆਨ ਬਹੁਤ ਸਾਰੀਆਂ ਸਲਾਹੁਣਯੋਗ ਗਤੀਵਿਧੀਆਂ, ਪ੍ਰਸ਼ਨ ਉਤਰ ਮੁਕਾਬਲੇ, ਗਿੱਧਾ ਤੇ ਪੰਜਾਬੀ ਲੋਕ ਗੀਤ ਸ਼ਾਮਿਲ ਕਰਦਿਆਂ ਪੰਜਾਬੀ ਸਭਿਆਚਾਰਕ ਦੀ ਛਾਪ ਛੱਡੀ ਗਈ। ਇਸ ਸਮਾਗਮ ਦੇ ਵਿਚ




ਸ੍ਰੀਮਤੀ ਲੀਨਾ ਲਿਸਟਰਾ ਕੂਟਨੀਤਕ ਸਲਾਹਕਾਰ ਅਤੇ ਐਥਨਿਕ ਕਮਿਊਨਿਟੀਜ਼ (ਦੱਖਣੀ/ਕੇਂਦਰੀ) ਮੁੱਖ ਮਹਿਮਾਨ ਸਨ। ਪ੍ਰਸ਼ਨ ਉਤਰ ਮੁਕਾਬਲੇ ਵਿੱਚ ਭਾਗ ਲੈਣ ਵਾਲੀਆਂ ਜੇਤੂ ਔਰਤਾਂ ਨੂੰ ਇਨਾਮ ਦਿੱਤੇ ਗਏ। ਲੀਨਾ ਲਸਤਰਾ ਨੂੰ ਪੰਜਾਬੀ ਫੁਲਕਾਰੀ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ। ਅੰਤ ਵਿੱਚ ਗੀਤ-ਸੰਗਤ ਦਾ ਵੀ ਸਾਰੀਆਂ ਔਰਤਾਂ ਨੇ ਖੂਬ ਆਨੰਦ ਮਾਣਿਆ।

ਔਰਤਾਂ ਨੂੰ ਇਸ ਸਮਾਗਮ ਦੇ ਵਿਚ ਪ੍ਰੇਰਿਤ ਕਰਕੇ ਲਿਆਉਣ ਲਈ ਰੁਪਿੰਦਰ ਕੌਰ ਹੋਰਾਂ ਦਾ ਵੀ ਧੰਨਵਾਦ ਕੀਤਾ ਗਿਆ। ਜਿੱਥੇ ਬਹੁਤ ਸਾਰੀਆਂ ਔਰਤਾਂ ਘਰੋਂ ਪਕਵਾਨ ਲੈ ਕੇ ਪਹੁੰਚੀਆਂ ਉਥੇ ਟ੍ਰਸਟ ਦੇ ਚੇਅਰਮੈਨ ਜਤਿੰਦਰ ਨਾਗਰਾ ਗਰਮਾ-ਗਰਮ ਪੀਜ਼ੇ ਲੈ ਕੇ ਪਹੁੰਚੇ। ਇਸ ਤਰ੍ਹਾਂ ਇਹ ਅੰਤਰਰਾਸ਼ਟਰੀ ਮਹਿਲਾ ਦਿਵਸ ਔਰਤਾਂ ਅਤੇ ਬੱਚੀਆਂ ਦੇ ਵਿਚ ਇਕ ਨਵਾਂ ਜੋਸ਼ ਭਰ ਗਿਆ।







# ਐੱਸਕੇਐੱਮ ਨੂੰ 14 ਮਾਰਚ ਨੂੰ ਰਾਮਲੀਲਾ ਮੈਦਾਨ ਦਿੱਲੀ 'ਚ ਦੇਸ਼ ਪੱਧਰੀ ਮਹਾਂਪੰਚਾਇਤ/ਕਿਸਾਨ ਰੈਲੀ ਕਰਨ ਲਈ ਮਿ.ਲੀ ਇਜਾਜ਼ਤ

**ਨਵੀਂ ਦਿੱਲੀ, (ਦਲਜੀਤ ਕੌਰ)** ਦਿੱਲੀ ਪੁਲਿਸ ਵੱਲੋਂ ਸੰਯੁਕਤ ਕਿਸਾਨ ਮੋਰਚੇ (ਐੱਸਕੇਐੱਮ) ਨੂੰ 13 ਮਾਰਚ ਸਾਮ ਅਤੇ 14 ਮਾਰਚ ਨੂੰ ਰਾਮ ਲੀਲਾ ਗਰਾਊਂਡ ਦਿੱਲੀ ਵਿਚ ਰੈਲੀ ਲਈ ਇੱਕਠ ਕਰਨ ਅਤੇ ਰੈਲੀ ਕਰਨ ਦੀ ਇਜਾਜਤ ਦੇ ਦਿੱਤੀ ਹੈ, ਇਸ ਕਰਕੇ ਕਿਸਾਨ ਅਤੇ ਹੋਰ ਜਥੇਬੰਦੀਆਂ ਪੂਰੇ ਜੋਸ਼ੋ ਖਰੋਸ਼ ਨਾਲ ਆਮ ਲੋਕਾਂ ਨੂੰ ਲੈ ਕੇ ਝੰਡੇ ਅਤੇ ਬੈਨਰ ਨਾਲ ਵੱਧ ਤੋਂ ਵੱਧ 14 ਮਾਰਚ ਨੂੰ ਰਾਮ ਲੀਲਾ ਗਰਾਊਂਡ ਵਿੱਚ ਪਹੁੰਚਣਗੇ। ਇਸ ਕਿਸਾਨ ਮਜ਼ਦੂਰ ਮਹਾਂਪੰਚਾਇਤ ਲਈ ਵੱਡੀ ਗਿਣਤੀ ਵਿੱਚ ਕਿਸਾਨ ਰੇਲਾਂ ਰਾਹੀਂ ਪਹੁੰਚਣਗੇ।

ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਨੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ 14 ਮਾਰਚ ਨੂੰ ਕਿਸਾਨ ਮਜ਼ਦੂਰ ਮਹਾਪੰਚਾਇਤ ਨੂੰ ਵਿਸ਼ਾਲ ਅਤੇ ਸ਼ਾਂਤੀਪੂਰਨ ਬਣਾਉਣ ਦੀ ਅਪੀਲ ਕੀਤੀ ਹੈ। ਰਿਪੋਰਟ ਅਨੁਸਾਰ ਵੱਡੀ ਪੱਧਰ 'ਤੇ ਸ਼ਮੂਲੀਅਤ ਯਕੀਨੀ ਬਣਾਉਣ ਅਤੇ ਸਮਾਗਮ ਨੂੰ ਸਿਆਸੀ ਤੌਰ 'ਤੇ ਮਹੱਤਵਪੂਰਨ ਅਤੇ ਸਫ਼ਲ ਬਣਾਉਣ ਲਈ ਤਿਆਰੀਆਂ ਜ਼ੋਰਾਂ 'ਤੇ ਹਨ।

ਮਹਾਂਪੰਚਾਇਤ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ, ਫਿਰਕੂ, ਤਾਨਾਸ਼ਾਹੀ ਨੀਤੀਆਂ ਵਿਰੁੱਧ ਲੜਾਈ ਨੂੰ ਤੇਜ਼ ਕਰਨ ਲਈ ਖੇਤੀ, ਭੋਜਨ ਸੁਰੱਖਿਆ, ਰੋਜ਼ੀ-ਰੋਟੀ ਅਤੇ ਲੋਕਾਂ ਨੂੰ ਕਾਰਪੋਰੇਟ ਲੁੱਟ ਤੋਂ ਬਚਾਉਣ ਲਈ ਲੜਨ ਲਈ ਸੰਕਲਪ ਪੱਤਰ ਜਾਂ ਸੰਕਲਪ ਪੱਤਰ ਅਪਣਾਏਗੀ; ਲੋਕ ਸਭਾ ਦੀਆਂ ਆਗਾਮੀ ਆਮ ਚੋਣਾਂ ਦੇ ਸੰਦਰਭ ਵਿੱਚ ਮਹਾਂ ਪੰਚਾਇਤ ਕਿਸਾਨਾਂ ਦੇ ਨਾਲ-ਨਾਲ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਚੱਲ ਰਹੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਬਾਰੇ ਭਵਿੱਖੀ ਕਾਰਜ ਯੋਜਨਾ ਦਾ ਐਲਾਨ ਕਰੇਗੀ।

ਮਹਾਂਪੰਚਾਇਤ ਵਿੱਚ ਕੇਂਦਰੀ ਟਰੇਡ ਯੂਨੀਅਨਾਂ, ਹੋਰ ਟਰੇਡ ਯੂਨੀਅਨਾਂ, ਸੈਕਟਰਲ ਫੈਡਰੇਸ਼ਨਾਂ ਅਤੇ ਐਸੋਸੀਏਸ਼ਨਾਂ ਦੇ ਸਾਂਝੇ ਮੰਚ ਦੇ ਨੁਮਾਇੰਦੇ ਭਾਗ ਲੈਣਗੇ। ਇਹ ਕਿਸਾਨਾਂ ਅਤੇ ਮਜ਼ਦੂਰਾਂ ਦੇ ਮੰਚਾਂ ਦਾ ਇੱਕਜੁੱਟ ਚਿਹਰਾ ਲੋਕਾਂ ਦੇ ਮੁੱਦਿਆਂ 'ਤੇ ਸੰਘਰਸ਼ ਵਿੱਚ ਉਭਰ ਰਹੀ ਏਕਤਾ ਦੇ ਲੋਕਾਂ ਸਾਹਮਣੇ ਪੇਸ਼ ਕਰੇਗਾ। ਐੱਸਕੇਐੱਮ ਸਮੂਹ ਜਨਤਕ ਅਤੇ ਜਮਾਤੀ ਸੰਗਠਨਾਂ ਅਤੇ ਮਜ਼ਦੂਰਾਂ, ਵਿਦਿਆਰਥੀਆਂ, ਨੌਜਵਾਨਾਂ ਅਤੇ ਔਰਤਾਂ ਦੀਆਂ ਯੂਨੀਅਨਾਂ ਨੂੰ ਮਹਾਂਪੰਚਾਇਤ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਦਾ ਹੈ।

ਦਿੱਲੀ ਪੁਲਿਸ ਨੇ 14 ਮਾਰਚ 2024 ਨੂੰ ਰਾਮਲੀਲਾ ਮੈਦਾਨ ਵਿਖੇ ਮਹਾਪੰਚਾਇਤ ਕਰਵਾਉਣ ਅਤੇ ਦਿੱਲੀ ਦੇ ਨਗਰ ਪ੍ਰਸ਼ਾਸਨ ਦੇ ਸਹਿਯੋਗ ਨਾਲ ਪਾਰਕਿੰਗ ਸਥਾਨ ਅਤੇ ਪਾਣੀ, ਪਖਾਨੇ, ਐਂਬੂਲੈਂਸ ਵਰਗੀਆਂ ਹੋਰ ਬੁਨਿਆਦੀ ਸਹੂਲਤਾਂ ਦਾ ਪ੍ਰਬੰਧ ਕਰਨ ਲਈ ਐਨ।ਓ।ਸੀ। ਜਾਰੀ ਕਰ ਦਿੱਤੀ ਹੈ। ਮਹਾਂਪੰਚਾਇਤ ਵਿੱਚ ਨੇੜਲੇ ਰਾਜਾਂ ਦੇ ਕਿਸਾਨ ਸ਼ਾਮਲ ਹੋਣਗੇ। ਜ਼ਿਆਦਾਤਰ ਕਿਸਾਨ ਰੇਲ ਗੱਡੀਆਂ ਰਾਹੀਂ ਆ ਰਹੇ ਹਨ। ਬੱਸਾਂ ਅਤੇ ਚਾਰ ਪਹੀਆ ਵਾਹਨਾਂ 'ਤੇ ਸਬੰਧਤ ਸੰਸਥਾਵਾਂ ਦੇ ਝੰਡਿਆਂ ਤੋਂ ਇਲਾਵਾ ਵਿੰਡੋ ਸਟਿੱਕਰ ਹੋਣਗੇ, ਜਿਸ ਨਾਲ ਦਿੱਲੀ ਜਾਣ ਲਈ ਬਿਨਾਂ ਕਿਸੇ ਮੁਸ਼ਕਲ ਦੇ ਆਵਾਜਾਈ ਦੀ ਸਹੂਲਤ ਹੋਵੇਗੀ ਅਤੇ ਕਿਸਾਨਾਂ ਨੂੰ ਛੱਡਣ ਤੋਂ ਬਾਅਦ ਨਿਰਧਾਰਤ ਥਾਵਾਂ 'ਤੇ ਪਾਰਕ ਕੀਤਾ ਜਾਵੇਗਾ। ਦਿੱਲੀ ਪੁਲਿਸ ਭਾਗੀਦਾਰਾਂ ਦੇ ਨਾਲ-ਨਾਲ ਜਨਤਾ ਲਈ ਨਿਰਵਿਘਨ ਆਵਾਜਾਈ ਦੀ ਸਹੂਲਤ ਲਈ ਟ੍ਰੈਫਿਕ ਐਡਵਾਈਜ਼ਰੀ ਦਾ ਐਲਾਨ ਕਰੇਗੀ। ਇਹ ਮਹਾਂਪੰਚਾਇਤ 2020-21 ਵਿੱਚ ਦਿੱਲੀ ਬਾਰਡਰ 'ਤੇ ਇਤਿਹਾਸਕ ਕਿਸਾਨ ਸੰਘਰਸ਼ ਦੌਰਾਨ 13 ਮਹੀਨਿਆਂ ਦੀ ਮਿਆਦ ਵਿੱਚ 736 ਕਿਸਾਨਾਂ ਦੀਆਂ ਜਾਨਾਂ ਕੁਰਬਾਨ ਕਰਨ ਵਾਲੇ ਦ੍ਰਿੜ ਇਰਾਦੇ ਨਾਲ ਸੰਘਰਸ਼ ਦੇ ਵਿਸ਼ਾਲ ਮਾਰਗ ਨੂੰ ਦਰਸਾਉਂਦੇ ਹੋਏ ਉੱਚਤਮ ਅਨੁਸ਼ਾਸਨ ਨਾਲ ਸ਼ਾਂਤਮਈ ਢੰਗ ਨਾਲ ਚੱਲੇਗਾ ਅਤੇ ਜਿੱਤ ਪ੍ਰਾਪਤ ਕਰਨ ਵਿੱਚ ਮਦਦ ਕੀਤੀ ਗਈ ਸੀ। ਐੱਸਕੇਐੱਮ ਨੇ ਖੁਸ਼ੀ ਜ਼ਾਹਰ ਕੀਤੀ ਅਤੇ 14 ਮਾਰਚ 2024 ਨੂੰ ਕਿਸਾਨ ਮਜ਼ਦੂਰ ਮਹਾਂਪੰਚਾਇਤ ਵਿੱਚ ਸ਼ਾਮਲ ਹੋਣ ਲਈ ਕਿਸਾਨਾਂ ਦੇ ਬੀਕੇਯੂ ਚੰਡੂਨੀ ਸਮੂਹ ਦਾ ਸੁਆਗਤ ਕੀਤਾ। ਛੇ ਮੈਂਬਰੀ ਕਮੇਟੀ ਵੱਲੋਂ ਕਿਸਾਨ ਜਥੇਬੰਦੀਆਂ ਨਾਲ ਵੱਧ ਤੋਂ ਵੱਧ ਮੁੱਦੇ ਅਧਾਰਤ ਕਿਸਾਨ, ਮਜ਼ਦੂਰ ਵਿਰੋਧੀ ਨੀਤੀਆਂ ਲਈ ਏਕਤਾ ਲਈ ਤਾਲਮੇਲ ਕਰਨ ਅਤੇ ਵਿਰੋਧੀਆਂ ਵਿਰੁੱਧ ਵੱਧ ਤੋਂ ਵੱਧ ਕਿਸਾਨ ਰੈਲੀ ਕਰਨ ਦੇ ਯਤਨ ਜਾਰੀ ਹਨ।

ਐੱਸਕੇਐੱਮ ਨੇ ਵਿਕਸਤ ਯੂਰਪੀਅਨ ਦੇਸ਼ਾਂ ਦੇ ਸਾਹਮਣੇ ਮੋਦੀ ਸਰਕਾਰ ਦੇ ਸਮਰਪਣ ਦਾ ਸਖ਼ਤ ਵਿਰੋਧ ਕੀਤਾ ਅਤੇ ਯੂਰਪੀਅਨ ਫਰੀ ਟਰੇਡ ਐਸੋਸੀਏਸ਼ਨ (ਈਐੱਫਟੀਏ) ਮੁਕਤ ਵਪਾਰ ਸਮਝੌਤੇ 'ਤੇ ਦਸਤਖਤ ਕੀਤੇ। ਇਹ ਸਮਝੌਤਾ ਮੱਛੀ ਪਾਲਣ, ਡਾਇਰੀ, ਬਾਗਬਾਨੀ, ਖੇਤੀਬਾੜੀ, ਫੂਡ ਪ੍ਰੋਸੈਸਿੰਗ ਸੈਕਟਰ ਦੇ ਮਹੱਤਵਪੂਰਨ ਅਤੇ ਸੰਵੇਦਨਸ਼ੀਲ ਖੇਤਰਾਂ ਵਿੱਚ ਪ੍ਰਤੀ ਸਾਲ 42000 ਨਿਵੇਸ਼ ਜੋ ਦੇਸ਼ ਦੇ ਸਾਲਾਨਾ ਬਜਟ ਦਾ ਮਹਿਜ਼ 1% ਹੈ, ਸੰਵੇਦਨਸ਼ੀਲ ਖੇਤਰਾਂ ਵਿੱਚ ਛੋਟੇ ਉਤਪਾਦਕਾਂ ਦੀ ਸਾਡੀ ਤਾਕਤ ਨੂੰ ਖਤਮ ਕਰ ਦੇਵੇਗਾ ਜੋ ਕਰੋੜਾਂ ਲੋਕਾਂ ਨੂੰ ਰੋਜ਼ੀ-ਰੋਟੀ ਪ੍ਰਦਾਨ ਕਰਦੇ ਹਨ। ਕਿਸਾਨ ਅਤੇ ਮਜ਼ਦੂਰ ਪਰਿਵਾਰ ਅਤੇ ਸਾਡੀ ਘਰੇਲੂ ਮੰਡੀ ਅਤੇ ਲੋਕਾਂ ਦੀ ਰੋਜ਼ੀ-ਰੋਟੀ ਨੂੰ ਵੱਡੇ ਪੱਧਰ 'ਤੇ ਤਬਾਹ ਕਰ ਦੇਣਗੇ। ਆਸੀਆਨ ਵਰਗੇ ਪਹਿਲੇ ਐੱਫਟੀਏ ਨੇ ਰਬੜ, ਮਿਰਚ, ਨਾਰੀਅਲ ਆਦਿ ਵਰਗੇ ਨਕਦੀ ਫਸਲਾਂ ਵਾਲੇ ਕਿਸਾਨਾਂ ਦੀ ਜ਼ਿੰਦਗੀ ਤਬਾਹ ਕਰ ਦਿੱਤੀ ਸੀ। ਕੇਂਦਰੀ ਵਣਜ ਮੰਤਰੀ ਪਿਊਸ਼ ਗੋਲ ਨੇ ਆਪਣੇ ਯੂਰਪੀ ਹਮਰੁਤਬਾ ਦੇ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ ਅਤੇ ਸਾਡੇ ਭੋਜਨ ਭੰਡਾਰਨ ਦੇ ਅਧਿਕਾਰਾਂ ਅਤੇ ਭੋਜਨ ਸੁਰੱਖਿਆ ਦੀ ਰੱਖਿਆ ਲਈ ਸੌਦੇਬਾਜ਼ੀ ਕਰਨ ਵਿੱਚ ਅਸਫਲ ਰਿਹਾ ਹੈ, ਜੋ ਬਹੁਤ ਹੀ ਨਿੰਦਣਯੋਗ ਹੈ।

### ਕੌਮਾਂਤਰੀ ਔਰਤ ਦਿਹਾੜੇ ਨੂੰ ਸਮਰਪਤ ਸਮਾਗਮ

# ਚੇਤਨਾ ਅਤੇ ਸੰਘਰਸ਼ ਹੀ ਔਰਤ ਨੂੰ ਪਰਵਾਜ ਭਰਨ ਲਈ ਖੁੱਲ੍ਹਾ ਅੰਬਰ ਦੇਵੇਗਾ: ਨਵਜੋਤ ਢਿੱਲੋਂ





**ਜਲੰਧਰ–** ਕੌਮਾਂਤਰੀ ਔਰਤ ਦਿਹਾੜੇ ਨੂੰ ਸਮਰਪਤ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਹੋਏ ਸਮਾਗਮ ’ਚ ਵੈਨਕੋਵਰ (ਕਨੇਡਾ) ਦੇ ਜਾਣੇ-ਪਹਿਚਾਣੇ ਬਰਾਡਕਾਸਟਰ, ਦਾ ਨਵਜੋਤ ਢਿੱਲੋਂ ਪੇਜ ਦੀ ਚਰਚਿਤ ਸਖਸ਼ੀਅਤ, ਰੈੱਡ ਐਫ.ਐਮ. ਦੇ ਸਾਬਕਾ ਨੈਸ਼ਨਲ ਨਿਊਜ਼ ਡਾਇਰੈਕਟਰ, ਸਮਾਜਕ ਸਰੋਕਾਰਾਂ ਅਤੇ ਔਰਤ ਹੱਕਾਂ ਦੀ ਬੁਲੰਦ ਆਵਾਜ਼ ਨਵਜੋਤ ਢਿੱਲੋਂ ਨੇ ਆਪਣੇ ਕੁੰਜ਼ੀਵਤ ਭਾਸ਼ਣ ’ਚ ਔਰਤ ਵਰਗ ਦੀ ਬਹੁ-ਪੱਖੀ ਆਜ਼ਾਦੀ ਅਤੇ ਖੁੱਲ੍ਹੇ ਅੰਬਰ ਵੱਲ ਪਰਵਾਜ਼ ਦੀ ਮੌਲਿਕ ਆਜ਼ਾਦੀ ਲਈ ਸਾਜਗਾਰ ਮਾਹੌਲ ਸਿਰਜਣ ਉਪਰ ਜ਼ੋਰ ਦਿੱਤਾ।

ਉਹਨਾਂ ਤੁਲਨਾਤਮਕ ਅਧਿਐਨ ਕਰਦਿਆਂ ਤੱਥਾਂ ਸਹਿਤ ਵਰਨਣ ਕੀਤਾ ਕਿ ਸਾਡੇ ਭਾਰਤੀ ਸਮਾਜ ਦੇ ਪਛੜੇਪਣ ਅੰਦਰ ਜੇ ਔਰਤ ਚੌਤਰਫ਼ੀ ਗ਼ੁਲਾਮੀ ਹੰਢਾ ਰਹੀ ਹੈ ਤਾਂ ਕਨੇਡਾ ਵਰਗੇ ਮੁਲਕਾਂ ਅੰਦਰ ਵੀ ਦੂਰੋਂ ਇੱਕ ਭਰਤ ਹੀ ਹੈ, ਓਥੇ ਵੀ ਔਰਤ ਕਦਮ ਕਦਮ ’ਤੇ ਅਨੇਕਾਂ ਪ੍ਰਕਾਰ ਦੀਆਂ ਬੰਦਸ਼ਾਂ ਕਾਰਨ ਖੰਭਾ ਦੀ ਪਰਵਾਜ਼ ਕੁਤਰੀ ਹੋਈ ਮਹਿਸੂਸ ਕਰਦੀ ਹੈ।

ਉਹਨਾਂ ਕਿਹਾ ਕਿ ਘਰ ਤੋਂ ਸ਼ੁਰੂ ਕਰਕੇ ਪੂਰੇ ਸਮਾਜਕ ਪ੍ਰੀਵਰਤਨ ਲਈ ਨਿਰੰਤਰ ਜਾਗਰਤੀ ਅਤੇ ਸਮੂਹਿਕ ਉੱਦਮ ਦੀ ਲੋੜ ਹੈ। ਫੇਰ ਹੀ ਔਰਤ ਆਪਣੇ ਸਵੈਮਾਣ ਭਰੇ ਜੀਵਨ ਵਾਲਾ ਵਾਤਾਵਰਣ ਸਿਰਜ ਸਕਦੀ ਹੈ।

ਨਵਜੋਤ ਢਿੱਲੋਂ ਦੀ ਕਹਾਣੀ ਅਤੇ ਸਕਰਿਪਟ ਅਤੇ ਨਵਰਾਜ ਰਾਜਾ ਦੀ ਨਿਰਦੇਸ਼ਨਾ ਵਿੱਚ 9 ਮਿੰਟ ਦੀ ਫ਼ਿਲਮ 'ਵਿਸਲ' ਦਿਖਾਈ ਗਈ। ਕਰੀਏਟਿਵ ਹਾਈਟਸ ਪ੍ਰੋਡਕਸ਼ਨ ਦੀ ਇਸ ਫ਼ਿਲਮ ਨੇ ਜੋ ਦਰਸ਼ਕਾਂ ਉਪਰ ਜਾਦੂ ਕੀਤਾ, ਉਹ ਮਨ ਦੀ ਡਾਇਰੀ ਉਪਰ ਅਮਿੱਟ ਪ੍ਰਭਾਵ ਛੱਡ ਗਿਆ। ਦਰਸ਼ਕਾਂ ਦੇ ਆਏ ਸੁਆਲਾਂ ਦੇ ਨਵਜੋਤ ਢਿੱਲੋਂ ਨੇ ਬਾਖ਼ੂਬੀ ਜਵਾਬ ਦਿੱਤੇ।

ਇਸ ਮੌਕੇ ਬੋਲਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਅਤੇ ਨਾਮਵਰ ਕਹਾਣੀਕਾਰ ਪ੍ਰੋ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਸਾਨੂੰ ਸਾਡੇ ਅੰਦਰਲੀ ਔਰਤ ਦੇ ਹਰ ਪਲ ਰੂਬਰੂ ਹੋਣ ਦੀ ਲੋੜ ਹੈ। ਉਹਨਾਂ ਜੀਵਨ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਕੁੱਝ ਪਲ ਤੁਹਾਡੀ ਜ਼ਿੰਦਗੀ ਦਾ ਦਰਦ-ਨਾਕ ਪਰਛਾਵਾਂ ਬਣਕੇ ਚੱਲਦੇ ਨੇ।

ਸਮਾਗਮ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਮਾਰਚ ਮਹੀਨੇ ਦੇ ਸ਼ਹੀਦਾਂ ਅਤੇ ਇਤਿਹਾਸਕ ਘਟਨਾਵਾਂ ਦੀ ਪ੍ਰਸੰਗਕਤਾ ਉਭਾਰੀ।

ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਔਰਤ ਦੀ ਤ੍ਰਾਸਦੀ ਦੇ ਆਰਥਕ, ਰਾਜਨੀਤਕ, ਸਮਾਜਕ ਅਤੇ ਸਭਿਆਚਾਰਕ ਕਾਰਨਾਂ ਦੀ ਤਹਿ ਤੱਕ ਜਾਣ ਅਤੇ ਉਹਨਾਂ ਨੂੰ ਬਦਲਣ ਲਈ ਉੱਦਮ ਜੁਟਾਉਣ ਦੀ ਲੋੜ ਹੈ, ਫੇਰ ਹੀ ਔਰਤ ਦੀ ਮੁਕਤੀ ਦੀ ਜ਼ਾਮਨੀ ਬਣਦੀ ਹੈ। ਇਸ ਤੋਂ ਉਰੇ ਦੇ ਓਹੜ ਪੋਹੜ ਵਿਅਕਤੀਗਤ ਯਤਨ ਹੀ ਹੋ ਸਕਦੇ ਨੇ ਮੁਕੰਮਲ ਸਮਾਜਕ ਤਬਦੀਲੀ ਲਈ ਲੋਕ ਲਹਿਰਾਂ ਵਿੱਚ ਆਪਣੀ ਸਹਾਈ ਭੂਮਿਕਾ ਅਦਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਕਮੇਟੀ ਮੈਂਬਰ ਪ੍ਰੋ. ਗੋਪਾਲ ਬੁੱਟਰ ਹੋਰਾਂ ਨੇ ਔਰਤ ਦੇ ਪੈਰੀਂ ਪਈਆਂ ਜੰਜ਼ੀਰਾਂ ਤੋੜਨ ਦੀ ਦਿਸ਼ਾ ਵਿੱਚ ਨਵਜੋਤ ਢਿੱਲੋਂ ਦੇ ਨਿਰੰਤ ਉੱਦਮ ਦੀ ਦਾਦ ਦਿੱਤੀ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਧੰਨਵਾਦ ਕਰਦਿਆਂ ਕਿਹਾ ਕਿ ਸਿਰਫ਼ ਮਰਦਾਵੇਂ ਦਾਬੇ ਤੱਕ ਗੱਲ ਕਰਨਾ ਕਾਫ਼ੀ ਨਹੀਂ।

ਸਾਨੂੰ ਔਰਤ ਗ਼ੁਲਾਮੀ ਦੇ ਜਟਿਲ ਵਰਤਾਰੇ ਨੂੰ ਸਮਝਕੇ ਇਸਨੂੰ ਬਦਲਣ ਲਈ ਨਿਰੰਤਰ ਉੱਦਮ ਦੀ ਲੋੜ ਹੈ।

ਇਸ ਮੌਕੇ ਕਮੇਟੀ ਵੱਲੋਂ ਨਵਜੋਤ ਢਿੱਲੋਂ, ਤੇਜੀ ਸ਼ੈਲੀ, ਇੰਗਲੈਂਡ ਤੋਂ ਸ਼ੀਰਾ ਜੌਹਲ, ਭਗਵੰਤ, ਰਤਨ ਪਾਲ ਮਹਿਮੀ, ਮੱਖਣ ਮੰਡੀ (ਅੱਪਰਾ) ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ, ਹਰਵਿੰਦਰ ਭੰਡਾਲ, ਹਰਮੇਸ਼ ਮਾਲੜੀ, ਡਾ. ਸੈਲੇਸ਼, ਪ੍ਰੋ. ਤੇਜਿੰਦਰ ਵਿਰਲੀ, ਦੇਵ ਰਾਜ ਨਯੀਅਰ ਵੀ ਹਾਜ਼ਰ ਸਨ।

# ਚੋਣਾਂ ਦੇ ਰ.ਫ਼ਤਾਰ ਫੜਨ ਦੀ ਉਡੀਕ ’ਚ ਪ੍ਰਚਾਰ ਸਮੱਗਰੀ ਦਾ ਬਾਜ਼ਾਰ

## ਦਿੱਲੀ ਦੇ ਸਦਰ ਬਾਜ਼ਾਰ ਤੋਂ ਕਈ ਸੂਬਿਆਂ ਨੂੰ ਭੇਜੀ ਜਾਂਦੀ ਹੈ ਚੋਣ ਪ੍ਰਚਾਰ ਸਮੱਗਰੀ

**ਨਵੀਂ ਦਿੱਲੀ–** ਲੋਕ ਸਭਾ 2024 ਦੀਆਂ ਚੋਣ ਦਾ ਰਸਮੀ ਐਲਾਨ ਕੇਂਦਰੀ ਚੋਣ ਕਮਿਸ਼ਨ ਨੇ ਅਜੇ ਤੱਕ ਨਹੀਂ ਕੀਤਾ ਹੈ, ਪਰ ਮੰਨਿਆ ਜਾ ਰਿਹਾ ਹੈ ਕਿ ਇਹ ਵੀ ਦੋ ਤਿੰਨ ਦਿਨ ’ਚ ਹੋ ਜਾਵੇਗਾ। ਪਾਰਟੀਆਂ ਵੀ ਉਮੀਦਵਾਰਾਂ ਦਾ ਐਲਾਨ ਹੌਲੀ-ਹੌਲੀ ਕਰ ਰਹੀਆਂ ਹਨ। ਕਈ ਪਾਰਟੀਆਂ ’ਚ ਗੱਠਜੋੜ ਨੂੰ ਲੈ ਕੇ ਵੀ ਮੰਥਨ ਚੱਲ ਰਿਹਾ ਹੈ।

ਉਂਜ ਪੂਰੇ ਮਾਹੌਲ ’ਤੇ ਚੋਣ ਨਾਲ ਜੁੜੀ ਸਮੱਗਰੀ ਦੇ ਕਾਰੋਬਾਰੀਆਂ ਦੀਆਂ ਨਜ਼ਰਾਂ ਵੀ ਟਿਕੀਆਂ ਹੋਈਆਂ ਹਨ, ਕਿਉਂਕਿ ਗੱਠਜੋੜ ਦੇ ਫ਼ੈਸਲੇ ਤੇ ਉਮੀਦਵਾਰਾਂ ਦੇ ਐਲਾਨ ਮੁਤਾਬਕ ਉਨ੍ਹਾਂ ਨੇ ਆਪਣੇ ਕਾਰੋਬਾਰ ਦੀ ਰਣਨੀਤੀ ਤਿਆਰ ਕਰਨੀ ਹੈ। ਅਜੇ ਬਹੁਤ ਘੱਟ ਗਿਣਤੀ ’ਚ ਉਮੀਦਵਾਰਾਂ ਦਾ ਐਲਾਨ ਹੋਇਆ ਹੈ। ਇਸ ਦਾ ਅਸਰ ਦਿੱਲੀ ਦੇ ਸਦਰ ਬਾਜ਼ਾਰ ’ਚ ਪ੍ਰਚਾਰ ਸਮੱਗਰੀ ਦੇ ਕਾਰੋਬਾਰ ’ਤੇ ਵੀ ਦਿਸ ਰਿਹਾ ਹੈ। ਚੋਣ ਮੁੱਦਿਆਂ ਦਾ ਰੰਗ ਵੀ ਬਾਜ਼ਾਰ ’ਤੇ ਚੜ੍ਹਦਾ ਦਿਖਾਈ ਦੇ ਰਿਹਾ ਹੈ। ਜਿਵੇਂ ਅਯੁੱਧਿਆ ਦੇ ਰਾਮ ਮੰਦਿਰ ਦੀ ਝਲਕ ਚੋਣ ਪ੍ਰਚਾਰ ਸਮੱਗਰੀ ’ਚ ਹੈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪਰਿਵਾਰ ਨੂੰ ਲੈ ਕੇ ਵਿਰੋਧੀ ਧਿਰ ਦੀ ਨਿੱਜੀ ਟਿੱਪਣੀ ਦੇ ਵਿਰੋਧ ’ਚ ਭਾਜਪਾ ਵੱਲੋਂ ਸ਼ੁਰੂ ਕੀਤੇ ਗਏ ‘ਮੋਦੀ ਦਾ ਪਰਿਵਾਰ’ ਦਾ ਵੀ ਬਾਜ਼ਾਰ ਲਾਭ ਉਠਾਉਣ ਦੀ ਤਿਆਰੀ ’ਚ ਹੈ।

ਸਦਰ ਬਾਜ਼ਾਰ ਦੀਆਂ ਤੰਗ ਗਲੀਆਂ ਤੋਂ ਦਿੱਲੀ ਦੇ ਨਾਲ ਹੀ ਦੇਸ਼ ਦੇ ਹੋਰ ਸੂਬਿਆਂ ’ਚ ਪ੍ਰਚਾਰ ਸਮੱਗਰੀ ਦੀ




ਡਿਲਵਰੀ ਕੀਤੀ ਜਾਂਦੀ ਹੈ। ਇੱਥੇ ਰਾਸ਼ਟਰੀ ਤੇ ਕਈ ਖੇਤਰੀ ਪਾਰਟੀਆਂ ਦੇ ਦਫਤਰ ਹਨ। ਸੰਸਦ ਮੈਂਬਰਾਂ ਦੀਆਂ ਸਰਕਾਰੀ ਰਿਹਾਇਸ਼ਾਂ ਹਨ। ਇਸ ਦਾ ਲਾਭ ਇਸ ਬਾਜ਼ਾਰ ਨੂੰ ਮਿਲਦਾ ਹੈ। ਇੱਥੋਂ ਉੱਤਰ ਪ੍ਰਦੇਸ਼, ਉੱਤਰਾਖੰਡ, ਹਰਿਆਣਾ ਵਰਗੇ ਗੁਆਂਢੀ ਸੂਬਿਆਂ ਦੇ ਨਾਲ ਹੀ ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਬਿਹਾਰ, ਬੰਗਾਲ, ਮਹਾਰਾਸ਼ਟਰ ਤੇ ਆਂਧਰਾ ਪ੍ਰਦੇਸ਼ ਤੱਕ ਪ੍ਰਚਾਰ ਸਮੱਗਰੀ ਭੇਜੀ ਜਾਂਦੀ ਹੈ। ਕਮਰਸ਼ੀਅਲ ਵੈੱਬਸਾਈਟਾਂ ਤੋਂ ਆਨਲਾਈਨ ਖਰੀਦਦਾਰੀ ਦੇ ਵਧਦੇ ਚਲਨ ਤੋਂ ਬਾਅਦ ਵੀ ਚੋਣ ਪ੍ਰਚਾਰ ਸਮੱਗਰੀ ਦੇ ਮਾਮਲੇ ’ਚ ਸਦਰ ਬਾਜ਼ਾਰ ਦਾ ਮਹੱਤਵ ਘੱਟ ਨਹੀਂ ਹੋਇਆ ਹੈ। ਪਾਰਟੀਆਂ ਤੇ ਉਮੀਦਵਾਰ ਇੱਥੋਂ ਖਰੀਦਦਾਰੀ ਕਰਨਾ ਪਸੰਦ ਕਰਦੇ ਹਨ। ਚੋਣ ਪ੍ਰਚਾਰ ਨਾਲ ਜੁੜੀਆਂ ਵੰਨ-ਸੁਵੰਨੀਆਂ ਵਸਤਾਂ ਵੀ ਇੱਥੇ ਬਹੁਤ ਹਨ। ਪਾਰਟੀਆਂ ਦੇ ਝੰਡੇ ਤੇ ਬੈਜ, ਚੋਣ ਨਿਸ਼ਾਨ ਤੇ ਆਗੂਆਂ ਦੀਆਂ ਤਸਵੀਰਾਂ ਵਾਲੇ ਚਾਬੀ ਦੇ ਛੱਲੇ, ਗੁਬਾਰੇ, ਟੋਪੀ, ਥੈਲੇ, ਬੈਗ, ਟੀ-ਸ਼ਰਟ, ਸਾੜੀ ਵਰਗੇ ਸਾਮਾਨ ਇੱਥੇ ਆਸਾਨੀ ਨਾਲ ਮਿਲ ਜਾਂਦੇ ਹਨ।

ਲਗਪਗ 42 ਸਾਲਾਂ ਤੋਂ ਇਸ ਵਪਾਰ ਨਾਲ ਜੁੜੇ ਅਨਿਲ ਭਾਈ ਰਾਖੀਵਾਲਾ ਕਹਿੰਦੇ ਹਨ ਕਿ ਮੰਗ ਤੇ ਉਪਲੱਬਧਤਾ ਦੋਵਾਂ ’ਚ ਤਬਦੀਲੀ ਆਈ ਹੈ। ਪਹਿਲਾਂ ਲੋਹੇ ਦੇ ਬੈਜ ਬਣਦੇ ਸਨ, ਉਮੀਦਵਾਰ ਘੱਟ ਗਿਣਤੀ ’ਚ ਸਾਮਾਨ ਖਰੀਦਦੇ ਸਨ। ਵਪਾਰੀ ਵੀ ਪਹਿਲਾਂ ਤੋਂ ਤਿਆਰੀ ਸ਼ੁਰੂ ਕਰ ਦਿੰਦੇ ਸਨ। ਗੋਦਾਮ ’ਚ ਮਾਲ ਰੱਖ ਦਿੱਤਾ ਜਾਂਦਾ ਸੀ। ਹੁਣ ਫੈਂਸੀ ਆਈਟਮ ਦੀ ਮੰਗ ਵੱਧ ਹੈ। ਪਹਿਲਾਂ ਦੇ ਮੁਕਾਬਲੇ ਵੱਧ ਗਿਣਤੀ ’ਚ ਪ੍ਰਚਾਰ ਸਮੱਗਰੀ ਖਰੀਦੀ ਜਾਂਦੀ ਹੈ। ਤਕਨੀਕ ਕਾਰਨ ਹੁਣ ਘੱਟ ਸਮੇਂ ’ਚ ਮੰਗ ਦੇ ਮੁਤਾਬਕ ਮਾਲ ਤਿਆਰ ਕੀਤਾ ਜਾਂਦਾ ਹੈ, ਇਸ ਲਈ ਅਜੇ ਵਪਾਰੀ ਪਾਰਟੀਆਂ ਦੇ ਉਮੀਦਵਾਰਾਂ ਦੇ ਐਲਾਨ ਦੀ ਉਡੀਕ ਕਰ ਰਹੇ ਹਨ।

ਆਲ ਇੰਡੀਆ ਇਲੈਕਸ਼ਨ ਮੈਟੇਰੀਅਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਗੁਲਸ਼ਨ ਖੁਰਾਨਾ ਦਾ ਕਹਿਣਾ ਹੈ ਕਿ ਪੂਰੇ ਦੇਸ਼ ਤੋਂ ਲੋਕ ਇੱਥੇ ਪੁੱਜਦੇ ਹਨ। ਪਹਿਲਾਂ ਪ੍ਰੀਟਿੰਗ ਨਾਲ ਸਬੰਧਤ ਸਮੱਗਰੀ ਵੀ ਇੱਥੋਂ ਜਾਂਦੀ ਸੀ। ਹੁਣ ਸਥਾਨਕ ਪੱਧਰ ’ਤੇ ਇਹ ਕੰਮ ਹੁੰਦਾ ਹੈ, ਪਰ ਪ੍ਰਚਾਰ ’ਚ ਲਗਪਗ 500 ਕਰੋੜ ਰੁਪਏ ਦਾ ਕਾਰੋਬਾਰ ਹੋਣ ਦੀ ਉਮੀਦ ਹੈ। ਪ੍ਰਚਾਰ ਸਮੱਗਰੀ ਤਿਆਰ ਕਰਨ ਨਾਲ ਦਿੱਲੀ ’ਚ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਵੀ ਮਿਲਦੇ ਹਨ। ਸੀਮਾਪੁਰੀ, ਨੰਦ ਨਗਰੀ, ਗਾਂਧੀ ਨਗਰ, ਭਜਨਪੁਰਾ, ਬੁਰਾੜੀ ਸਮੇਤ ਕਈ ਥਾਵਾਂ ’ਤੇ ਇਸ ਨੂੰ ਤਿਆਰ ਕੀਤਾ ਜਾਂਦਾ ਹੈ।

# ਰਾਮਗੜ੍ਹੀਆ ਪੋਲੀਟੈਕਨਿਕ ਕਾਲਜ ਸਤਨਾਮਪੁਰਾ ਦੇ 75 ਸਾਲ ਪੂਰੇ ਹੋਣ 'ਤੇ ਕਰਵਾਇਆ ਪਲੈਟੀਨਮ ਜੁਬਲੀ ਸਮਾਗਮ ਅਮਿੱਟ ਪੈੜਾਂ ਛੱਡਦਾ ਹੋਇਆ ਸਮਾਪਤ



**ਫਗਵਾੜਾ 12 ਮਾਰਚ–** ਰਾਮਗੜ੍ਹੀਆ ਪੋਲੀਟੈਕਨਿਕ ਕਾਲਜ ਸਤਨਾਮਪੁਰਾ ਫਗਵਾੜਾ ਦੀ ਸਥਾਪਨਾ ਦੇ 75 ਸਾਲ ਪੂਰੇ ਹੋਣ ਮੌਕੇ ਪਲੈਟੀਨਮ ਜੁਬਲੀ ਸਮਾਗਮ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਜਿਸ ਵਿੱਚ ਰਾਮਗੜ੍ਹੀਆ ਐਜੂਕੇਸ਼ਨ ਕੌਂਸਲ ਦੇ ਚੇਅਰਪਰਸਨ ਸ੍ਰੀਮਤੀ ਮਨਪ੍ਰੀਤ ਕੌਰ ਭੋਗਲ ਨੇ ਮੁੱਖ ਮਹਿਮਾਨ ਵਜੋ ਸ਼ਿਰਕਤ ਕੀਤੀ। ਜਦਕਿ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ੍ਰੀਮਤੀ ਵਿਓਮਾ ਢੱਟ ਡਾਇਰੈਕਟਰ ਆਰ.ਈ.ਸੀ, ਸ੍ਰੀਮਤੀ ਰਵਨੀਤ ਕਾਲੜਾ ਜੁਆਇੰਟ ਡਾਇਰੈਕਟਰ ਆਰ.ਈ.ਸੀ. ਅਤੇ ਸ੍ਰੀ ਗਗਨਦੀਪ ਸਿੰਘ ਢੱਟ ਡਾਇਰੈਕਟਰ ਅਲਫ਼ਾ ਗਲੋਬਲ ਪ੍ਰੋਗਰਾਮ ਸ਼ਾਮਲ ਹੋਏ। ਸਮਾਗਮ ਦੀ ਆਰੰਭਤਾ ਗੁਰਦੁਆਰਾ ਸ੍ਰੀ ਗਿਆਨਸਰ ਵਿਖੇ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਨਾਲ ਹੋਇਆ। ਉਪਰੰਤ ਕਾਲਜ ਪ੍ਰਿੰਸੀਪਲ ਜਸਵੀਰ ਸਿੰਘ ਨੇ ਪਤਵੰਤਿਆ, ਅਲੂਮਨੀ ਸਟਾਫ਼ ਅਤੇ ਵਿਦਿਆਰਥੀਆਂ ਨੂੰ ਜੀ ਆਇਆ ਆਖਦਿਆਂ ਅਲੂਮਨੀ ਦੇ ਸਹਿਯੋਗ ਨਾਲ ਕਰਵਾਏ ਗਏ ਅਤੇ ਚੱਲ ਰਹੇ ਪ੍ਰੋਜੈਕਟਾਂ ਦਾ ਲੇਖਾ-ਜੋਖਾ ਦੱਸਿਆ ਅਤੇ ਸਾਰਿਆਂ ਦਾ ਕਾਲਜ ਦੇ ਵਿਕਾਸ ਵਿਚ ਸਹਿਯੋਗ ਲਈ ਧੰਨਵਾਦ ਕੀਤਾ। ਚੇਅਰਪਰਸਨ ਮਨਪ੍ਰੀਤ ਕੌਰ ਭੋਗਲ ਨੇ ਆਏ ਹੋਏ ਮਹਿਮਾਨਾਂ ਅਤੇ ਵਿਦਿਆਰਥੀਆਂ ਨੂੰ ਪਲੈਟੀਨਮ ਜੁਬਲੀ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ। ਰਣਵੀਰ ਸਿੰਘ ਐਮ.ਡੀ. ਸੀ.ਈ.ਓ. ਜੀ.ਐਨ.ਏ. ਐਕਸਲ ਨੇ ਆਪਣੇ ਸੰਬੋਧਨ ਵਿੱਚ ਕਾਲਜ ਪੜ੍ਹਾਈ ਸਮੇਂ ਦੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਤਿੰਨ ਲੱਖ ਰੁਪਏ ਕਾਲਜ ਵਿਚ ਚੱਲ ਰਹੇ ਪ੍ਰੋਜੈਕਟਾਂ ਲਈ ਭੇਂਟ ਕੀਤੇ। ਉਹਨਾਂ ਨੇ ਕਾਲਜ ਵਿੱਚ ਸੋਲਰ ਸਿਸਟਮ ਲਗਵਾਉਣ ਅਤੇ ਹੋਰ ਪ੍ਰੋਜੈਕਟਾਂ ਲਈ ਸਹਿਯੋਗ ਦਾ ਭਰੋਸਾ ਵੀ ਦਿੱਤਾ । ਕਾਲਜ ਦੇ ਪੁਰਾਣੇ ਵਿਦਿਆਰਥੀ ਇੰਦਰ-ਜੀਤ ਸਿੰਘ ਯੂ.ਕੇ ਵਲੋਂ ਇੱਕ ਲੱਖ 41 ਹਜ਼ਾਰ, ਐਮ.ਐਸ. ਸੱਗੂ ਵਲੋਂ 50 ਹਜ਼ਾਰ, ਗੁਰਚਰਨ ਸਿੰਘ ਵਲੋਂ 70 ਹਜ਼ਾਰ, ਅਮਰਨਾਥ ਕੈਲੇ ਵਲੋਂ 50 ਹਜ਼ਾਰ, ਚਰਨਜੀਤ ਸਿੰਘ ਵਲੋਂ 50 ਹਜ਼ਾਰ, ਸ਼ਵਿੰਦਰ ਸਿੰਘ ਗਿੱਲ ਵਲੋਂ 20 ਹਜਾਰ ਰੁਪਏ ਦੀ ਮਾਲੀ ਸਹਾਇਤਾ ਦਿੱਤੀ ਗਈ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਅਲੂਮਨੀ ਵਿਦਿਆਰਥੀਆਂ ਵਲੋਂ ਵੀ ਕਾਲਜ ਦੇ ਵਿਕਾਸ ਵਿਚ ਆਰਥਕ ਸਹਿਯੋਗ ਕੀਤਾ ਗਿਆ। ਕਾਲਜ ਦੇ ਵਿਦਿਆਰਥੀਆਂ ਵਲੋਂ ਖੂਬਸੂਰਤ ਸਭਿਆਚਾਰਕ ਪ੍ਰੋਗਰਾਮ ਰਾਹੀਂ ਪਤਵੰਤਿਆਂ ਦਾ ਮਨੋਰੰਜਨ ਕੀਤਾ ਗਿਆ। ਅਲੂਮਨੀ ਚੀਫ਼ ਇੰਜੀਨੀਅਰ, ਐਸ।ਈ।, ਐਕਸੀਅਨ, ਐਸ.ਡੀ.ਓ, ਪ੍ਰਿੰਸੀਪਲ, ਪੋਫ਼ੈਸਰ, ਬਿਜਨਸ ਮੈਨ ਅਤੇ ਹੋਰ ਉੱਚੇ ਅਹੁੱਦਿਆਂ ਤੇ ਤਾਇਨਾਤ ਤੋਂ ਰਿਟਾਇਰਡ ਹੋਏ ਵਿਦਿਆਰਥੀਆਂ ਵਲੋਂ ਇਸ ਪੋਲੀਟੈਕਨਿਕ ਕਾਲਜ ਦੇ ਬਾਨੀ ਸਵ। ਮੋਹਨ ਸਿੰਘ ਹਦੀਆਬਾਦੀ ਦੀ ਸੋਚ ਨੂੰ ਸਲਾਮ ਕਰਦਿਆਂ ਉਹਨਾਂ ਵਲੋਂ ਆਰੰਭੇ ਇਸ ਵਿਦਿਆ ਦੇ ਚਾਨਣ ਮੁਨਾਰੇ ਨੂੰ ਅੱਗੇ ਵਧਾਉਣ ਲਈ ਯੋਗਦਾਨ ਪਾਉਣ ਦਾ ਭਰੋਸਾ ਦਿੱਤਾ ਗਿਆ। ਇਸ ਦੌਰਾਨ ਮੋਹਨ ਸਿੰਘ ਹਦੀਆਬਾਦੀ ਮੈਮੋਰੀਅਲ ਪਾਰਕ ਬੂਟੇ ਲਾਏ ਗਏ ਅਤੇ ਕਾਲਜ ਦੇ ਪੁਰਾਣੇ ਵਿਦਿਆਰਥੀ ਅਤੇ ਪੁਨਰਜੋਤ ਦੇ ਸਟੇਟ ਅਤੇ ਅੰਤਰ ਰਾਸ਼ਟਰੀ ਕੋਆਰਡੀਨੇਟਰ ਅਸ਼ੋਕ ਮਹਿਰਾ ਦੀ ਪ੍ਰੇਰਨਾ ਸਦਕਾ ਅੱਖਾਂ ਦਾਨ ਦੇ ਅਹਿਦ ਪੱਤਰ ਵੀ ਭਰੇ। ਸਮਾਗਮ ਦੇ ਅਖੀਰ ਵਿਚ ਅਲੂਮਨੀ ਦੇ ਸਾਰੇ ਵਿਦਿਆਰਥੀਆਂ ਨੂੰ ਰਾਮਗੜ੍ਹੀਆ ਕੌਂਸਲ ਦੇ ਚੇਅਰਮੈਨ, ਸਤਿਕਾਰਯੋਗ ਮੈਂਬਰ ਬਾਹੜਾ ਜੀ ਅਤੇ ਚੀਫ਼ ਅਕਾਂਊਟੈਂਟ ਮੁਕੇਸ਼ ਕਾਂਤ ਵਲੋਂ ਯਾਦਗਾਰੀ ਚਿੰਨ ਭੇਂਟ ਕੀਤੇ ਗਏ। ਅਲੂਮਨੀ ਵਲੋਂ ਪਲੈਟੀਨਮ ਜੁਬਲੀ ਲਈ ਡਿਨਰ ਡਾਂਸ ਦਾ ਪ੍ਰਬੰਧ ਹੋਟਲ ਪੂਨਮ ਵਿਖੇ ਕੀਤਾ ਗਿਆ। ਇਸ ਮੌਕੇ ਰਿਟਾ. ਪ੍ਰਿੰਸੀਪਲ ਐਸ.ਕੇ. ਪ੍ਰਭਾਕਰ, ਰਿਟਾ। ਪ੍ਰਿੰਸੀਪਲ ਵੀ.ਪੀ. ਸਿੰਘ, ਰਿਟਾ. ਪ੍ਰਿੰਸੀਪਲ ਵਰਿੰਦਰ ਕੁਮਾਰ, ਐਚ. ਐਸ. ਵਾਲੀਆ, ਰਿਟਾ. ਐਚ.ਓ.ਡੀ. ਮਕੈਨੀਕਲ ਬੀ.ਐਸ. ਊਬੀ, ਰਿਟਾ. ਐਚ.ਓ.ਡੀ. ਮਕੈਨੀਕਲ ਐਸ.ਐਸ. ਮੁੰਦੜ, ਰਿਟਾ. ਲੈਕਚਰਾਰ ਪੀ.ਕੇ. ਸੂਦ ਸਿਵਲ ਡਿਪਾਪਰਟਮੈਂਟ ਤੋਂ ਇਲਾਵਾ ਅਲੂਮਨੀ ਇੰਜੀਨੀਅਰ ਮੋਹਣ ਲਾਲ ਬੰਗਾ, ਜੋਗਿੰਦਰ ਕੁਮਾਰ, ਭੁਪਿੰਦਰ ਸਿੰਘ ਖੋਸਲਾ, ਚਮਨ ਲਾਲ, ਟੀ.ਪੀ.ਐਸ. ਬੇਦੀ, ਜਗਤਾਰ ਸਿੰਘ, ਜੀ.ਐਸ. ਪੰਨੂ ਅਤੇ ਰਾਜ ਕੁਮਾਰ ਮਹਾਜਨ ਸੁਪਰਡੈਂਟ ਸਮੇਤ ਕਾਲਜ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜਰ ਸਨ।

# ਸਾਰੇ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ 23 ਸਾਲਾਂ ਪ੍ਰਮੋਸ਼ਨ ਸਕੇਲ ਅਤੇ 2016 ਤੋਂ ਪਹਿਲਾਂ ਸੇਵਾ ਮੁਕਤ ਹੋਏ ਮੁਲਾਜ਼ਮਾਂ ਨੂੰ 2.59 ਦਾ ਫਾਰਮੂਲਾ ਲਾਗੂ ਕੀਤਾ ਜਾਵੇ- ਹੰਸ ਰਾਜ



**ਫਗਵਾੜਾ 12 ਮਾਰਚ (ਬੀ.ਕੇ. ਰੱਤੂ)–** ਪਾਵਰਕਾਮ ਅਤੇ ਟਰਾਸਕੋ ਪੈਨਸ਼ਨ ਯੂਨੀਅਨ ਪੰਜਾਬ ,ਰਜ਼ਿ ਫਗਵਾੜਾ ਮੰਡਲ ਦੀ ਮਹੀਨਾਵਾਰ ਮੀਟਿੰਗ ਰੈਸਟ ਹਾਊਸ ਫਗਵਾੜਾ ਵਿਖੇ ਸ੍ਰੀ ਹੰਸ ਰਾਜ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਹੇਠ ਲਿਖੇ ਅਜੰਡੇ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਮਹਿਕਮਾ ਪਾਵਰਕਾਮ ਅਤੇ ਟਰਾਂਸਕੋ ਤੋਂ ਲਾਗੂ ਕਰਨ ਦੀ ਮੰਗ ਕੀਤੀ ਗਈ ਹੈ। ਇਸ ਮੌਕੇ ਹੰਸ ਰਾਜ ਮੰਡਲ ਪ੍ਰਧਾਨ ਨੇ ਸਰਕਾਰ ਤੋਂ ਮੰਗ ਕੀਤੀ ਕਿ ਸਾਰੇ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ 23 ਸਾਲਾਂ ਪ੍ਰਮੋਸ਼ਨ ਸਕੇਲ ਦਿੱਤਾ ਜਾਵੇ। ਮਿਤੀ 01.01.2016 ਤੋਂ ਪਹਿਲਾਂ ਸੇਵਾ ਮੁਕਤ ਹੋਏ ਮੁਲਾਜ਼ਮਾਂ ਨੂੰ 2.59 ਦਾ ਫਾਰਮੂਲਾ ਲਗਾਇਆ ਜਾਵੇ, ਮਹਿਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ। ਮੀਟਿੰਗ ਵਿੱਚ ਸ੍ਰੀ ਹੰਸ ਰਾਜ ਪ੍ਰਾਸ਼ਰ ਮੰਡਲ ਪ੍ਰਧਾਨ,ਸੀ ਬਲਬੀਰ ਸਿੰਘ ਸੀਨੀਅਰ ਮੀਤ ਪ੍ਰਧਾਨ, ਦਵਿੰਦਰ ਸਿੰਘ ਜਨਰਲ ਸਕੱਤਰ, ਗੁਰਬਚਨ ਸਿੰਘ ਖਜਾਨਚੀ, ਸੀਤਲ ਦਾਸ ਮੀਤ ਪ੍ਰਧਾਨ, ਬਲਜਿੰਦਰ ਸਿੰਘ, ਦਲਜੀਤ ਸਿੰਘ, ਅਮਰਜੀਤ ਸਿੰਘ, ਬਲਬੀਰ ਸਿੰਘ ਸੈਣੀ, ਕਮਲਜੀਤ, ਦੁਰਗਾ ਦਾਸ ਅਦਿ ਹਾਜ਼ਰ ਸਨ।

# ਰੇਸ਼ਮ ਲਾਲ ਬਣੇ ਫਰੈਂਡਜ਼ ਇਨਵਾਇਰਮੈਂਟ ਐਂਡ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ

## ਬਲਬੀਰ ਸਿੰਘ ਚੇਅਰਮੈਨ ਤੇ ਲਸ਼ਕਰ ਸਿੰਘ ਨੂੰ ਮਿਲੀ ਜਨਰਲ ਸਕੱਤਰ ਦੀ ਜ਼ਿੰਮੇਵਾਰੀ





**ਫਗਵਾੜਾ 12 ਮਾਰਚ (ਬੀ.ਕੇ. ਰੱਤੂ)–** ਫਰੈਂਡਜ਼ ਇਨਵਾਇਰਮੈਂਟ ਐਂਡ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੀ ਜ਼ਰੂਰੀ ਮੀਟਿੰਗ ਸ੍ਰੀ ਰੇਸ਼ਮ ਲਾਲ ਉਪ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਰਬ ਸੰਮਤੀ ਨਾਲ ਅਹੁਦੇਦਾਰਾਂ ਦੀ ਚੋਣ ਮੁੜ ਕੀਤੀ ਗਈ ਜਿਸ ਵਿੱਚ ਸ੍ਰੀ ਰੇਸ਼ਮ ਲਾਲ ਪ੍ਰਧਾਨ, ਸ੍ਰੀ ਬਲਬੀਰ ਸਿੰਘ ਚੇਅਰਮੈਨ, ਸ੍ਰੀ ਕਸਤੂਰੀ ਲਾਲ ਸਰਪ੍ਰਸਤ, ਸ੍ਰੀ ਲਸ਼ਕਰ ਸਿੰਘ ਜਨਰਲ ਸਕੱਤਰ, ਸ੍ਰੀ ਬਲਵਿੰਦਰ ਸਿੰਘ ਫੋਰਮੈਨ ਸੀਨੀਅਰ ਮੀਤ ਪ੍ਰਧਾਨ, ਸ੍ਰੀ ਆਰ ਐਲ ਜੱਸੀ ਪ੍ਰੈੱਸ ਸਕੱਤਰ, ਸ੍ਰੀ ਸੁਰਿੰਦਰ ਪਾਲ ਮੇਹਲੀ ਸਟੇਜ ਸਕੱਤਰ ਤੋਂ ਇਲਾਵਾ ਸ੍ਰੀ ਪਰਮਿੰਦਰ ਰੱਲੂ ਖੋਥੜਾਂ, ਸੰਤੋਖ ਲਾਲ, ਕੁਲਬੀਰ ਸਿੰਘ ਬਾਵਾ, ਅਮਰਿੰਦਰ ਸਿੰਘ ਲੱਕੀ ਖੋਥੜਾਂ, ਆਤਮਾ ਸਿੰਘ ਖੋਥੜਾ, ਗੁਰਦੇਵ ਸਿੰਘ ਢੱਡੇ ਆਦਿ ਮੈਂਬਰ ਚੁਣੇ ਗਏ। ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਰੇਸ਼ਮ ਲਾਲ ਨੇ ਕਿਹਾ ਕਿ ਜੋ ਜ਼ਿੰਮੇਵਾਰੀ ਮੈਨੂੰ ਸੌਂਪੀ ਗਈ ਹੈ ਮੈਂ ਉਸ ਪੂਰੀ ਇਮਾਨਦਾਰੀ ਨਾਲ ਨਿਭਾਵਾਂਗਾ।ਉਹਨਾ ਕਿਹਾ ਕਿ ਐਸੋਸੀਏਸ਼ਨ ਵੱਲੋਂ ਵਾਤਾਵਰਣ ਹਰਿਆ ਭਰਿਆ ਰੱਖਣ ਅਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ।

# ਗਾਇਕ ਰੇਸ਼ਮ ਸਿੰਘ ਰੇਸ਼ਮ ਨੂੰ ਸਦਮਾ, ਮਾਤਾ ਦਾ ਦਿਹਾਂਤ



**ਬੰਗਾ (ਚਰਨਜੀਤ ਸੱਲ੍ਹਾ)–** ਪ੍ਰਵਾਸੀ ਪੰਜਾਬੀ ਗਾਇਕ ਤੇ ਸਮਾਜ ਸੇਵੀ ਰੇਸ਼ਮ ਸਿੰਘ ਰੇਸ਼ਮ ਦੀ ਮਾਤਾ ਨਛੱਤਰ ਕੌਰ ਦਾ ਦਿਹਾਂਤ ਹੋ ਗਿਆ। ਮਾਤਾ ਨਛੱਤਰ ਕੌਰ 91 ਸਾਲ ਦੀ ਉਮਰ ਭੋਗ ਕੇ ਇਸ ਫਾਨੀ ਸੰਸਾਰ ਨੂੰ ਅਮਰੀਕਾ ਦੇ ਨਿਊ ਜਰਸੀ ਵਿਖੇ ਅਲਵਿਦਾ ਆਖ ਗਏ। ਗਾਇਕ ਰੇਸ਼ਮ ਸਿੰਘ ਰੇਸ਼ਮ ਨੇ ਭਰੇ ਮਨ ਨਾਲ ਦੱਸਿਆ ਕਿ ਮਾਤਾ ਜੀ ਨੇ ਬਹੁਤ ਸਖਤ ਮਿਹਨਤ ਕਰਕੇ ਸਾਨੂੰ ਇਸ ਮੁਕਾਮ ਤੇ ਪਹੁੰਚਾਇਆ ਹੈ ,ਜੋ ਕੁੱਝ ਵੀ ਹਾਂ ਮਾਤਾ ਦੀ ਨੇਕਨਾਮੀ ਕਰਕੇ ਹੀ ਹਾਂ। ਮਾਂ ਦੇਣ ਕੋਈ ਵੀ ਇਨਸਾਨ ਕਦੇ ਵੀ ਦੇ ਨਹੀਂ ਸਕਦਾ। ਉਹਨਾਂ ਨਾਲ ਇਸ ਦੁੱਖ ਦੀ ਘੜੀ ਵਿੱਚ ਦੁੱਖ ਸਾਂਝਾ ਕਰਨ ਵਿੱਚ ਡਾ।ਵੇਦ ਪ੍ਰਕਾਸ਼, ਡਾ. ਸੁਖਵਿੰਦਰ ਹੀਰਾ, ਡਾ।ਕਸ਼ਮੀਰ ਚੰਦ, ਪ੍ਰਿੰਸੀਪਲ ਮੋਹਨ ਲਾਲ, ਲੈਕ:ਸ਼ੰਕਰ ਦਾਸ, ਸਵਰਨ ਸਿੰਘ ਟਹਿਣਾ ਚੱਜ ਦਾ ਵਿਚਾਰ,ਪ੍ਰੇਮ ਸਿੰਘ ਸੂਰਾਪੁਰੀ ਸਕੱਤਰ ਬਾਬਾ ਜਵਾਹਰ ਸਿੰਘ ਸੇਵਾ ਸੁਸਾਇਟੀ, ਸੁਰਿੰਦਰ ਸਿੰਘ ਮੰਗੂਵਾਲ, ਸ਼ੁਭਾਸ਼ ਸੱਲਵੀ, ਡਾ. ਅਮਰੀਕ ਸਿੰਘ, ਸ਼ਿੰਗਾਰਾ ਸਿੰਘ ਬਲਾਕ ਸੰਮਤੀ ਮੈਂਬਰ, ਬਲਵੀਰ ਸਿੰਘ ਮਜਾਰੀ, ਗੁਰਦਾਵਰ ਸਿੰਘ ਕਨੇਡਾ, ਰਾਮ ਲੁਭਾਇਆ ਸਰਪੰਚ, ਸਤਵੀਰ ਸਿੰਘ ਪੱਲੀ ਝਿੱਕੀ, ਮੈਨੇਜਰ ਸੇਵਾ ਦਾਸ, ਮੈਨੇਜਰ ਸੁਰਿੰਦਰ ਮੋਹਨ, ਹਰਜਿੰਦਰ ਸਿੰਘ, ਸੁਰਿੰਦਰ ਕਰਮ, ਸੁਰਿੰਦਰ ਸਿੰਘ ਡੀਪੀਈ , ਐਸ ਅਸ਼ੋਕ ਭੌਰਾ ਪ੍ਰਸਿੱਧ ਲੇਖਕ ਤੇ ਹੋਰ ਸਮਾਜਿਕ ਤੇ ਸੱਭਿਆਚਾਰਕ ਸ਼ਖਸੀਅਤਾਂ ਨੇ ਉਹਨਾਂ ਨਾਲ ਦੁੱਖ ਸਾਂਝਾ ਕੀਤਾ। ਪਰ ਸੇਵਾ ਦਾਸ, ਮੈਨੇਜਰ ਸੁਰਿੰਦਰ ਮੋਹਨ, ਹਰਜਿੰਦਰ ਸਿੰਘ, ਸੁਰਿੰਦਰ ਕਰਮ, ਸੁਰਿੰਦਰ ਸਿੰਘ ਡੀਪੀਈ, ਐਸ ਅਸ਼ੋਕ ਭੌਰਾ ਪ੍ਰਸਿੱਧ ਲੇਖਕ ਤੇ ਹੋਰ ਸਮਾਜਿਕ ਤੇ ਸੱਭਿਆਚਾਰਕ ਸ਼ਖਸੀਅਤਾਂ ਨੇ ਉਹਨਾਂ ਨਾਲ ਦੁੱਖ ਸਾਂਝਾ ਕੀਤਾ।

# ਪੰਜਾਬੀ ਨੌਜਵਾਨ ਗੁਰਜੀਤ ਸਿੰਘ ਦੇ ਕਤਲ ਸਬੰਧੀ ਗ੍ਰਿਫਤਾਰ ਵਿਅਕਤੀ ਦਾ ਨਾਂਅ ਰਾਜਿੰਦਰ



**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਡੁਨੀਡਨ ਵਿਖੇ 29 ਜਨਵਰੀ ਨੂੰ ਪੰਜਾਬੀ ਨੌਜਵਾਨ ਗੁਰਜੀਤ ਸਿੰਘ ( ਪਿੰਡ ਪਮਾਲ, ਲੁਧਿਆਣਾ) ਦੀ ਉਸਦੀ ਰਿਹਾਇਸ਼ ਉਤੇ ਹੱਤਿਆ ਕਰ ਦਿੱਤੀ ਗਈ ਸੀ, ਇਸਦੇ ਸਬੰਧ ਵਿਚ ਇਕ ਵਿਅਕਤੀ ਗ੍ਰਿਫਤਾਰ ਸੀ ਜਿਸ ਦਾ ਨਾਂਅ ਗੁਪਤ ਰੱਖਿਆ ਗਿਆ ਸੀ। ਹੁਣ ਉਸਦੀ ਪਹਿਚਾਣ ਜਨਤਕ ਕਰ ਦਿੱਤੀ ਗਈ ਹੈ। ਇਹ 33 ਸਾਲਾ ਟੈਕਨੀਸ਼ੀਅਨ ਰਾਜਿੰਦਰ ਹੈ।

ਜਦੋਂ ਰਜਿੰਦਰ ਪਿਛਲੇ ਮਹੀਨੇ ਡੁਨੇਡਿਨ ਵਿਖੇ ਹਾਈ ਕੋਰਟ ਵਿੱਚ ਪੇਸ਼ ਹੋਇਆ ਸੀ, ਤਾਂ ਜਸਟਿਸ ਕੈਮਰੂਨ ਮੰਡੇਰ ਨੇ ਉਸ ਵਿਅਕਤੀ ਦਾ ਨਾਂਅ ਗੁਪਤ ਰੱਖਣ ਦਾ ਆਦੇਸ਼ ਦਿੱਤਾ ਸੀ। ਅੱਜ ਇਹ ਨਾਂਅ ਹੋਰ ਅੱਗੇ ਤੱਕ ਗੁਪਤ ਰੱਖਣ ਲਈ ਵਕੀਲ ਜੌਨ ਵੈਸਟਗੇਟ ਵੱਲੋਂ ਕੋਈ ਅਰਜ਼ੀ ਨਹੀਂ ਦਿੱਤੀ ਗਈ ਸੀ। ਜਿਸ ਕਰਕੇ ਨਾਂਅ ਜ਼ਾਹਿਰ ਹੋ ਗਿਆ ਹੈ। ਰਜਿੰਦਰ ਨੂੰ ਇੱਕ ਹਫ਼ਤੇ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਦੋਂ ਤੋਂ ਜ਼ਮਾਨਤ ਲਈ ਅਰਜ਼ੀ ਦਿੱਤੇ ਬਿਨਾਂ ਹਿਰਾਸਤ ਵਿੱਚ ਹੈ। ਡਿਟੈਕਟਿਵ ਸੀਨੀਅਰ ਸਾਰਜੈਂਟ ਕਲੂਮ ਕਰੌਡਿਸ ਨੇ ਇੱਕ ਵੱਡੀ ਟੀਮ ਦੇ ਮਹੱਤਵਪੂਰਨ ਖੋਜੀ ਯਤਨਾਂ ਨੂੰ ਸਵੀਕਾਰ ਕੀਤਾ ਅਤੇ ਜਾਣਕਾਰੀ ਅਤੇ ਸੀਸੀਟੀਵੀ ਫੁਟੇਜ ਰਾਹੀਂ ਜਨਤਾ ਦੀ ਸਹਾਇਤਾ ਲਈ ਧੰਨਵਾਦ ਪ੍ਰਗਟ ਕੀਤਾ। ਰਾਜਿੰਦਰ ਨੂੰ ਅਪਰੈਲ ਵਿੱਚ ਮੁੜ ਹਾਈ ਕੋਰਟ ਵਿੱਚ ਪੇਸ਼ ਕੀਤਾ ਜਾਣਾ ਹੈ।

# ਡੇਅਰੀ ਮਾਲਕ ਜਨਕ ਪਟੇਲ ਦੀ ਹੱਤਿਆ ਲਈ 35 ਸਾਲਾ ਫਰੈਡਰਿਕ ਗਿਲਬਰਟ ਹੌਬਸਨ ਨੇ ਦੋਸ਼ ਕਬੂਲਿਆ




**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** 23 ਨਵੰਬਰ 2022 ਨੂੰ ਰੋਜ਼ ਕੌਟੇਜ਼ ਸੁਪਰਏਟ ਸੈਂਡਰਿੰਗਮ ਵਿਖੇ ਡੇਅਰੀ ਉਤੇ ਕੰਮ ਕਰਦੇ ਜਨਕ ਪਟੇਲ (34) ਦੀ ਹੱਤਿਆ ਕਰ ਦਿੱਤੀ ਗਈ ਸੀ। ਉਹ ਡੇਅਰੀ ਮਾਲਕ ਤਾਂ ਨਹੀਂ ਸੀ, ਪਰ ਉਸਦਾ ਮਾਲਕ ਉਸ ਵੇਲੇ ਇੰਡੀਆ ਗਿਆ ਹੋਇਆ ਸੀ ਅਤੇ ਉਹ ਡੇਅਰੀ ਦਾ ਕੰਮ ਕਾਰ ਵੇਖ ਰਿਹਾ ਸੀ। ਰਾਤ 8 ਵਜੇ ਇਹ ਲੁਟੇਰਾ ਡੇਅਰੀ ਲੁੱਟਣ ਆਇਆ, ਕੈਸ਼ ਰਜਿਸਟਰ ਦੁਕਾਨ ਤੋਂ 100 ਮੀਟਰ ਦੂਰ ਬਾਹਰ ਲਿਜਾ ਕੇ ਇਕ ਬਿਨ ਵਿਚ ਸੁੱਟ ਰਿਹਾ ਸੀ ਤਾਂ, ਜਨਕ ਪਟੇਲ ਉਸ ਦੇ ਨਾਲ ਜਾ ਕੇ ਉਲਝ ਗਿਆ ਸੀ, ਜਿਸ ਦੇ ਚਲਦਿਆਂ ਉਸ ਲੁਟੇਰੇ ਨੇ ਚਾਕੂ ਨਾਲ ਉਸ ਉਤੇ ਹਮਲਾ ਕਰ ਦਿੱਤਾ ਸੀ। ਸੀ। ਸੀ। ਫੁਟੇਜ਼ ਦੇ ਵਿਚ ਇਹ ਸਾਰਾ ਕੁਝ ਰਿਕਾਰਡ ਹੋ ਗਿਆ ਸੀ। ਜਨਕ ਪਟੇਲ ਕਿਸੀ ਤਰ੍ਹਾਂ ਜ਼ਖਮੀ ਹਾਲਤ ਵਿਚ ਵਾਪਿਸ ਡੇਅਰੀ ਉਤੇ ਆ ਗਿਆ ਸੀ ਅਤੇ ਐਮਰਜੈਂਸੀ ਸੇਵਾਵਾਂ ਨੂੰ ਫੋਨ ਕੀਤਾ ਸੀ।

ਇਸ ਕੇਸ ਦਾ ਪੂਰੇ ਦੇਸ਼ ਦੇ ਵਿਚ ਵਿਰੋਧ ਹੋਇਆ ਸੀ ਅਤੇ ਪੁਲਿਸ ਨੇ ਇਸ ਸਬੰਧ ਵਿਚ ਤਿੰਨ ਵਿਅਕਤੀਆਂ ਨੂੰ ਪਿਛਲੇ ਸਾਲ ਗ੍ਰਿਫਤਾਰ ਕੀਤਾ ਸੀ। ਇਨ੍ਹਾਂ ਦੇ ਵਿਚੋਂ 34 ਸਾਲਾ ਫੈਡਰਿਕ ਹੌਬਸਨ ਦੇ ਉਤੇ ਕਤਲ ਦਾ ਦੋਸ਼ ਲੱਗਿਆ ਸੀ। ਇਸ ਦੋਸ਼ੀ ਵਿਅਕਤੀ ਨੇ ਅੱਜ ਔਕਲੈਂਡ ਹਾਈਕੋਰਟ ਦੇ ਵਿਚ ਹੁਣ ਆਪਣਾ ਦੋਸ਼ ਕਬੂਲ ਕਰ ਲਿਆ ਗਿਆ ਹੈ। ਇਸ ਵਿਅਕਤੀ ਨੂੰ 26 ਜੂਨ ਨੂੰ ਸਜ਼ਾ ਦਿੱਤੀ ਜਾਵੇਗੀ।

# ਬੇਗਮਪੁਰਾ ਏਡ ਇੰਟਰਨੈਸ਼ਨਲ ਦੀ ਟੀਮ ਨੇ ਭਾਈ ਰਾਮ ਸਿੰਘ ਮੈਂਗੜਾ ਦੀ ਅਗਵਾਈ 'ਚ ਮਨੁੱਖਤਾ ਦੀ ਭਲਾਈ ਕੀਤਾ ਨੇਕ ਉਪਰਾਲਾ

## ਕਾਂਸ਼ੀ ਬਨਾਰਸ ਦੀ ਪਵਿੱਤਰ ਧਰਤੀ 'ਤੇ ਲਗਾਏ ਫ੍ਰੀ ਮੈਡੀਕਲ ਕੈਂਪ 'ਚ 2 ਲੱਖ 25 ਹਜ਼ਾਰ ਲੋੜਵੰਦਾਂ ਨੇ ਉਠਾਇਆ ਲਾਭ

**ਫਗਵਾੜਾ (ਬੀ.ਕੇ. ਰੱਤੂ)–** ਬੇਗਮਪੂਰਾ ਏਡ ਇੰਟਰਨੈਸ਼ਨਲ ਟੀਮ ਫਰਾਂਸ ਵੱਲੋਂ ਭਾਈ ਰਾਮ ਸਿੰਘ ਮੈਂਗੜਾ ਦੀ ਅਗਵਾਈ ਹੇਠ ਕਾਂਸ਼ੀ ਬਨਾਰਸ ਦੀ ਧਰਤੀ 'ਤੇ ਦੂਸਰਾ ਫ੍ਰੀ ਮੈਡੀਕਲ ਕੈਂਪ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647 ਵੇਂ ਗੁਰਪੂਰਬ 'ਤੇ ਤਿੰਨ ਦਿਨ ਲਗਾਇਆ ਗਿਆ । ਜਿਸ ਵਿੱਚ ਉਚੇਚੇ ਤੌਰ ਤੇ ਫਰਾਂਸ ਟੀਮ ਦੇ ਸੀਨੀਅਰ ਸਹਿਯੋਗੀ ਅਮਰਜੀਤ ਕੁਮਾਰ ਕੈਲੇ, ਮੁਖਤਿਆਰ ਪੋਲ ਸਾਬ, ਚਮਨ ਲਾਲ, ਰੋਸ਼ਨ ਗੁਰੂ, ਸ਼ਾਮਿਲ ਹੋਏ ਅਤੇ ਜਰਮਨ ਤੋ ਬੇਗਮਪੁਰਾ ਸੰਸਥਾ ਦੇ ਸੀਨੀਅਰ ਮੈਂਬਰ ਹੰਣਸ ਰਾਜ ਬਾਲੀ ਆਪਣੀ ਪਤਨੀ ਪ੍ਰਮਿੰਦਰ ਬਾਲੀ ਨਾਲ ਇਸ ਮਿਸ਼ਨ ਵਿੱਚ ਆਪਣਾ ਯੋਗਦਾਨ ਪਾਉਣ ਲਈ ਪਹੁੰਚੇ। ਬੇਗਮਪੁਰਾ ਏਡ ਇੰਟਰਨੈਸ਼ਨਲ ਭਾਰਤ ਟੀਮ ਵੱਲੋਂ ਡਾਂ ਰਾਜ ਕੁਮਾਰ ਤੇ ਡਾ. ਮਨਜੀਤ ਕੁਮਾਰ ਦੀ ਅਗਵਾਈ ਹੇਠ ਡਾਕਟਰਾਂ



ਦੀ ਸਪੈਸ਼ਲ ਟੀਮ ਪਹੁੰਚੀ। ਜਿਨਾਂ ਵਿੱਚ ਡਾਂ ਦਲਬੀਰ ਰੰਧਾਵਾ ਜੀ, ਬਲਦੇਵ ਪ੍ਰਕਾਸ਼ ਜੀ, ਵਿਪਨ ਕੁਮਾਰ, ਰੂਪ ਲਾਲ, ਸੋਢੀ ਲਾਲ, ਸੁਖਵਿੰਦਰ ਰਾਮ, ਮਨਜੀਤ ਕੁਮਾਰ, ਜਸਬੀਰ, ਸਤਨਾਮ ਰਾਮ ਰਤੂ, ਪਰਮਜੀਤ ਸਿੰਘ, ਇੰਦਰਜੀਤ ਜੀ, ਚਰਨਜੀਤ ਕੁਮਾਰ, ਸਪਨਾ ਜੀ, ਮਨਪ੍ਰੀਤ ਕੌਰ ਤੇ ਅਮਨਦੀਪ ਕੌਰ ਵਿਸ਼ੇਸ਼ ਡਾਕਟਰੀ ਟੀਮ ਵਿੱਚ ਸ਼ਾਮਿਲ ਹੋਏ। ਤਿੰਨ ਦਿਨ ਚੱਲੇ ਫ੍ਰੀ ਕੈਂਪ ਦੌਰਾਨ 2 ਲੱਖ ਪੱਚੀ ਹਜ਼ਾਰ ਦੇ ਕਰੀਬ ਮਰੀਜ਼ਾਂ ਨੂੰ ਫ੍ਰੀ ਦਵਾਈਆਂ ਦਿੱਤੀਆਂ ਗਈਆਂ। ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਦੇ ਸਾਰੇ ਹੀ ਮੈਂਬਰ ਸ਼੍ਰੀ ਰਾਜ ਕੁਮਾਰ ਗਿੰਡਾ ਦੇ ਵਿਸ਼ੇਸ਼ ਧੰਨਵਾਦੀ ਹਨ। ਜਿਨਾਂ ਦੀ ਮਿਹਨਤ ਸਦਕਾ ਕਾਂਸ਼ੀ ਬਨਾਰਸ ਵਿੱਚ ਮੈਡੀਕਲ ਕੈਂਪ ਲਾਉਣ ਦੀ ਆਗਿਆ ਮਿਲੀ ਅਤੇ ਉਹਨਾਂ ਨੇ ਵੱਧ ਚੜ ਕੇ ਟੀਮ ਦਾ ਸਹਿਯੋਗ ਕੀਤਾ। ਬੇਗਮਪੁਰਾ ਏਡ ਸੰਸਥਾ ਅੱਗੇ ਤੋ ਵੀ ਰਾਜ ਕੁਮਾਰ ਹੁਣਾ ਤੋ ਉਮੀਦ ਕਰਦੀ ਹੈ ਕਿ ਵੀਰ ਇਸੇ ਤਰਾ ਵੱਧ ਚੱੜਕੇ ਹਿੱਸਾ ਪਾਉਣਗੇ। ਆਖੀਰ ਵਿੱਚ ਬੇਗਮਪੁਰਾ ਏਡ ਇੰਟਰਨੈਸ਼ਨਲ ਵੱਲੋਂ ਸਾਰੇ ਡਾਕਟਰ ਸਾਹਿਬਾਨਾਂ ਅਤੇ ਪੂਰੇ ਸਟਾਫ਼ ਨੂੰ ਬੇਗਮਪੁਰਾ ਏਡ ਸੰਸਥਾ ਦੀਆਂ ਟੀ-ਸ਼ਰਟਾ ਤੇ ਮਾਣ ਸਤਿਕਾਰ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

# ਰਵਿੰਦਰ ਸਿੰਘ ਜਰਮਨ ਵਲੋਂ ਖ਼ਾਲਸਾ ਕਾਲਜ ਦੀਆਂ ਲੋੜਵੰਦ ਵਿਦਿਆਰਥਣਾਂ ਦੀ ਮਾਇਕ ਮਦਦ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਗੜ੍ਹਸ਼ੰਕਰ ਵਾਸੀ ਐਨ ਆਰ ਆਈ ਜਰਮਨ ’ਚ ਰਹਿੰਦੇ ਦਾਨੀ ਸੱਜਣ ਰਵਿੰਦਰ ਸਿੰਘ ਜਰਮਨ ਪੁੱਤਰ ਸਵਰਗੀ ਕੁਲਵੰਤ ਸਿੰਘ, ਮਾਤਾ ਰਾਜ ਰਾਣੀ ਵਲੋਂ ਜੇ।ਪੀ। ਸਿੰਘ ਗੜ੍ਹਸ਼ੰਕਰ ਦੀ ਪ੍ਰੇਰਨਾ ਨਾਲ ਸਥਾਨਕ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਦੀਆਂ 3 ਲੋੜਵੰਦ ਵਿਦਿਆਰਥਣਾਂ ਨੂੰ 10-10 ਹਜ਼ਾਰ ਰੁਪਏ ਦੀ ਮਾਇਕ ਮਦਦ ਭੇਜੀ ਗਈ ਹੈ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ। ਲਖਵਿੰਦਰਜੀਤ ਕੌਰ ਅਤੇ ਜੇ।ਪੀ। ਸਿੰਘ ਵਲੋਂ ਸਾਂਝੇ ਤੌਰ ’ਤੇ ਵਿਦਿਆਰਥਣਾਂ ਨੂੰ ਮਾਇਕ ਮਦਦ ਭੇਟ ਕੀਤੀ ਗਈ। ਜੇ।ਪੀ।ਸਿੰਘ ਨੇ ਦੱਸਿਆ ਕਿ ਰਵਿੰਦਰ ਸਿੰਘ ਜਰਮਨ ਵਲੋਂ ਹਰ ਸਾਲ ਆਪਣੀ ਕਿਰਤ ਕਮਾਈ ਵਿਚੋਂ ਲੋੜਵੰਦ ਬੱਚਿਆਂ ਦੀ ਮਦਦ ਕੀਤੀ ਜਾਂਦੀ ਹੈ। ਕਾਰਜਕਾਰੀ ਪ੍ਰਿੰਸੀਪਲ ਪ੍ਰੋ। ਲਖਵਿੰਦਰਜੀਤ ਕੌਰ ਨੇ ਇਸ ਉਪਰਾਲੇ ਲਈ ਰਵਿੰਦਰ ਸਿੰਘ ਜਰਮਨ ਦੇ ਪਰਿਵਾਰ ਦਾ ਅਦਾਰੇ ਵਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰੋ। ਕਿਰਨਜੋਤ ਕੌਰ, ਡਾ। ਅਜੇ ਦੱਤਾ ਤੇ ਹੋਰ ਹਾਜ਼ਰ ਹੋਏ।

# ਆਸਟ੍ਰੇਲੀਆ ਸਿਡਨੀ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ ਪੁਰਬ ਸ਼ਰਧਾ ਨਾਲ ਮਨਾਇਆ

## ਵਿੱਕੀ ਬਹਾਦਰਕੇ ਮਿਸ਼ਨਰੀ ਗਾਇਕ ਨੇ ਪ੍ਰੋਗਰਾਮ ਦੌਰਾਨ ਕੀਲਿਆ ਸਮਾਂ





**ਕਨੇਡਾ / ਵੈਨਕੂਵਰ (ਕੁਲਦੀਪ ਚੁੰਬਰ)–** ਆਸਟ੍ਰੇਲੀਆ ਦੀ ਧਰਤੀ ਤੇ ਸਿਡਨੀ ਸ਼ਹਿਰ ਦੇ ਵਿਚ ਸ਼੍ਰੀ ਗੁਰੂ ਰਵਿਦਾਸ ਸਭਾ ਸਿਡਨੀ ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 647ਵਾਂ ਆਗਮਨ ਗੁਰਪੁਰਬ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ ਨੇ ਇੰਡੀਆ ਤੋਂ ਵਿਸ਼ੇਸ਼ ਤੌਰ ਤੇ ਆਸਟ੍ਰੇਲੀਆ ਦੀ ਧਰਤੀ ਤੇ ਪੁੱਜ ਕੇ ਜਗਤ ਗੁਰੂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ , ਪ੍ਰੋਗਰਾਮ ਦੌਰਾਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਤੇ ਸਾਹਿਬ ਕਾਂਸ਼ੀ ਰਾਮ ਜੀ ਦੇ ਜੀਵਨ ਤੇ ਵਿਚਾਰਾਂ ਕੀਤੀਆਂ ਗਈਆਂ ਅਤੇ ਪ੍ਰਬੰਧਕ ਕਮੇਟੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ । ਸਭਾ ਦੇ ਚੇਅਰਮੈਨ ਬਲਜਿੰਦਰ ਰਤਨ, ਪ੍ਰਧਾਨ ਸੋਢੀ ਸਾਬ, ਵਿਨੋਦ ਕੁਮਾਰ, ਭੈਣ ਸੀਮਾ ਜੀ, ਸ਼ਾਮ ਲਾਲ, ਸੁਸ਼ੀਲ ਭਾਜੀ, ਅਸ਼ੋਕ ਬੰਗਾ, ਜੱਸੀ ਸਾਬ, ਨਰੇਸ਼ ਕੁਮਾਰ, ਸੁਨੀਲ ਬੱਧਣ, ਹੈਪੀ ਰੱਤੂ , ਗੁਰਮੀਤ ਲਾਂਗੜੀਆਂ ਤੇ ਹੋਰ ਸਾਥੀਆਂ ਦਾ ਵੀ ਬਹੁਤ ਬਹੁਤ ਧੰਨਵਾਦ ਕੀਤਾ ਗਿਆ, ਜਿਨਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਦੀਆਂ ਖੁਸ਼ੀਆਂ ਨੂੰ ਸੰਸਾਰ ਪੱਧਰ ਤੇ ਇਹ ਪ੍ਰੋਗਰਾਮ ਮਨਾਕੇ ਪਹੁੰਚਾਇਆ। ਅੰਤ ਵਿੱਚ ਵਿੱਕੀ ਬਹਾਦਰਕੇ ਮਿਸ਼ਨਰੀ ਕਲਾਕਾਰ ਦਾ ਵਿਸ਼ੇਸ਼ ਤੌਰ ਤੇ ਸਤਿਗੁਰੂ ਰਵਿਦਾਸ ਸਭਾ ਸਿਡਨੀ ਆਸਟ੍ਰੇਲੀਆ ਵਲੋਂ ਸਨਮਾਨ ਕੀਤਾ ਗਿਆ।

# ਸ੍ਰੀ ਮਾਨ 108 ਘਨੀਆ ਦੀ ਯਾਦ ਵਿਚ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਪਠਲਾਵਾ ਦੀ ਸਮਾਪਤੀ

## ਅੱਜ ਦੋਵੇਂ ਟੀਮਾਂ ਏ ਅਤੇ ਬੀ ਬਰਾਬਰ ਰਹੀਆਂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸ੍ਰੀ ਮਾਨ ਸੰਤ 108 ਘਨੀਆ ਸਿੰਘ ਜੀ ਦੀ ਯਾਦ ਵਿੱਚ ਪਿੰਡ ਪਠਲਾਵਾ ਵਿਖੇ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ। ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਦੀ ਸ਼ੁਰੂਆਤ ਕਰਵਾਈ ਗਈ। ਅੱਜ ਮੈਚ ਦਾ ਆਖਰੀ ਦਿਨ ਸੀ। ਪਹਿਲਾਂ ਸਾਈਫਾਈਨਲ ਮੈਚ ਜਿੰਦੋਵਾ.ਲ ਅਤੇ ਸਲੋਹ ਵਿਚਕਾਰ ਮੁਕਾਬਲਾ ਹੋਇਆ, ਪਹਿਲਾਂ ਤਾਂ ਆਫ ਟਾਈਮ ਤੱਕ ਬਹੁਤ ਵਧੀਆ ਮੁਕਾਬਲਾ ਹੁੰਦਾ ਰਿਹਾ।ਬਸ ਇੱਕ ਗੋਲ ਨਾਲ ਹੀ ਸਲੋਹ ਪਿਛੇ ਸੀ।ਆਫ ਟਾਈਮ ਤੋਂ ਬਾਅਦ ਜਿੰਦੋਵਾਲ ਦੀ ਟੀਮ ਐਨਾਂ ਵਧੀਆ ਖੇਡੀ ਕਿ ਇੱਕ ਗੋਲ ਤੋਂ ਬਾਅਦ ਚਾਰ ਗੋਲ ਸਲੋਹ ਵੱਲ ਕਰ ਦਿੱਤੇ। ਸਲੋਹ ਟੀਮ ਨੇ ਲੱਗਦਾ ਸੀ ਕਿ ਹਾਰ ਮੰਨ ਲਈ ਤੇ ਸਮੇਂ ਤੋਂ ਪਹਿਲਾਂ ਹੀ ਹੱਥ ਖੜ੍ਹੇ ਕਰ ਦਿੱਤੇ। ਫਿਰ ਫਾਈਨਲ ਮੈਚ ਦੀ ਵਾਰੀ ਆਈ ਪਿੰਡ ਪਠਲਾਵਾ ਅਤੇ ਪਿੰਡ ਝਿੰਗੜਾਂ



ਫੁੱਟਬਾਲ ਦੀਆਂ ਬੀ ਟੀਮਾਂ ਵਿਚਕਾਰ ਮੁਕਾਬਲਾ ਹੋਇਆ। ਮੁਕਾਬਲਾ ਐਨਾ ਜਬਰਦਸਤ ਸੀ ਕਿ ਦੋਵੇਂ ਟੀਮਾਂ ਬਰਾਬਰ ਰਹੀਆਂ। ਪਿੰਡ ਦੀ ਟੀਮ ਨੇ ਝਿੰਗੜਾਂ ਦੀ ਫੁੱਟਬਾਲ ਟੀਮ ਦਾ ਮਾਣ ਰੱਖਿਆ ਕਿ ਪੈਸੇ ਬਰਾਬਰ ਬਰਾਬਰ ਲੈ ਲਏ ਅਤੇ ਸੀਲਡ ਝਿੰਗੜਾਂ ਦੀ ਟੀਮ ਨੂੰ ਦੇ ਦਿੱਤੀ। ਪਿੰਡ ਪਠਲਾਵਾ ਅਤੇ ਜਿੰਦੋਵਾਲ ਦੀ ਏ ਟੀਮਾਂ ਵਿਚਕਾਰ ਮੁਕਾਬਲਾ ਹੋਇਆ।ਕਈ ਵਾਰ ਗੋਲ ਹੋਣ ਤੋਂ ਪਠਲਾਵਾ ਦੀ ਟੀਮ ਦਾ ਵਿਚਾਓ ਹੋਇਆ ਅਤੇ ਕਈ ਵਾਰ ਗੋਲ ਹੋਣ ਤੋਂ ਜਿੰਦੋਵਾਲ ਦੀ ਟੀਮ ਦਾ ਵਿਚਾਓ ਹੋਇਆ।ਪਰ ਖੇਡ ਦੋਵੇਂ ਟੀਮਾਂ ਬਹੁਤ ਵਧੀਆ ਰਹੀਆਂ ਸਨ। ਇਸ ਫਾਈਨਲ ਮੁਕਾਬਲੇ ਵਿੱਚ ਵੀ ਜਿੰਦੋਵਾਲ ਅਤੇ ਪਠਲਾਵਾ ਦੀ ਫੁੱਟਬਾਲ ਦੀ ਟੀਮ ਬਰਾਬਰ ਰਹੀਆਂ। ਇਸ ਮੌਕੇ ਤੇ ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਬੰਗਾ, ਬਲਵੀਰ ਸਿੰਘ ਕਰਵਾਣਾ ਚੇਅਰਮੈਨ ਬੰਗਾ, ਸਤਵੀਰ ਸਿੰਘ ਪੱਲੀ ਝਿੱਕੀ ਕਾਂਗਰਸੀ ਆਗੂ, ਟੂਰਨਾਮੈਂਟ ਕਰਵਾਉਣ ਵਾਲੇ ਸਾਰੇ ਮੈਂਬਰ ਹਾਜ਼ਰ ਸਨ। ਟੂਰਨਾਮੈਂਟ ਵਿੱਚ ਚਾਹ ਦਾ ਲੰਗਰ ਅਤੇ ਗੁਰੂ ਕਾ ਲੰਗਰ ਬਹੁਤ ਹੀ ਸ਼ਰਧਾ ਨਾਲ ਹਰੇਕ ਛੋਟੇ ਬੱਚੇ ਤੋਂ ਲੈਕੇ ਬਜ਼ੁਰਗ ਤੱਕ ਛਕਾਇਆ ਗਿਆ।

# ਪੰਜਾਬ ਦੇ ਸਕੂਲ ਸਿੱਖਿਆ ਵਿਭਾਗ ਨੇ ਸਕੂਲਾਂ ਦੇ ਅਧਿਆਪਕਾਂ ਅਤੇ ਨਾਨ ਟੀਚਿੰਗ ਤੋਂ ਬਦਲੀਆਂ ਲਈ ਅਰਜ਼ੀਆਂ ਮੰਗੀਆਂ

**ਚੰਡੀਗੜ੍ਹ (ਦਲਜੀਤ ਕੌਰ)–** ਸਕੂਲ ਸਿੱਖਿਆ ਵਿਭਾਗ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ, ਕੰਪਿਊਟਰ ਫੈਕਲਟੀ ਅਤੇ ਨਾਨ ਟੀਚਿੰਗ ਦੀਆਂ ਆਮ ਬਦਲੀਆਂ ਦੀ ਪ੍ਰਕਿਰਿਆ ਜੂਨ ਮਹੀਨੇ ਦੀ ਬਜਾਏ ਇਸ ਵਾਰ ਮਾਰਚ ਮਹੀਨੇ ਤੋਂ ਸ਼ੁਰੂ ਕਰ ਦਿੱਤੀ ਹਨ ਹੈ। ਬਦਲੀਆਂ ਕਰਵਾਉਣ ਲਈ ਇੱਛੁਕ ਅਧਿਆਪਕ 12 ਮਾਰਚ ਤੋਂ 19 ਮਾਰਚ ਤੱਕ ਆਨਲਾਈਨ ਅਪਲਾਈ ਕਰ ਸਕਦੇ ਹਨ। ਸਕੂਲ ਸਿੱਖਿਆ ਵਿਭਾਗ ਨੇ ਅੱਜ ਤੋਂ ਹੀ ਅਧਿਆਪਕਾਂ ਦੀਆਂ ਆਮ ਬਦਲੀਆਂ ਲਈ ਆਨਲਾਈਨ ਅਪਲਾਈ ਪੋਰਟਲ ਖੋਲ੍ਹ ਦਿੱਤਾ ਹੈ। ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਬਦਲੀ ਕਰਵਾਉਣ ਦੇ ਇੱਛੁਕ ਅਧਿਆਪਕ 12 ਮਾਰਚ ਤੋਂ 19 ਮਾਰਚ 2024 ਤੱਕ ਸਿੱਖਿਆ ਵਿਭਾਗ ਦੇ ਈ-ਪੰਜਾਬ ਪੋਰਟਲ ਤੇ ਆਨਲਾਈਨ ਅਪਲਾਈ ਕਰ ਸਕਦੇ ਹਨ। ਬੈਂਸ ਨੇ ਦੱਸਿਆ ਕਿ ਇਹ ਬਦਲੀਆਂ 2019 ਦੀ ਟੀਚਰ ਟਰਾਂਸਫਰ ਪਾਲਿਸੀ ਅਤੇ 2020 ਦੀ ਸੋਧੀ ਹੋਈ ਪਾਲਿਸੀ ਅਨੁਸਾਰ ਹੋਣਗੀਆਂ। ਸਾਲ 2024 ਦੌਰਾਨ ਜੋ ਅਧਿਆਪਕ, ਕੰਪਿਊਟਰ ਫੈਕਲਟੀ ਅਤੇ ਨਾਨ ਟੀਚਿੰਗ ਸਟਾਫ ਪਾਲਿਸੀ ਅਨੁਸਾਰ ਕਵਰ ਹੁੰਦੇ ਹਨ ਅਤੇ ਬਦਲੀ ਕਰਵਾਉਣਾ ਚਾਹੁੰਦੇ ਹਨ ਉਹ ਆਪਣੇ ਵੇਰਵੇ ਮਿਤੀ 12 ਮਾਰਚ 2024 ਤੋਂ 19 ਮਾਰਚ 2024 ਤੱਕ ਇਪੁਨ-ਜਅਬਸਚਹੋਲਪੋਰਟਅਲ ਤੇ ਆਪਣੇ ਇਮਪਲੋਇਏ ਲੋਗਿਨ ਇਦ ਲੋਗਿਨ ਕਰਕੇ ਭਰ ਸਕਦੇ ਹਨ। ਵੇਰਵੇ ਕੇਵਲ ਆਨਲਾਈਨ ਹੀ ਭਰੇ ਜਾ ਸਕਦੇ ਹਨ। ਦਰਖਾਸਤ ਕਰਤਾਵਾਂ ਵੱਲੋਂ ਆਪਣੀ ਪ੍ਰਤੀਬੇਨਤੀਆਂ ਸਬੰਧੀ ਵੱਖ-ਵੱਖ ਵੇਰਵੇ ਭਰੇ ਜਾਣੇ ਹਨ, ਜੋ ਕਿ ਹੇਠ ਲਿਖੇ ਅਨੁਸਾਰ ਹਨ:

i. Update General Detials, ii. Update Results, iii. Update Serivce Record

ਉਪਰੋਕਤ ਵਿੱਚ ਮੁਕੰਮਲ ਵੇਰਵੇ ਭਰਨ ਉਪਰੰਤ Approve Data ਦਾ Button ਕਲਿੱਕ ਕੀਤਾ ਜਾਣਾ ਹੈ। ਉਨ੍ਹਾਂ ਦੱਸਿਆ ਕਿ ਬਦਲੀਆਂ ਕੇਵਲ ਆਨਲਾਈਨ ਹੀ ਵਿਚਾਰੀਆਂ ਜਾਣਗੀਆਂ ਜਦਕਿ ਆਫਲਾਈਨ ਵਿਧੀ ਰਾਹੀਂ ਪ੍ਰਾਪਤ ਪ੍ਰਤੀ ਬੇਨਤੀਆਂ ਨਹੀਂ ਵਿਚਾਰੀਆ ਜਾਣਗੀਆਂ।

# ਜਗਰਾਉਂ ਵਿਖੇ ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ ਪ੍ਰੀਨਿਰਵਾਣ ਦਿਵਸ ਮਨਾਇਆ ਗਿਆ

**ਜਗਰਾਉਂ (ਸਤਨਾਮ ਸਿੰਘ ਸਹੂੰਗੜਾ)–** ਮਿਤੀ 10 ਮਾਰਚ ਦਿਨ ਐਤਵਾਰ ਨੂੰ ਭਾਰਤ ਦੀ ਪਹਿਲੀ ਅਧਿਆਪਕਾ ਨੂੰ ਯਾਦ ਕੀਤਾ ਗਿਆ। ਮਹਾਂਰਾਸ਼ਟਰ ਦੇ ਮਹਾਨ ਕਰਾਂਤੀਕਾਰੀ ਸਮਾਜ ਸੁਧਾਰਕ ਮਹਾਤਮਾ ਜੋਤੀਬਾ ਫੂਲੇ ਦੀ ਪਤਨੀ ਨੇ



ਆਪਣੇ ਪਤੀ ਨਾਲ ਰਲ਼ ਕੇ ਔਰਤਾਂ ਅਤੇ ਕਿਸਾਨਾਂ ਮਜਦੂਰਾਂ ਲਈ 1848ਈ:ਵਿੱਚ ਪਹਿਲਾ ਸਕੂਲ ਖੋਲ੍ਹਿਆ। ਫੇਰ ਇੱਕ ਤੋਂ ਬਾਅਦ ਇੱਕ ਅਨੇਕਾਂ ਸਕੂਲ ਖੋਲ੍ਹੇ ਅਤੇ ਗੁਲਾਮ ਅਨਪੜ੍ਹ ਬਹੁਜਨ ਸਮਾਜ ਵਿੱਚ ਸਿੱਖਿਆ ਦੀ ਲਹਿਰ ਪੈਦਾ ਕੀਤੀ। ਇਹਨਾਂ ਦਾ ਜਨਮ 3 ਜਨਵਰੀ1831 ਈ: ਨੂੰ ਮਹਾਂਰਾਸ਼ਟਰ ਵਿੱਚ ਹੋਇਆ ਅਤੇ ਦਿਹਾਂਤ 10 ਮਾਰਚ 1897 ਈ: ਵਿੱਚ ਸਮਾਜ ਸੇਵਾ ਅਤੇ ਸਿੱਖਿਆ ਦੀ ਜੋਤ ਜਗਾਉਂਦਿਆਂ ਹੋਇਆ। ਇਸ ਮਹਾਨ ਅਧਿਆਪਕਾ ਬਾਰੇ ਡਾ. ਸੁਰਜੀਤ ਸਿੰਘ ਦੌਧਰ ਜੀ ਨੇ ਪ੍ਰਧਾਨ ਅਮਰਜੀਤ ਸਿੰਘ ਚੀਮਾ, ਮਾ. ਰਣਜੀਤ ਸਿੰਘ ਹਠੂਰ ਅਤੇ ਡਾ. ਜਸਵੀਰ ਸਿੰਘ ਨੇ ਜਾਣਕਾਰੀ ਦਿੱਤੀ ਅਤੇ ਉਹਨਾਂ ਨੂੰ ਸ਼ਰਧਾਪੂਰਵਕ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਮੌਕੇ, ਸ ਘੁਮੰਡਾ ਸਿੰਘ, ਸ ਸੁਰਿੰਦਰ ਸਿੰਘ ਢੋਲਣ, ਸਰਪੰਚ ਦਰਸ਼ਨ ਸਿੰਘ ਪੋਨਾ, ਤਰਸੇਮ ਸਿੰਘ ਅਲੀਗੜ੍ਹ, ਅਮਨਦੀਪ ਸਿੰਘ ਗੁੜ੍ਹੇ, ਮਾ।ਸ਼ਿੰਗਾਰਾ ਸਿੰਘ, ਮੈਨੇਜਰ ਬਲਵਿੰਦਰ ਸਿੰਘ, ਇੰਸਪੈਕਟਰ ਮਹਿੰਦਰ ਸਿੰਘ, ਮਾ. ਜਗਸੀਰ ਸਿੰਘ ਹਠੂਰ, ਪ੍ਰਿੰਸੀਪਲ ਗੁਰਦੀਪ ਸਿੰਘ, ਸ ਮਹਿੰਦਰ ਬੀਏ, ਸ ਸੁਰਜੀਤ ਸਿੰਘ ਜਗਰਾਉਂ ਅਤੇ ਹਰਪ੍ਰੀਤ ਸਿੰਘ ਆਦਿ ਮੈਂਬਰ ਹਾਜ਼ਰ ਸਨ।

# ਕੀ ਕੰਧ 'ਤੇ ਲਿਖਿਆ ਪੜ੍ਹ ਰਹੀ ਹੈ, ਡਰੀ ਹੋਈ ਭਾਜਪਾ?



ਗੁਰਮੀਤ ਪਲਾਹੀ
91-98158-02070

ਅਗਲੀ ਲੋਕ ਸਭਾ ਚੋਣ ਦੇ ਨੋਟੀਫੀਕੇਸ਼ਨ ਤੋਂ ਐਨ ਪਹਿਲਾਂ ਭਾਰਤੀ ਚੋਣ ਕਮਿਸ਼ਨ ਵਿੱਚ ਦੂਜੇ ਸਭ ਤੋਂ ਸਿਖ਼ਰਲੇ ਅਧਿਕਾਰੀ ਅਰੁਣ ਗੋਇਲ ਨੇ ਆਪਣੇ ਆਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਹਨਾ ਦਾ ਅਸਤੀਫ਼ਾ ਰਾਸ਼ਟਰਪਤੀ ਦ੍ਰੋਪਤੀ ਮੁਰਮੂ ਵੱਲੋਂ ਤੁਰੰਤ ਪ੍ਰਵਾਨ ਕਰ ਲਿਆ ਗਿਆ ਹੈ। ਸਾਬਕਾ ਨੌਕਰਸ਼ਾਹ ਅਰੁਣ ਗੋਇਲ ਪੰਜਾਬ ਕੇਡਰ ਦੇ 1965 ਬੈਚ ਦੇ ਆਈ ਏ ਐਸ ਅਧਿਕਾਰੀ ਹਨ, ਜਿਹਨਾ ਨੇ 21 ਨਵੰਬਰ 2022 ਨੂੰ ਕਮਿਸ਼ਨਰ ਵਜੋਂ ਆਹੁਦਾ ਤੁਰਤ-ਫੁਰਤ ਸੰਭਾਲਿਆ ਸੀ ਅਤੇ ਉਹਨਾ ਦਾ ਕਾਰਜਕਾਲ ਦਸੰਬਰ 2027 ਤੱਕ ਸੀ। ਇਹ ਅਧਿਕਾਰੀ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਲਾਡਲਾ ਅਧਿਕਾਰੀ ਸੀ। ਉਸਦੇ ਅਸਤੀਫ਼ੇ ਨਾਲ ਕਈ ਸਵਾਲ ਖੜੇ ਹੋ ਗਏ ਹਨ। ਯਾਦ ਰਹੇ ਭਾਰਤੀ ਚੋਣ ਕਮਿਸ਼ਨ ਦੇ ਤਿੰਨ ਮੈਂਬਰ ਹੁੰਦੇ ਹਨ, ਜਿਹਨਾ ਵਿਚੋਂ ਦੋ ਸੀਟਾਂ ਖਾਲੀ ਹੋ ਗਈਆਂ ਹਨ। ਹੁਣ ਸਿਰਫ਼ ਮੁੱਖ ਚੋਣ ਕਮਿਸ਼ਨ ਹੀ ਆਪਣੇ ਆਹੁਦੇ ਉਤੇ ਬਿਰਾਜਮਾਨ ਹਨ।

ਸਵਾਲ ਉੱਠ ਰਹੇ ਹਨ ਕਿ ਕੀ ਮੁੱਖ ਚੋਣ ਕਮਿਸ਼ਨਰ ਇਕੱਲੇ ਹੀ ਦੇਸ਼ ਦੀਆਂ ਲੋਕ ਸਭਾ ਚੋਣਾਂ ਕਰਵਾਉਣਗੇ? ਕੀ ਇਹ ਸੰਵਿਧਾਨਿਕ ਹੋਏਗਾ ਜਾਂ ਕੀ ਅਗਲੇ ਦੋ-ਤਿੰਨ ਦਿਨਾਂ 'ਚ ਮੋਦੀ ਸਰਕਾਰ ਦੋ ਨਵੇਂ ਚੋਣ ਕਮਿਸ਼ਨਰ ਨਿਯੁੱਕਤ ਕਰ ਦੇਵੇਗੀ, ਜਿਸਦਾ ਅਧਿਕਾਰ ਪਿਛਲੇ ਕੁਝ ਮਹੀਨੇ ਪਹਿਲਾਂ ਸਰਕਾਰ ਨੇ ਪਾਰਲੀਮੈਂਟ 'ਚ ਬਿੱਲ ਪਾਸ ਕਰਕੇ ਹਾਸਲ ਕਰ ਲਿਆ ਹੈ? ਕੀ ਇੰਜ ਦੇਸ਼ ਦੀਆਂ ਲੋਕ ਸਭਾ ਚੋਣਾਂ ਨਿਰਪੱਖ ਹੋ ਸਕਣਗੀਆਂ?

ਕੀ ਮੋਦੀ ਸਰਕਾਰ ਨੂੰ ਮੁੜ ਵਾਪਸੀ ਦਾ ਡਰ ਸਤਾ ਰਿਹਾ ਹੈ ਅਤੇ ਉਹ ਕੋਈ ਵੀ ਰਿਸਕ ਨਹੀਂ ਲੈਣਾ ਚਾਹੁੰਦੀ? ਕੀ ਜਾਣ ਵਾਲਾ ਚੋਣ ਕਮਿਸ਼ਨਰ ਅਰੁਣ ਗੋਇਲ ਹੁਣ ਉਹਨਾ ਦਾ ਵਫ਼ਾਦਾਰ ਨਹੀਂ ਸੀ ਰਿਹਾ, ਜਾਂ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਇਸ਼ਾਰਿਆਂ 'ਤੇ ਚੱਲਣ ਤੋਂ ਪਾਸਾ ਵੱਟਣ ਲੱਗ ਪਿਆ ਸੀ। ਭਾਵੇਂ ਕਿ ਅਰੁਣ ਗੋਇਲ ਦੇ ਚੋਣ ਕਮਿਸ਼ਨ ਤੋਂ ਰੁਖ਼ਸਤ ਹੋਣ ਸਬੰਧੀ ਕਈ ਕਿਆਸ ਆਰੀਆਂ ਹਨ, ਪਰ ਇੱਕ ਗੱਲ ਪੱਕੀ ਹੈ ਕਿ ਮੋਦੀ ਸਰਕਾਰ ਡਰੀ ਹੋਈ ਹੈ ਅਤੇ ਲੋਕਾਂ ਦੀਆਂ ਭਾਵਨਾਵਾਂ ਸਮਝਕੇ ਕੰਧ 'ਤੇ ਲਿਖਿਆ ਸ਼ਾਇਦ ਪੜ੍ਹਨ ਲੱਗ ਪਈ ਹੈ।

ਅਸਲ 'ਚ ਮੋਦੀ ਸਰਕਾਰ 'ਤੇ ਖੁਦ ਨਰੇਂਦਰ ਮੋਦੀ ਪ੍ਰਧਾਨ ਮੰਤਰੀ ਜੀ ਦੀ ਕਾਰਗੁਜ਼ਾਰੀ ਉਤੇ ਵੱਡੇ ਸੁਆਲ ਉੱਠਣ ਲੱਗੇ ਹਨ, ਜਿਥੇ ਸੁਪਰੀਮ ਕੋਰਟ ਦੇ ਵਕੀਲ ਅਤੇ ਹੋਰ ਲੋਕਾਂ ਵਲੋਂ, ਈ।ਵੀ।ਐਮ। ਮਸ਼ੀਨਾਂ ਰਾਹੀਂ ਵੋਟਾਂ ਕਰਾਉਣੀਆਂ ਛੱਡ ਕੇ ਬੈਲਟ ਪੇਪਰਾਂ ਰਾਹੀਂ ਵੋਟਾਂ ਕਰਾਉਣ ਲਈ ਵੱਡਾ ਦਬਾਅ ਪੈ ਰਿਹਾ ਹੈ, ਉਥੇ ਮੋਦੀ ਸਰਕਾਰ ਵਲੋਂ ਸੀ।ਬੀ।ਆਈ।, ਈ।ਡੀ।ਅਤੇ ਹੋਰ ਏਜੰਸੀਆਂ ਰਾਹੀਂ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਪ੍ਰੇਸ਼ਾਨ ਕਰਕੇ ਆਪਣੇ ਪਾਲੇ 'ਚ ਕਰਨ ਦੀਆਂ ਕੋਸ਼ਿਸ਼ਾਂ ਆਮ ਲੋਕਾਂ ਨੂੰ ਪ੍ਰਵਾਨ ਨਹੀਂ ਹੋ ਰਹੀਆਂ। ਉਂਜ ਵੀ ਦੇਸ਼ ਵਿੱਚ ਮੋਦੀ ਸਰਕਾਰ ਦੀਆਂ ਨੀਤੀਆਂ ਕਾਰਨ ਜਿਵੇਂ ਗਰੀਬੀ ਵਧ ਰਹੀ ਹੈ, ਅਮੀਰ-ਗਰੀਬ ਦਾ ਪਾੜਾ ਵਧ ਰਿਹਾ ਹੈ, ਬੇਰੁਜ਼ਗਾਰੀ ਸ਼ਿਖ਼ਰਾਂ 'ਤੇ ਹੈ, ਕੁਰੱਪਸ਼ਨ ਅਮਰਵੇਲ ਵਾਂਗ ਵਧ ਰਹੀ ਹੈ, ਉਸ ਨਾਲ 'ਧਰਮ ਦਾ ਪੱਤਾ' ਖੇਡਣ ਦੇ ਬਾਵਜੂਦ ਵੀ ਲੋਕਾਂ 'ਚ ਅਸੰਤੋਸ਼ ਹੈ, ਜੋ ਮੋਦੀ ਸਰਕਾਰ ਲਈ ਭਵਿੱਖ 'ਚ ਘਾਤਕ ਹੋ ਸਕਦਾ ਹੈ।

ਇਸ ਅਸੰਤੋਸ਼ ਅਤੇ ਸੁਪਰੀਮ ਕੋਰਟ ਦੇ ਫਰਵਰੀ ਮਹੀਨੇ ਦੇ ਅੱਧ ਵਿਚਕਾਰ ਜਦੋਂ ਚੁਣਾਵੀਂ ਬਾਂਡਾਂ ਨੂੰ ਗੈਰ-ਸੰਵਿਧਾਨਿਕ ਕਰਾਰ ਦੇਕੇ 12 ਅਪ੍ਰੈਲ 2019 ਤੋਂ ਬਾਅਦ ਜਾਰੀ ਹੋਏ ਬਾਂਡਾਂ ਦਾ ਹਿਸਾਬ-ਕਿਤਾਬ ਸਟੇਟ ਬੈਂਕ ਆਫ ਇੰਡੀਆ ਤੋਂ ਮੰਗ ਲਿਆ ਗਿਆ ਤਾਂ ਮੋਦੀ ਸਰਕਾਰ ਦੀ ਨੀਂਦ ਹਰਾਮ ਹੋ



ਗਈ, ਕਿਉਂਕਿ ਦੇਸ਼ ਦੇ ਧੰਨ ਕੁਬੇਰਾਂ ਨੇ ਪੁੱਠੇ ਸਿੱਧੇ ਢੰਗ ਨਾਲ ਭਾਜਪਾ ਦੇ ਭੜੋਲੇ ਭਰ ਦਿੱਤੇ ਸਨ। ਸੁਪਰੀਮ ਕੋਰਟ ਨੇ ਫ਼ੈਸਲਾ ਲਿਆ ਕਿ ਸਾਰੇ ਲੋਕ ਇਹ ਜਾਣ ਸਕਣ ਕਿ ਪਿਛਲੇ ਪੰਜ ਸਾਲਾਂ ਵਿੱਚ ਕਿਸ ਪਾਰਟੀ ਕੋਲ ਕਿੰਨਾ ਪੈਸਾ ਕਿਥੋਂ ਜਾਂ ਕਿਸ ਵਲੋਂ ਆਇਆ? ਮੁੱਖ ਚੋਣ ਕਮਿਸ਼ਨ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੇ ਪੰਜ ਮੈਂਬਰੀ ਸੰਵਿਧਾਨਿਕ ਬੈਂਚ ਨੇ ਬਿਲਕੁਲ ਸਪਸ਼ਟ ਕੀਤਾ ਸੀ ਕਿ ਵੋਟ ਦੀ ਸਹੀ ਵਰਤੋਂ ਲਈ ਲੋਕਾਂ ਅਤੇ ਖ਼ਾਸ ਕਰਕੇ ਵੋਟਰਾਂ ਨੂੰ ਪਾਰਟੀਆਂ ਦੀ ਫੰਡਿੰਗ ਬਾਰੇ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਹੈਰਾਨੀ ਦੀ ਗੱਲ ਤਾਂ ਇਥੇ ਇਹ ਵੀ ਹੈ ਕਿ ਸਟੇਟ ਬੈਂਕ ਆਫ਼ ਇੰਡੀਆ, ਇਹ ਸੂਚਨਾ ਮੁਹੱਈਆ ਕਰਨ ਲਈ 30 ਜੂਨ 2024 ਜਾਣੀ ਚੋਣਾਂ ਤੋਂ ਬਾਅਦ ਦਾ ਸਮਾਂ ਮੰਗ ਰਹੀ ਹੈ ਅਤੇ ਵਿਰੋਧੀ ਧਿਰਾਂ ਇਲਜਾਮ ਲਗਾ ਰਹੀਆਂ ਹਨ ਕਿ ਇਹ ਮੋਦੀ ਸਰਕਾਰ ਦੇ ਤਾਕਤਵਰ ਸਿਪਾਹਸਲਾਰਾਂ ਦੇ ਦਬਾਅ ਹੇਠ ਹੋ ਰਿਹਾ ਹੈ ਤਾਂ ਕਿ ਚੋਣਾਂ ਗੁਜ਼ਰ ਜਾਣ ਅਤੇ ਆਮ ਜਨਤਾ ਤੱਕ ਇਹ ਸੂਚਨਾ ਨਾ ਪੁੱਜੇ ਅਤੇ ਭਾਜਪਾ ਦਾ ਵੱਡੇ ਧੰਨ ਕੁਬੇਰਾਂ, ਕਾਰਪੋਰੇਟਾਂ ਦਾ ਗੱਠ ਜੋੜ ਲੋਕਾਂ ਸਾਹਵੇਂ ਨੰਗਾ ਨਾ ਹੋਵੇ।

ਦੇਸ਼ 'ਚ ਪਿਛਲੇ ਦਹਾਕੇ 'ਚ ਬਹੁਤ ਕੁਝ ਨਵਾਂ ਵਾਪਰ ਰਿਹਾ ਹੈ। ਦੇਸ਼ 'ਚ ਤਾਨਾਸ਼ਾਹੀ ਜਾਂ ਇੱਕ ਪੁਰਖਾ ਰਾਜ ਦਾ ਰੁਝਾਨ ਵਧ ਰਿਹਾ ਹੈ। ਮੋਦੀ ਸਰਕਾਰ ਵਲੋਂ ਜਿਸ ਢੰਗ ਨਾਲ ਸਰਕਾਰ ਦੇ ਕੀਤੇ ਕੰਮਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਪ੍ਰਚਾਰ ਸਾਧਨਾਂ 'ਚ ਕਿਸੇ ਦੂਜੇ ਲਈ ਥਾਂ ਹੀ ਨਹੀਂ ਬਚਣ ਦਿੱਤੀ ਜਾ ਰਹੀ, ਉਹ ਇਸ ਗੱਲ ਦਾ ਸੰਕੇਤ ਹੈ ਕਿ ਲੋਕ ਰਾਜ ਕਿਵੇਂ ਦਮ ਤੋੜਦੇ ਹਨ। ਪ੍ਰਧਾਨ ਮੰਤਰੀ ਰਲੀਫ ਫੰਡ ਦੇ ਨਾਲ ਇੱਕ ਨਵਾਂ ਫੰਡ ਪ੍ਰਾਈਮ ਮਨਿਸਟਰ ਕੇਅਰ ਫੰਡ ਬਣਾਕੇ ਉਸਨੂੰ ਆਡਿਟ (ਲੇਖੇ-ਜੋਖੇ) ਤੋਂ ਬਾਹਰ ਰੱਖਿਆ ਗਿਆ, ਉਹ ਵੀ ਅਸਲ ਵਿੱਚ ਆਪਣੀ ਮਰਜ਼ੀ ਨਾਲ ਫੰਡਾਂ ਦੀ ਵਰਤੋਂ ਕਰਨ ਲਈ ਕੀਤਾ ਗਿਆ। ਇਸ ਸਬੰਧੀ ਸੁਪਰੀਮ ਕੋਰਟ ਵਲੋਂ ਸ਼ਾਇਦ ਅਗਲੇ ਕੁਝ ਸਮੇਂ 'ਚ ਸੁਣਵਾਈ ਹੋਵੇ। ਇਸ ਸਬੰਧੀ ਫੈਸਲਾ ਵੀ ਕੇਂਦਰੀ ਹਕੂਮਤ 'ਤੇ ਪ੍ਰਸ਼ਨ ਖੜੇ ਕਰ ਸਕਦਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਜਿਸ ਢੰਗ ਨਾਲ ਸਰਕਾਰੀ ਪ੍ਰਚਾਰ ਸਾਧਨ, ਪ੍ਰਾਈਵੇਟ ਮੀਡੀਆ, ਨੂੰ ਹਕੂਮਤ ਵਲੋਂ ਆਪਣੇ ਪੱਖ 'ਚ ਵਰਤਿਆ ਜਾ ਰਿਹਾ ਹੈ ਅਤੇ ਸਿਰਫ਼ ਪਿਛਲੇ 10 ਸਾਲਾਂ 'ਚ ਹੀ ਵਿਕਾਸ ਹੋਇਆ, ਉਸਨੂੰ ਆਮ ਲੋਕ ਚੰਗਾ ਨਹੀਂ ਮੰਨ ਰਹੇ।

ਉਪਰੋਂ ਜਾਤ-ਪਾਤ ਨਾਲ ਗੱਠਜੋੜ ਸਿਰਜਕੇ ਚੋਣਾਂ ਜਿੱਤੀਆਂ ਜਾ ਰਹੀਆਂ ਹਨ ਅਤੇ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਮੋਦੀ ਹੈ ਤਾਂ ਮੁਮਕਿਨ ਹੈ ਤੇ ਦੇਸ਼ 'ਚ ਉਸ ਤੋਂ ਵੱਡਾ ਕੋਈ ਨੇਤਾ ਨਹੀਂ ਹੈ। ਮੋਦੀ ਨੂੰ ਚਿਹਰਾ ਬਣਾਕੇ ਹੀ ਚੋਣਾਂ ਜਿੱਤੀਆਂ ਜਾ ਰਹੀਆਂ ਹਨ। ਭਾਵੇਂ ਇਹ ਜਿੱਤਾਂ ਉਤਨਾ ਵੱਡਾ ਲੋਕ ਰਾਜ ਨਿਘਾਰ ਦਾ ਕਾਰਨ ਨਹੀਂ ਹਨ, ਪਰ ਚਿੰਤਾ ਇਸ ਗੱਲ ਤੱਕ ਵਧ ਗਈ ਹੈ ਕਿ ਲੋਕ ਰਾਜ ਸਿਰਫ਼ ਚੋਣਾਂ ਤੱਕ ਸਿਮਟ ਕੇ ਰਹਿ ਗਿਆ ਹੈ ਅਤੇ ਇਸਦੀ ਵਰਤੋਂ ਉਹਨਾ ਨਿਰੰਕੁਸ਼ ਆਗੂਆਂ ਨੂੰ ਸੱਤਾ ਤੇ ਬਿਠਾਉਣ ਦੀ ਹੈ ਜੋ ਲੋਕਰਾਜ ਦੀਆਂ ਸੰਸਥਾਵਾਂ ਅਤੇ ਪ੍ਰਕਿਰਿਆਵਾਂ ਦੀ ਰੱਤੀ ਭਰ ਵੀ ਪ੍ਰਵਾਹ ਨਹੀਂ ਕਰਦੇ। ਇਥੇ ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਭਾਜਪਾ ਤਾਕਤ ਹਥਿਆਉਣ ਲਈ ਸਿਆਸੀ ਵਿਰੋਧੀਆਂ ਅਤੇ ਅਸਹਿਮਤੀ ਰੱਖਣ ਵਾਲਿਆਂ ਖਿਲਾਫ਼ ਨਿਰੰਤਰ ਹਮਲੇ ਕਰ ਰਹੀ ਹੈ ਅਤੇ ਸ਼ੋਸ਼ਲ ਮੀਡੀਆ ਰਾਹੀਂ ਉਹਨਾ ਲੋਕਾਂ ਨੂੰ ਬੇਹੂਦਗੀ ਨਾਲ ਸ਼ਿਕਾਰ ਬਣਾਇਆ ਜਾ ਰਿਹਾ ਹੈ, ਜਿਹੜੇ ਹਕੂਮਤ ਵਿਰੁੱਧ ਕੁਝ ਵੀ ਬੋਲਦੇ ਹਨ।

ਅਸਲ ਵਿੱਚ ਭਾਜਪਾ ਨੂੰ ਲੋਕ ਵਿਰੋਧੀ ਨੀਤੀਆਂ ਕਾਰਨ ਪੈਦਾ ਹੋਏ ਵਿਰੋਧ ਦਾ ਡਰ ਸਤਾ ਰਿਹਾ ਹੈ। ਕਿਸਾਨ ਅੰਦੋਲਨ ਕਰ ਰਹੇ ਹਨ। ਮਜ਼ਦੂਰਾਂ ਦੇ ਕੰਮ ਦੇ ਘੰਟੇ ਵਧਾਕੇ ਉਹਨਾ ਨੂੰ ਮੁੜ ਗੁਲਾਮੀ ਵੱਲ ਧੱਕਿਆ ਜਾ ਰਿਹਾ ਹੈ। ਮਹਿੰਗਾਈ ਅੰਤਾਂ ਦੀ ਹੈ। ਨਿੱਜੀਕਰਨ ਦਾ ਦੌਰ ਦੇਸ਼ 'ਚ ਜਾਰੀ ਹੈ। ਦੇਸ਼ ਨੂੰ ਵਿਸ਼ਵ ਕਾਰਪੋਰੇਟਾਂ ਦੀ ਬਸਤੀ ਬਨਾਉਣ ਦਾ ਯਤਨ ਹੈ। ਪਹਿਲੀ ਮਾਰਚ 2024 ਨੂੰ "ਦਿ ਹਿੰਦੂ" ਅਖ਼ਬਾਰ ਦੇ ਆਨ ਲਾਈਨ ਐਡੀਸ਼ਨ 'ਚ ਜਾਗਰਤੀ ਚੰਦਰਾ ਦੀ ਇੱਕ ਰਿਪੋਰਟ ਛਪੀ ਹੈ, ਜਿਸ 'ਚ ਬਹੁਤ ਸਾਰੀਆਂ ਅਲੋਚਨਾਤਮਕ ਟਿੱਪਣੀਆਂ ਛਪੀਆਂ ਹਨ। ਇਹ ਦੋ ਟਿੱਪਣੀਆਂ ਭਾਰਤ ਦੀ ਮੌਜੂਦਾ ਸਥਿਤੀ ਦਾ ਵਰਨਣ ਹਨ। ਇੱਕ ਵਿਅਕਤੀ ਦੀ ਟਿੱਪਣੀ ਹੈ, "ਭਾਰਤ ਵਿੱਚ ਅਡਾਨੀ ਤੇ ਅੰਬਾਨੀ ਦੀ ਜ਼ਿੰਦਗੀ ਸਵਰਗ ਵਾਂਗ ਹੈ ਅਤੇ ਸਾਡੇ ਵਰਗਿਆਂ ਲਈ ਇਹ ਨਰਕ ਬਣਿਆ ਹੋਇਆ ਹੈ", ਦੂਜੀ ਟਿੱਪਣੀ ਹੈ, "ਹੁਣ ਅਸੀਂ ਨਵਾਂ ਰੂਸ ਬਣ ਗਏ ਹਾਂ, ਇਥੇ ਉਹਨਾ ਨਾਲੋਂ ਵੀ ਵੱਡੇ ਧੰਨ ਕੁਬੇਰ ਪੈਦਾ ਹੋ ਗਏ ਹਨ"। ਅਸਲ 'ਚ ਦੇਸ਼ ਦੇ ਲੋਕ ਅੱਜ ਡਰ ਅਤੇ ਮਾਯੂਸੀ 'ਚ ਹਨ ਅਤੇ ਭਾਜਪਾ ਇਸ ਡਰ ਅਤੇ ਮਾਯੂਸੀ ਨੂੰ ਸਮਝਦੀ ਹੈ ਅਤੇ ਹਰ ਹੀਲੇ ਲੋਕਾਂ ਨੂੰ ਭਰਮਾਕੇ, ਵਰਗਲਾਕੇ ਲੋਕਾਂ ਨੂੰ ਲੋਕ ਸਭਾ ਚੋਣਾਂ 'ਚ ਆਪਣੇ ਨਾਲ ਖੜਿਆ ਕਰਨ ਲਈ ਯਤਨਸ਼ੀਲ ਹੈ, ਸਾਮ, ਦਾਮ, ਦੰਡ ਵਰਤਕੇ ਵੀ।

ਭਾਜਪਾ ਦਾ ਡਰ ਉਸ ਵੇਲੇ ਹੋਰ ਵੱਡਾ ਹੋ ਰਿਹਾ ਹੈ, ਜਦੋਂ ਉਸਨੂੰ ਇੰਡੀਆ ਗਠਜੋੜ, ਵਿਰੋਧੀ ਦਲ ਵਜੋਂ ਇਕੱਠਾ ਹੋਕੇ ਟੱਕਰ ਰਿਹਾ ਹੈ, ਭਾਵੇਂ ਕਿ ਇਸ ਗੱਠਜੋੜ 'ਚ ਕਈ ਥਾਈਂ ਤ੍ਰੇੜਾਂ ਹਨ, ਜਾਂ ਗੱਠਜੋੜ ਸੰਤੁਲਿਤ ਨਹੀਂ, ਪਰ ਦੱਖਣੀ ਭਾਰਤ 'ਚ ਭਾਜਪਾ ਨੂੰ ਵੱਡਾ ਚੈਲਿੰਜ ਹੈ, ਜਿਥੇ ਭਾਜਪਾ ਜਾਂ ਉਸ ਦੀਆਂ ਗੱਠਜੋੜ ਪਾਰਟੀਆਂ ਪਿਛਲੀਆਂ ਚੋਣਾਂ ਜਾਂ ਵਿਧਾਨ ਸਭਾ ਚੋਣਾਂ 'ਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੀਆਂ। ਉਂਜ ਵੀ ਦੱਖਣੀ ਸੂਬਿਆਂ ਦੇ ਲੋਕ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਬਹੁਤੀ ਤਰਜੀਹ ਨਹੀਂ ਦਿੰਦੇ ਅਤੇ ਇਹ ਮਹਿਸੂਸ ਕਰਦੇ ਹਨ ਕਿ ਦੇਸ਼ ਦੇ ਬਜ਼ਟ 'ਚ ਦੱਖਣੀ ਸੂਬਿਆਂ ਨਾਲ ਵਿਤਕਰਾ ਹੁੰਦਾ ਹੈ, ਉਹਨਾ ਨੂੰ ਵਿਕਾਸ ਫੰਡ ਉਨ੍ਹੇ ਨਹੀਂ ਮਿਲਦੇ, ਜਿਨ੍ਹੇ ਉੱਤਰੀ ਸੂਬਿਆਂ ਯੂਪੀ, ਬਿਹਾਰ ਆਦਿ ਨੂੰ ਮਿਲਦੇ ਹਨ ਜਦਕਿ ਟੈਕਸ ਦੇਣ ਲਈ ਉਹਨਾ ਦਾ ਯੋਗਦਾਨ ਵੱਡਾ ਹੈ।

ਭਾਵੇਂ ਭਾਜਪਾ ਜਾਂ ਮੋਦੀ, ਵੋਟਰਾਂ ਨੂੰ ਵਿਕਸਤ ਭਾਰਤ ਦਾ ਸੁਪਨਾ ਵਿਖਾ ਰਹੇ ਹਨ, ਅਤੇ ਯਕੀਨ ਦੁਆ ਰਹੇ ਹਨ ਕਿ ਆਪਣੇ ਤੀਜੇ ਦੌਰ ਵਿੱਚ ਉਹਨਾ ਦੀ ਗਰੰਟੀ ਹੈ ਕਿ ਉਹ ਵਿਕਸਤ ਭਾਰਤ ਬਣਾ ਦੇਣਗੇ। ਪਰ ਆਮ ਵੋਟਰ ਜਾਣਦੇ ਹਨ ਕਿ ਅਮੀਰ ਲੋਕਾਂ ਦਾ ਧਨ ਉਹਨਾ ਤੋਂ ਖੋਹਕੇ ਗਰੀਬਾਂ ਨੂੰ ਦੇਣ ਦੀ ਗੱਲ ਝੂਠੀ ਹੈ, ਜਿਵੇਂ ਕਿ ਕਾਲੇ ਧੰਨ ਨੂੰ ਚਿੱਟਾ ਧੰਨ ਕਰਕੇ ਹਰੇਕ ਭਾਰਤੀ ਦੇ ਖਾਤੇ ਦੋ ਲੱਖ ਪਾਉਣ ਅਤੇ ਹਰ ਵਰ੍ਹੇ ਭਾਰਤੀਆਂ ਲਈ ਦੋ ਕਰੋੜ ਨੌਕਰੀਆਂ ਦੇਣ ਦੀ ਗੱਲ ਝੂਠੀ ਅਤੇ ਚੋਣ ਜੁਮਲਾ ਹੀ ਰਹੀ।

# ਮੁੱਖ ਮੰਤਰੀ ਨੂੰ ਦਲਿਤ ਵਿਧਾਇਕ ਸੁਖਵਿੰਦਰ ਕੋਟਲੀ ਦੇ ਕੀਤੇ ਅਪਮਾਨ ਲਈ ਪੂਰੇ ਦਲਿਤ ਸਮਾਜ ਤੋਂ ਮੁਆਫੀ ਮੰਗਣੀ ਚਾਹੀਦੀ ਹੈ - ਮੱਖਣ ਚੌਹਾਨ

**ਫਗਵਾੜਾ 7 ਮਾਰਚ (ਬੀ.ਕੇ. ਰੱਤੂ)–** ਜਦੋਂ ਲੋਕਤੰਤਰ ਦਾ ਤਿਉਹਾਰ ਭਾਵ ਚੋਣਾਂ ਆਉਂਦੀਆਂ ਹਨ ਉਸ ਵਕਤ ਸਭ ਰਾਜਨੀਤਿਕ ਪਾਰਟੀਆਂ ਵੋਟਰਾਂ ਨੂੰ ਭਰਮਾਉਣ ਲਈ ਆਪਣਾ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰਦੀਆਂ ਹਨ ਤਾਂ ਕਿ ਸਤ੍ਹਾ ਹਥਿਆਈ ਜਾ ਸਕੇ। ਜਦੋਂ ਕਿ ਚੋਣ ਮਨੋਰਥ ਪੱਤਰ ਵੋਟਰਾਂ ਨਾਲ ਇੱਕ ਵਾਅਦਾ ਹੁੰਦਾ ਹੈ ਕਿ ਜੇ ਅਸੀਂ ਸਤ੍ਹਾ ਵਿੱਚ ਆਏ ਤਾਂ ਅਸੀਂ ਇਸ ਚੋਣ ਮਨੋਰਥ ਪੱਤਰ ਨੂੰ ਲਾਗੂ ਕਰਾਂਗੇ। ਪਰ ਅੱਜ ਤੱਕ ਕਿਸੇ ਵੀ ਸਮੰਤਵਾਦੀ ਰਾਜਨੀਤਿਕ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਨੂੰ ਸਤ੍ਹਾ ਸੰਭਾਲਣ ਉਪਰੰਤ ਇਮਾਨਦਾਰੀ ਨਾਲ ਲਾਗੂ ਨਹੀਂ ਕੀਤਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਇੰਚਾਰਜ ਮੱਖਣ ਲਾਲ ਚੌਹਾਨ ਨੇ ਕੀਤਾ ਉਹਨਾਂ ਅੱਗੇ ਕਿਹਾ ਕਿ ਪਿਛਲੇ ਦਿਨੀ ਇੱਕ ਸਮੰਤਵਾਦੀ ਪਾਰਟੀ ਦੇ ਦਲਿਤ ਵਿਧਾਇਕ ਨੇ ਆਮ ਆਦਮੀ ਪਾਰਟੀ ਦੇ ਚੋਣ ਮਨੋਰਥ ਪੱਤਰ-2022 ਵਿੱਚ ਦਲਿਤ ਉਪ ਮੁੱਖ ਮੰਤਰੀ ਬਣਾਉਣ ਦੀ ਗੱਲ ਪੰਜਾਬ ਦੀ ਵਿਧਾਨ ਸਭਾ ਵਿੱਚ ਰੱਖੀ।ਜਿਸ ਤੇ ਸਤ੍ਹਾ ਦੇ ਨਸ਼ੇ ਵਿਚ ਪੰਜਾਬ ਦੇ ਮੁੱਖ ਮੰਤਰੀ ਨੇ ਬੁਖਲਾਹਟ ਵਿੱਚ ਆ ਕੇ ਉਸ ਦਲਿਤ ਵਿਧਾਇਕ ਨੂੰ ਅਪਸ਼ਬਦ ਬੋਲੇ ਜਿਸ ਵਿੱਚ ਉਸ ਨੇ ਦਲਿਤ ਵਿਧਾਇਕ ਨੂੰ ਜੁੱਤੀ ਸੁਘਾਉਣ ਦੀ ਗੱਲ ਕਹੀ ਜੋ ਕਿ ਨਿੰਦਣਯੋਗ ਹੈ। ਮੁੱਖ ਮੰਤਰੀ ਨੇ ਇਹ ਅਪਮਾਨ ਇੱਕ ਦਲਿਤ ਵਿਧਾਇਕ ਦਾ ਨਹੀਂ ਬਲਕਿ ਪੂਰੇ ਦਲਿਤ ਸਮਾਜ ਦਾ ਕੀਤਾ ਹੈ। ਪੰਜਾਬ ਦੇ ਮੁੱਖ ਮੰਤਰੀ ਨੂੰ ਇਸ ਦਲਿਤ ਵਿਧਾਇਕ ਦੇ ਕੀਤੇ ਅਪਮਾਨ ਦੀ ਪੂਰੇ ਦਲਿਤ ਸਮਾਜ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਇਹ ਅਜਿਹੀ ਘਟਨਾ ਪਹਿਲੀ ਜਾਂ ਆਖ਼ਰੀ ਨਹੀਂ,ਇਸ ਤੋਂ ਪਹਿਲਾਂ ਵੀ ਪੰਜਾਬ ਦੀ ਅਸੈਂਬਲੀ ਵਿੱਚ ਅਕਾਲੀ ਦਲ ਦੇ ਉਚ ਜਾਤੀ ਆਗੂ ਵਲੋਂ ਦਲਿਤਾਂ ਦੇ ਅਪਮਾਨ ਵਿੱਚ ਬੋਲਣ ਤੇ ਕਾਂਗਰਸ ਦੇ ਦਲਿਤ ਵਿਧਾਇਕ ਨੇ ਅਕਾਲੀ ਦਲ ਦੇ ਉਚ ਜਾਤੀ ਆਗੂ ਤੇ ਜੁੱਤੀ ਛੁੱਟੀ ਤਾਂ ਕਾਂਗਰਸ ਨੇ ਉਸ ਦਲਿਤ ਵਿਧਾਇਕ ਦਾ ਸਮਰਥਨ ਕਰਨ ਦੀ ਬਜਾਏ ਉਸ ਦਲਿਤ ਵਿਧਾਇਕ ਦਾ ਹੀ ਟਿਕਟ ਕੱਟ ਦਿੱਤਾ। ਪਿਛਲੇ ਸਮੇਂ ਲੋਕਸਭਾ ਚੋਣਾਂ ਦੌਰਾਨ ਬਸਪਾ ਦੇ ਵਧੇ ਜਨ ਅਧਾਰ ਤੋਂ ਪ੍ਰਭਾਵਿਤ ਹੋ ਕੇ ਕਾਂਗਰਸ ਵਲੋਂ ਦਲਿਤ ਸਮਾਜ ਦੇ ਨੇਤਾ ਨੂੰ ਮੁੱਖ ਮੰਤਰੀ ਬਣਾਉਣ ਤੇ ਕਾਂਗਰਸ ਦੇ ਹੀ ਉਚ ਜਾਤੀ ਨੇਤਾਵਾਂ ਨੇ ਉਸ ਦਲਿਤ ਮੁੱਖ ਮੰਤਰੀ ਨੂੰ ਪੈਰ ਦੀ ਜੁੱਤੀ ਸਿਰ ਤੇ ਬਿਠਾਉਣ ਦਾ ਨਾਮ ਦਿੱਤਾ। ਇਨ੍ਹਾਂ ਘਟਨਾਵਾਂ ਤੋਂ ਸਮੰਤਵਾਦੀ ਪਾਰਟੀਆਂ ਵਿੱਚ ਜਾਤਪਾਤ ਦਾ ਭੇਦ ਜੱਗ ਜ਼ਾਹਰ ਹੋ ਰਿਹਾ ਹੈ। ਇਹ ਸਮੰਤਵਾਦੀ ਪਾਰਟੀਆਂ ਸਮਾਜਿਕ ਸਥਿਤੀ ਨੂੰ ਜਿਉਂ ਦੀ ਤਿਉਂ ਬਣਾਈ ਰੱਖਣਾ ਚਾਹੁੰਦੀਆਂ ਹਨ। ਅਜਿਹੀਆਂ ਘਟਨਾਵਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਸਮੰਤਵਾਦੀ ਪਾਰਟੀਆਂ ਦਾ ਪੱਲਾ ਛੱਡ ਕੇ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ ਕਿਉਂਕਿ ਬਹੁਜਨ ਸਮਾਜ ਪਾਰਟੀ ਹੀ ਭਾਰਤ ਵਿਚ ਇੱਕੋ ਇੱਕ ਅਜਿਹੀ ਪਾਰਟੀ ਹੈ ਜੋ ਸਮਤਾ ਸਮਾਨਤਾ ਅਤੇ ਭਾਈਚਾਰੇ ਦੇ ਅਧਾਰ ਤੇ ਦੇਸ਼ ਵਿਚ ਜਾਤਪਾਤ ਤੋਂ ਉੱਪਰ ਉੱਠ ਕੇ ਮਾਨਵਤਾ ਬਹਾਲ ਕਰਨਾ ਚਾਹੁੰਦੀ ਹੈ। ਇਸ ਮੌਕੇ ਹੋਰਾਂ ਤੋਂ ਇਲਾਵਾ ਸੁਰਜੀਤ ਕਰੀਮਪੁਰੀ, ਕੇਸ਼ਵ ਭੱਟੀ, ਸੁਰਜੀਤ ਸਿੰਘ ਉੜਾਪੜ, ਨਰੇਸ਼ ਕੁਮਾਰ, ਅਵਤਾਰ ਸਿੰਘ ਆਲੋਵਾਲ, ਗੁਰਵਿੰਦਰ ਸਿੰਘ ਜਾਡਲਾ, ਜਸਵਿੰਦਰ ਸਿੰਘ ਭੱਟੀ ਆਦਿ ਹਾਜ਼ਰ ਰਹੇ।



# ਅਬੋਹਰ ਨੂੰ ਮਿਲੀ ਵੱਡੀ ਸੌਗਾਤ, ਲਾਈਬ੍ਰੇਰੀ ਦਾ ਹੋਇਆ ਉਦਘਾਟਨ

**ਅਬੋਹਰ (ਸਤਨਾਮ ਸਿੰਘ ਸਹੂੰਗੜਾ)–** ਅਬੋਹਰ ਸ਼ਹਿਰ ਨੂੰ ਅੱਜ ਇੱਕ ਵੱਡੀ ਸੌਗਾਤ ਮਿਲੀ ਜਦ ਇੱਥੇ ਆਭਾ ਸੁਕੇਅਰ ਵਿੱਚ ਬਣੀ ਡਾ ਬੀ ਆਰ ਅੰਬੇਡਕਰ ਪਬਲਿਕ ਲਾਈਬ੍ਰੇਰੀ ਦਾ ਉਦਘਾਟਨ ਹੋ ਗਿਆ। ਇਸ ਤੇ 3 ਕਰੋੜ 41 ਲੱਖ ਰੁਪਏ ਦੀ ਲਾਗਤ ਆਈ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਅਨੀਤਾ ਦਰਸ਼ੀ ਅਤੇ ਸਾਬਕਾ ਵਿਧਾਇਕ ਸ਼੍ਰੀ ਅਰੁਣ ਨਾਰੰਗ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।

ਇਸ ਮੌਕੇ ਸਾਬਕਾ ਵਿਧਾਇਕ ਅਰੁਣ ਨਾਰੰਗ ਨੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਉਹਨਾਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਲਾਈਬ੍ਰੇਰੀਆਂ ਸਾਡੇ ਨੌਜਵਾਨਾਂ ਦੇ ਬੌਧਿਕ ਵਿਕਾਸ ਦਾ ਆਧਾਰ ਬਣਗੀਆਂ। ਉਨਾਂ ਆਖਿਆ ਕਿ ਜਦ ਨੌਜਵਾਨ ਚੰਗਾ ਗਿਆਨ ਪ੍ਰਾਪਤ ਕਰਨਗੇ ਤਾਂ ਉਹ ਜੀਵਨ ਦੇ ਹਰ ਖੇਤਰ ਵਿੱਚ ਅੱਗੇ ਵਧਣਗੇ। ਉਹਨਾਂ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹੁਣ ਤੱਕ ਸੂਬੇ ਦੇ ਨੌਜਵਾਨਾਂ ਨੂੰ 40 ਹਜਾਰ ਤੋਂ ਵੱਧ ਸਰਕਾਰੀ ਨੌਕਰੀਆਂ ਮੈਰਿਟ ਦੇ ਆਧਾਰ ਤੇ ਦੇ ਚੁੱਕੀ ਹੈ। ਉਹਨਾਂ ਨੇ ਕਿਹਾ ਕਿ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਨੌਜਵਾਨਾਂ ਲਈ ਇਹ ਲਾਇਬਰੇਰੀ ਲਾਭਦਾਇਕ ਸਿੱਧ ਹੋਵੇਗੀ।



ਵਧੀਕ ਡਿਪਟੀ ਕਮਿਸ਼ਨਰ ਵਿਕਾਸ ਅਨੀਤਾ ਦਰਸ਼ੀ ਨੇ ਦੱਸਿਆ ਕਿ ਇਸ ਲਾਈਬ੍ਰੇਰੀ ਦੇ ਬਣਨ ਨਾਲ ਨੌਜਵਾਨਾਂ ਨੂੰ ਬਹੁਤ ਲਾਭ ਹੋਵੇਗਾ । ਉਹਨਾਂ ਨੇ ਕਿਹਾ ਕਿ ਗਿਆਨ ਨਾਲ ਜੁੜ ਕੇ ਨੌਜਵਾਨ ਜੀਵਨ ਦੇ ਹਰ ਖੇਤਰ ਵਿੱਚ ਅੱਗੇ ਵਧ ਸਕਦੇ ਹਨ। ਉਹਨਾਂ ਨੇ ਕਿਹਾ ਕਿ ਇਸ ਲਾਈਬ੍ਰੇਰੀ ਵਿੱਚ ਵਿਦਿਆਰਥੀਆਂ ਨੂੰ ਸਾਹਿਤ ਦੇ ਨਾਲ ਨਾਲ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਪੁਸਤਕਾਂ, ਮੈਗਜੀਨ ਅਤੇ ਅਖਬਾਰਾਂ ਵੀ ਮਿਲਣਗੀਆਂ। ਇਸ ਲਾਈਬ੍ਰੇਰੀ ਵਿੱਚ ਇੱਕੋ ਵੇਲੇ 130 ਲੋਕ ਬੈਠ ਕੇ ਪੜ ਸਕਣਗੇ। ਲਾਈਬ੍ਰੇਰੀ ਪੂਰੀ ਤਰਾਂ ਵਾਤਾਅਨੁਕੂਲਿਤ ਹੈ। ਲਾਇਬਰੇਰੀ ਨੂੰ ਨਗਰ ਨਿਗਮ ਵੱਲੋਂ ਚਲਾਇਆ ਜਾਵੇਗਾ ਅਤੇ ਵੱਖ-ਵੱਖ ਸ਼ਿਫਟਾਂ ਵਿੱਚ ਵਿਦਿਆਰਥੀ ਇਥੇ ਪੜ੍ਹਾਈ ਕਰਨ ਲਈ ਆ ਸਕਣਗੇ। ਇਸ ਲਾਈਬ੍ਰੇਰੀ ਵਿੱਚ ਇੱਕ ਡਿਜੀਟਲ ਸੈਕਸ਼ਨ ਮੇਂ ਬਣਾਇਆ ਗਿਆ ਹੈ ਜਿੱਥੇ ਕੰਪਿਊਟਰ ਰਾਹੀਂ ਵੀ ਵਿਦਿਆਰਥੀ ਵਿਸ਼ਵ ਭਰ ਦੀਆਂ ਆਨਲਾਈਨ ਲਾਇਬ੍ਰੇਰੀਆਂ ਦਾ ਲਾਹਾ ਲੈ ਸਕਣਗੇ॥ ਇਥੇ ਇੰਟਰਨੈੱਟ ਤੇ ਵਾਈ ਫਾਈ ਦੀ ਸਹੂਲਤ ਵੀ ਹੈ। ਸੁਰੱਖਿਆ ਦੇ ਪੱਖ ਤੋਂ ਸੀ ਸੀ ਟੀ ਵੀ ਕੈਮਰੇ ਵੀ ਲਗਾਏ ਗਏ ਹਨ। ਇਸ ਮੌਕੇ ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ ਸੰਦੀਪ ਗੁਪਤਾ ਕਾਰਜਕਾਰੀ ਇੰਜਨੀਅਰ ਅਭਿਨਵ ਜੈਨ, ਜ਼ਿਲਾ ਯੂਥ ਪ੍ਰਧਾਨ ਪ੍ਰੋ ਤੇਜਬੀਰ ਸਿੰਘ ਬਰਾੜ, ਜਨਰਲ ਸਕੱਤਰ ਉਪਕਾਰ ਸਿੰਘ ਜਾਖੜ, ਐਡਵੋਕੇਟ ਹਰਪ੍ਰੀਤ ਸਿੰਘ, ਸੁਪਰਡੈਂਟ ਵਿਕਰਮ ਧੂੜੀਆ ਆਦਿ ਵੀ ਹਾਜਰ ਸਨ।

# ਡਾ. ਰਤਨ ਸਿੰਘ ਜੱਗੀ ਦੀ 'ਆਧੁਨਿਕ ਪੰਜਾਬੀ ਸਾਹਿਤ ਪਰਿਚਯ' ਪੁਸਤਕ ਮੀਲ ਪੱਥਰ



ਉਜਾਗਰ ਸਿੰਘ
91-94178 13072

ਪੰਜਾਬੀ ਸਾਹਿਤ ਦੇ ਆਧੁਨਿਕ ਯੁਗ ਦੇ ਮੁੱਢਲੇ ਚਾਰ ਸਾਹਿਤਕਾਰਾਂ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਡਾ. ਮੋਹਨ ਸਿੰਘ ਦੀਵਾਨਾ ਦੇ ਆਪੋ ਆਪਣੇ ਖੇਤਰਾਂ ਦੇ ਯੋਗਦਾਨ ਬਾਰੇ ਡਾ. ਰਤਨ ਸਿੰਘ ਜੱਗੀ ਦੀ ਪੁਸਤਕ 'ਆਧੁਨਿਕ ਪੰਜਾਬੀ ਸਾਹਿਤ ਪਰਿਚਯ' ਨਵੀਂ ਪੀੜ੍ਹੀ ਦੇ ਵਿਦਿਆਰਥੀਆਂ ਲਈ ਇੱਕ ਮਾਰਗ ਦਰਸ਼ਕ ਪੁਸਤਕ ਸਾਬਤ ਹੋਵੇਗੀ। ਜਿਹੜੇ ਸਾਹਿਤਕਾਰ ਸਾਹਿਤ ਦੇ ਇਕ ਤੋਂ ਵੱਧ ਰੂਪਾਂ ਵਿੱਚ ਰਚਨਾਵਾਂ ਕਰਦੇ ਹਨ, ਆਮ ਤੌਰ ਤੇ ਉਨ੍ਹਾਂ ਬਾਰੇ ਇਕੱਠਿਆਂ ਜਾਣਕਾਰੀ ਨਹੀਂ ਮਿਲਦੀ ਪ੍ਰੰਤੂ ਡਾ. ਰਤਨ ਸਿੰਘ ਜੱਗੀ ਨੇ ਇਨ੍ਹਾਂ ਮੀਲ ਪੱਥਰ ਸਥਾਪਤ ਕਰਨ ਵਾਲੇ ਸਾਹਿਤਕਾਰਾਂ ਦੀਆਂ ਰਚਨਾਵਾਂ ਦਾ ਸਮੁੱਚਾ ਸੰਗਠਤ ਵਿਸ਼ਲੇਸ਼ਣ ਕਰਕੇ ਵਿਲੱਖਣ ਕਾਰਜ ਕੀਤਾ ਹੈ। ਇਨ੍ਹਾਂ ਚਾਰ ਸਾਹਿਤਕਾਰਾਂ ਬਾਰੇ ਲਿਖਣ ਤੋਂ ਪਹਿਲਾਂ ਡਾ. ਜੱਗੀ ਨੇ ਪੰਜਾਬੀ ਵਿੱਚ ਕਦੋਂ 'ਤੇ ਕਿਸਨੇ ਪੰਜਾਬੀ ਵਿੱਚ ਲਿਖਣਾ ਸ਼ੁਰੂ ਕੀਤਾ ਅਤੇ ਉਸ ਤੋਂ ਬਾਅਦ ਕਿਹੜੇ ਸਾਹਿਤਕਾਰਾਂ ਨੇ ਇਸ ਨੂੰ ਅੱਗੇ ਤੋਰਿਆ ਬਾਰੇ ਦੋ ਅਧਿਆਇ ਵਿੱਚ ਲਿਖਿਆ ਗਿਆ ਹੈ ਤਾਂ ਜੋ ਖੋਜਕਾਰਾਂ ਲਈ ਖੋਜ ਕਰਨ ਵਿੱਚ ਕੋਈ ਮੁਸ਼ਕਲ ਨਾ ਆਵੇ। ਡਾ।ਰਤਨ ਸਿੰਘ ਜੱਗੀ ਨੇ ਬਹੁਤ ਹੀ ਪ੍ਰਮਾਣਿਕਤਾ ਨਾਲ ਸਮੇਂ ਤੇ ਕਾਲ ਅਨੁਸਾਰ ਵੇਰਵੇ ਦਿੱਤੇ ਹਨ। ਪੰਜਾਬੀ ਆਲੋਚਨਾ ਦੀ ਪਹਿਲੀ ਸੰਗਠਤ ਪੁਸਤਕ ਕਹੀ ਜਾ ਸਕਦੀ ਹੈ।

ਪਹਿਲਾ ਅਧਿਆਇ ਸਾਹਿਤਕ ਪਿਛੋਕੜ: ਇਨ੍ਹਾਂ ਚਾਰ ਸਾਹਿਤਕਾਰਾਂ ਬਾਰੇ ਜਾਣਕਾਰੀ ਦੇਣ ਤੋਂ ਪਹਿਲਾਂ ਸਾਹਿਤਕ ਪਿਛੋਕੜ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਹੈ ਕਿ ਸਭ ਤੋਂ ਪਹਿਲਾਂ ਨਾਥ ਸਾਹਿਤ ਜਿਸ ਵਿੱਚ ਜੋਗੀਆਂ ਤੇ ਸਿੱਧਾਂ ਦੀਆਂ ਬਾਣੀਆਂ, ਸੂਫ਼ੀ ਸਾਹਿਤ ਵਿੱਚ ਸ਼ੇਖ਼ ਫ਼ਰੀਦ-ਉਦ-ਦੀਨ ਮਸਊਦ ਗੰਜ-ਏ ਸ਼ਕਰ ਅਤੇ ਲੋਕ ਸਾਹਿਤ ਰਚਿਆ ਗਿਆ। ਲੋਕ-ਧਾਰਾ ਇਸ ਕਾਲ ਦੀ ਤੀਜੀ ਸਾਹਿਤਕ ਪ੍ਰਵਿਰਤੀ ਹੈ। ਲੋਕ ਧਾਰਾ ਦਾ ਸੁੰਦਰ ਨਮੂਨਾ ਨੌਂ ਵਾਰਾਂ ਹਨ। ਫਿਰ ਗੁਰਮਤਿ ਕਾਵਿ ਧਾਰਾ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਇਆ। ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਬਾਬਾ ਫਰੀਦ ਦੇ 4 ਸ਼ਬਦ ਅਤੇ 112 ਸ਼ਲੋਕ, ਭਗਤਾਂ, ਸੰਤਾਂ, ਭੱਟਾਂ ਦੀ ਬਾਣੀ ਸ਼ਾਮਲ ਕਰ ਲਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਦੀ ਬਾਣੀ ਸ਼ਾਮਲ ਕੀਤੀ। ਕਾਵਿਧਾਰਾ ਵਿੱਚ ਭਾਈ ਗੁਰਦਾਸ ਪ੍ਰਮੁੱਖ ਕਵੀ ਸਨ। ਲੋਕ-ਧਾਰਾ ਇਸ ਕਾਲ ਦੀ ਤੀਜੀ ਸਾਹਿਤਕ ਪ੍ਰਵਿਰਤੀ ਹੈ। ਇਸ ਕਾਲ ਦੀ ਤੀਜੀ ਕਾਵਿਧਾਰਾ ਕਿੱਸਾਕਾਰੀ ਹੈ। ਇਸ ਸਮੇਂ ਰੁਮਾਂਟਿਕ ਗੱਲਾਂ ਸ਼ਾਮਲ ਕੀਤੀਆਂ ਗਈਆਂ। ਵਾਰਤਕ ਇਸ ਕਾਲ ਦੀ ਅੰਤਮ ਅਤੇ ਮਹੱਤਵਪੂਰਣ ਸਾਹਿਤਕ ਧਾਰਾ ਹੈ। ਜਨਮ ਸਾਖੀਆਂ ਵਾਰਤਕ ਦਾ ਹੀ ਰੂਪ ਹਨ। ਮੱਧ ਕਾਲ ਅਠਾਰਵੀਂ ਸਦੀ ਨੂੰ ਮੰਨਿਆਂ ਗਿਆ। ਇਸ ਸਮੇਂ ਦਮੋਦਰ ਗੁਲਾਟੀ ਤੋਂ ਸ਼ੁਰੂ ਹੋ ਕੇ ਸਭ ਤੋਂ ਵਧੇਰੇ ਕਿੱਸੇ ਲਿਖੇ ਗਏ, ਵਾਰਿਸ ਸ਼ਾਹ ਦੀ ਹੀਰ ਸ਼ਾਹਕਾਰ ਗਿਣੀ ਗਈ ਹੈ। ਨੌਂ ਵਾਰਾਂ, ਜੰਗਨਾਮੇ ਅਤੇ ਗੁਰਬਿਲਾਸ ਦੀ ਰਚਨਾ ਹੋਈ।

ਜਾਗਰਣ ਅਵਧੀ: ਇਹ 19ਵੀਂ ਸਦੀ ਦਾ ਸਮਾਂ ਸੀ ਜਦੋਂ ਕਿੱਸਾ ਕਾਵਿ ਸਿਖ਼ਰ 'ਤੇ ਪਹੁੰਚਿਆ। ਇਸ ਸਮੇਂ ਬਹੁਤ ਸਾਰੇ ਕਿੱਸਾਕਾਰ ਹੋਏ ਡਾ।ਰਤਨ ਸਿੰਘ ਜੱਗੀ ਨੇ ਲਗਪਗ ਸਾਰੇ ਕਿੱਸਾਕਾਰਾਂ ਅਤੇ ਉਨ੍ਹਾਂ ਦੇ ਕਿੱਸਿਆਂ ਬਾਰੇ ਸੰਖੇਪ ਵਿੱਚ ਦੱਸਿਆ ਹੈ। ਇਸ ਦੌਰਾਨ ਹੀ ਕਵੀਸ਼ਰੀ ਦੀ ਸ਼ੁਰੂਆਤ ਹੋਈ। ਮੁੱਖ ਰੂਪ ਵਿੱਚ ਕਵੀਸ਼ਰੀ ਪੰਜਾਬੀ ਦੀ ਮਲਵਈ ਭਾਸ਼ਾ ਵਿੱਚ ਲਿਖੀ ਜਾਂਦੀ ਸੀ। ਕਵੀਸ਼ਰੀ ਦੇ ਸਮੇਂ ਸੂਫ਼ੀਕਾਵਿ ਦਾ ਅਸਰ ਘੱਟ ਗਿਆ। ਧਰਮਾ ਦੇ ਕਾਵਿ ਦਾ ਜ਼ੋਰ ਰਿਹਾ। 19ਵੀਂ ਸਦੀ ਦੇ ਅਖ਼ੀਰ ਵਿੱਚ ਸਾਹਿਤ ਦੇ ਅਨੇਕਾਂ ਰੂਪ ਸ਼ੁਰੂ ਹੋਏ ਜਿਨ੍ਹਾਂ ਵਿੱਚ ਸਫ਼ਰਨਾਮਾ, ਨਾਟਕ, ਨਾਵਲ, ਧਾਰਮਿਕ ਸਾਹਿਤ ਅਤੇ ਪੱਤਰਕਾਰੀ ਸਾਹਿਤ ਆਦਿ। ਇਸ ਸਮੇਂ ਬਹੁਤ ਸਾਰੇ ਅਖ਼ਬਾਰ ਪ੍ਰਕਾਸ਼ਤ ਹੋਣ ਲੱਗੇ ਡਾ. ਰਤਨ ਸਿੰਘ ਜੱਗੀ ਨੇ ਸਾਰੇ ਅਖ਼ਬਾਰਾਂ ਦਾ ਵਿਵਰਣ ਦਿੱਤਾ ਹੈ। ਸਾਰੀਆਂ ਸਾਹਿਤਕ ਪ੍ਰਵਿਰਤੀਆਂ ਬਾਰੇ ਚਾਨਣਾ ਪਾਇਆ।



ਧਰਮ ਸਾਧਕ ਭਾਈ ਵੀਰ ਸਿੰਘ: ਡਾ. ਰਤਨ ਸਿੰਘ ਜੱਗੀ ਅਨੁਸਾਰ ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਵਾਰਤਕ ਦਾ ਮੋਢੀ ਕਿਹਾ ਜਾ ਸਕਦਾ। ਉਸ ਨੇ 1898 ਆਪਣੀ ਪਹਿਲੀ ਵਾਰਤਕ ਪੁਸਤਕ ਸੁੰਦਰੀ ਪ੍ਰਕਾਸ਼ਤ ਕਰਵਾਈ ਸੀ। ਉਸ ਦਾ ਮੁੱਖ ਮੰਤਵ ਸਿੱਖ-ਧਰਮ ਅਤੇ ਗੁਰਮਤਿ ਦਰਸ਼ਨ ਦੀ ਸਮਕਾਲੀ ਪ੍ਰਸਥਿਤੀਆਂ ਵਿੱਚ ਨਵੀਨ ਢੰਗ ਨਾਲ ਵਿਆਖਿਆ ਕਰਨਾ ਸੀ। ਉਸ ਨੇ ਲਗਪਗ ਤਿੰਨ ਦਰਜਨ ਪੁਸਤਕਾਂ ਸਾਹਿਤ ਦੇ ਵੱਖ-ਵੱਖ ਰੂਪਾਂ ਵਿੱਚ ਪ੍ਰਕਾਸ਼ਤ ਕਰਵਾਈਆਂ। ਇਕ ਸੰਸਥਾ ਜਿਤਨਾ ਕੰਮ ਕੀਤਾ। ਉਸ ਦੀ ਸਾਰੀ ਵਾਰਤਕ, ਨਾਵਲ, ਜਨਮ ਸਾਖੀਆਂ, ਲੇਖ, ਟ੍ਰੈਕਟ, ਨਾਟਕ, ਧਾਰਮਿਕ ਰੰਗ ਵਿੱਚ ਰੰਗੇ ਹੋਏ ਸਨ। ਉਨ੍ਹਾਂ ਅਧਿਆਤਮਿਕਤਾ ਦਾ ਰਸਤਾ ਚੁਣਿਆ। ਪੱਤਰਕਾਰੀ ਵਿੱਚ ਵੀ ਵਰਨਣਯੋਗ ਕਾਰਜ ਕੀਤਾ। ਸੰਸਥਾਵਾਂ ਬਣਾਈਆਂ, ਖਾਲਸਾ ਸਮਾਚਾਰ ਸਪਤਾਹਿਕ ਸ਼ੁਰੂ ਕੀਤਾ। ਸੰਥ੍ਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਉਨ੍ਹਾਂ ਦੀ ਮੌਤ ਹੋਣ ਕਰਕੇ ਅੱਧ ਵਿਚਕਾਰ ਰਹਿ ਗਈ। ਉਨ੍ਹਾਂ ਦੀ ਖ਼ੂਬੀ ਇਹ ਰਹੀ ਕਿ ਉਰਦੂ, ਅੰਗਰੇਜ਼ੀ ਤੇ ਬ੍ਰਜ ਭਾਸ਼ਾ ਦਾ ਬੋਲਬਾਲਾ ਹੋਣ ਦੇ ਬਾਵਜੂਦ ਉਨ੍ਹਾਂ ਨੇ ਪੰਜਾਬੀ ਵਿੱਚ ਲਿਖਣ ਨੂੰ ਚੁਣਿਆਂ। ਉਨ੍ਹਾਂ ਦੀਆਂ ਤਿੰਨ ਪੁਸਤਕਾਂ ਗੁਰੂ ਨਾਨਕ ਚਮਤਕਾਰ, ਕਲਗੀਧਰ ਚਮਤਕਾਰ ਅਤੇ ਅਸ਼ਟਗੁਰ ਚਮਤਕਾਰ ਦਾ ਮਨੋਰਥ ਸਿੱਖ ਜੀਵਨ, ਸਿੱਖ ਸਮਾਜ, ਸਿੱਖ ਇਤਿਹਾਸ ਅਤੇ ਸਿੱਖ ਦਰਸ਼ਨ ਨੂੰ ਘੋਖਣਾ ਅਤੇ ਯੁਗ ਅਨੁਰੂਪ ਉਸ ਦਾ ਵਿਸ਼ਲੇਸ਼ਣ ਕਰਨਾ ਸੀ ਜੋ ਮੀਲ ਪੱਥਰ ਸਾਬਤ ਹੋਈਆਂ। ਉਨ੍ਹਾਂ ਦੇ ਸਾਖੀ ਪ੍ਰਸੰਗ ਇਕ ਕਿਸਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਹਨ। ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਚੌਦਾਂ ਭਾਗਾਂ ਵਿੱਚ ਸੰਪਾਦਿਤ ਕੀਤੀ। ਉਨ੍ਹਾਂ ਪੰਜਾਬੀ ਦਾ ਖਿੰਡਿਆ ਪੁੰਡਿਆ ਸਾਹਿਤ ਇਕੱਠਾ ਕਰਕੇ ਸੰਪਾਦਿਤ ਕੀਤਾ। ਡਾ।ਰਤਨ ਸਿੰਘ ਜੱਗੀ ਨੇ ਬਾਖ਼ੂਬੀ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦਾ ਵਿਵਰਣ ਸਿਸਟੇਮੈਟਿਕ ਢੰਗ ਨਾਲ ਕੀਤਾ ਹੈ।

ਅਲਬੇਲਾ ਸਾਹਿਤਕਾਰ ਪ੍ਰੋ. ਪੂਰਨ ਸਿੰਘ: ਪ੍ਰੋ. ਪੂਰਨ ਸਿੰਘ ਅਲਬੇਲਾ ਰਹੱਸਵਾਦੀ ਤੇ ਵਿਸਮਾਦੀ ਸਾਹਿਤਕਾਰ ਸੀ। ਉਹ 50 ਸਾਲ ਦੀ ਉਮਰ ਵਿੱਚ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ। ਪ੍ਰੰਤੂ ਇਤਨੇ ਥੋੜ੍ਹੇ ਜਿਹੇ ਸਮੇਂ ਵਿੱਚ ਸਿੱਖ ਧਰਮ ਅਤੇ ਹੋਰ ਕਈ ਵਿਸ਼ਿਆਂ ਦੀਆਂ 40 ਪੁਸਤਕਾਂ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਅਨੁਵਾਦ ਦੀਆਂ ਲਿਖ ਗਿਆ। ਇਤਨੇ ਥੋੜ੍ਹੇ ਸਮੇਂ ਵਿੱਚ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਵਿੱਚ ਇਤਨਾ ਸਾਹਿਤ ਰਚ ਦਿੱਤਾ, ਜਿਸ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਉਸ ਤੇ ਗੁਰਮਤਿ ਦਾ ਬਹੁਤ ਪ੍ਰਭਾਵ ਸੀ। ਉਹ ਦਾਰਸ਼ਨਿਕ ਚਿੰਤਕ, ਸਾਹਿਤਕਾਰ ਅਤੇ ਸੰਪਾਦਕ ਸੀ। ਪੰਜਾਬੀ ਅਤੇ ਬ੍ਰਜ ਭਾਸ਼ਾ ਬਹੁਤ ਸਾਰਾ ਖਿੱਲਰਿਆ ਪਏ ਸਾਹਿ ਦੀ ਉਸ ਨੇ ਸੰਪਾਦਨਾ ਦਾ ਕੰਮ ਵੱਡੇ ਪੱਧਰ 'ਤੇ ਕੀਤਾ। ਗੁਰਮਤਿ ਅਤੇ ਸਿੱਖ ਮਤ ਦੇ ਵਿਸ਼ਲੇਸ਼ਣ ਤੋਂ ਇਲਾਵਾ ਪੰਜਾਬੀ ਦਾ ਇਕ ਮਹਾਨ ਸਾਹਿਤਕਾਰ ਸੀ, ਉਹ ਪੰਜਾਬੀ ਜਗਤ ਵਿੱਚ ਇਕ ਵਾ ਵਰੋਲੇ ਦੀ ਤਰ੍ਹਾਂ ਅਇਆ ਅਤੇ ਆਪਣੀ ਹੋਂਦ ਦਾ ਅਹਿਸਾਸ ਕਰਵਾਕੇ ਛਾਂਈਂ ਮਾਂਈਂ ਹੋ ਗਿਆ। ਉਸ ਦੇ ਖੁਲ੍ਹੇ ਲੇਖ ਪੰਜਾਬੀਆਂ ਦੇ ਦਿਲਾਂ ਨੂੰ ਛੂਹ ਗਏ। ਉਸ ਦੀ ਵਾਰਤਕ ਵੀ ਕਾਵਿਮਈ ਹੈ। ਉਸ ਦੀ ਹਰ ਗੱਲ, ਹਰ ਬੋਲ, ਹਰ ਸ਼ਬਦ, ਹਰ ਵਾਕ ਹਰ ਲੇਖ, ਹਰ ਕਵਿਤਾ, ਹਰ ਪੁਸਤਕ ਸਭ ਕੁਝ ਅਨੋਖਾ ਤੇ ਨਿਵੇਕਲਾ ਸੀ। ਸ਼ਬਦਾਂ ਦਾ ਪਰਵਾਹ ਆਪ ਮੁਹਾਰੇ ਉਸਦੇ ਅੰਦਰੋਂ ਆਉਂਦਾ ਰਹਿੰਦਾ ਸੀ। ਉਹ ਕੋਈ ਵੀ ਰਚਨਾ ਸਜੱਗ ਹੋ ਕੇ ਨਹੀਂ ਸਗੋਂ ਜੋ ਦਿਲ ਵਿੱਚ ਆ ਗਿਆ ਉਹ ਹੀ ਲਿਖ ਦਿੰਦਾ ਸੀ। ਆਧੁਨਿਕ ਕਾਲ ਦਾ ਉਹ ਪ੍ਰਮੁੱਖ ਕਵੀ ਹੈ। ਉਹ ਛੰਦ ਬੱਧ ਕਵਿਤਾ ਨਹੀਂ ਸਗੋਂ ਖੁਲ੍ਹੀ ਕਵਿਤਾ ਲਿਖਦਾ ਸੀ। ਉਹ ਪ੍ਰਕ੍ਰਿਤੀ ਵਿੱਚੋਂ ਲੈ ਕੇ ਬਿੰਬ ਵਰਤਦਾ ਸੀ। ਉਸ ਦੀ ਲੇਖਣੀ ਭਾਵਨਾ ਦੀ ਤਸਵੀਰ ਖਿੱਚ ਦਿੰਦੀ ਸੀ।

ਗੁਪ੍ਰਮੁੱਖ ਵਾਰਤਕ-ਕਾਰ ਗੁਰਬਖ਼ਸ਼ ਸਿੰਘ ਪ੍ਰੀਤਲੜੀ: ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਡਾ।ਜੱਗੀ ਨੇ ਨਵੀਂ ਵਾਰਤਕ ਦੇ ਅਲੰਬਰਦਾਰ ਦਾ ਦਰਜਾ ਦਿੱਤਾ ਹੈ ਕਿਉਂਕਿ ਉਸ ਨੇ ਵਾਰਤਕ ਨੂੰ ਪੁਰਾਤਨਤਾ ਵਿੱਚੋਂ ਕੱਢਕੇ ਨਵਾਂ ਮੂੰਹ ਮੱਥਾ ਪ੍ਰਦਾਨ ਕੀਤਾ ਹੈ। ਸਿੱਖ ਧਰਮ ਅਤੇ ਸਭਿਆਚਾਰ ਬਾਰੇ ਆਧੁਨਿਕ ਪਰਿਪੇਖ ਵਿੱਚ ਉਦਾਰਤਾ ਨਾਲ ਸੋਚਣ ਅਤੇ ਆਧੁਨਿਕ ਪੰਜਾਬੀ ਵਾਰਤਕ ਵਿੱਚ ਨਿਖ਼ਾਰ ਲਿਆਂਦਾ। ਉਸ ਦੀ ਸਾਰੀ ਰਚਨਾ ਦਾ ਆਧਾਰ ਪਿਆਰ ਦਾ ਸੰਕਲਪ ਹੈ, ਜੋ ਸਹਿਜ ਪ੍ਰੀਤ ਦੇ ਦੁਆਲੇ ਘੁੰਮਦਾ ਹੈ। ਉਸ ਨੇ ਸਾਹਿਤ ਦੇ ਲਗਪਗ ਸਾਰੇ ਰੂਪਾਂ ਤੇ ਹੱਥ ਅਜਮਾਇਆ ਅਤੇ 55 ਪੁਸਤਕਾਂ ਲਿਖੀਆਂ, ਜਿਨ੍ਹਾਂ ਵਿੱਚ 31 ਲੇਖ ਸੰਗ੍ਰਹਿ, ਤਿੰਨ ਨਾਵਲ ਪੰਜ ਇਕਾਂਗੀ ਸੰਗ੍ਰਹਿ, 11 ਕਹਾਣੀ ਸੰਗ੍ਰਹਿ, ਪੰਜ ਕਹਾਣੀ ਸੰਗ੍ਰਹਿ ਬੱਚਿਆਂ ਲਈ ਅਤੇ ਸਫਰਨਾਵਾਂ ਸ਼ਾਮਲ ਹੈ। ਪਿਆਰ ਦਾ ਸੰਕਲਪ ਉਸ ਦਾ ਮਾਂਗਵਾਂ ਸੀ, ਜਿਸ ਕਰਕੇ ਬਹੁਤਾ ਸਫਲ ਨਹੀਂ ਹੋਇਆ। ਆਸ਼ਾਵਾਦੀ ਅਤੇ ਆਦਰਸ਼ਵਾਦ ਦਾ ਮੁੱਦਈ ਬਣਕੇ ਲਿਖਦਾ ਰਿਹਾ। ਪ੍ਰੀਤ ਤੇ ਆਦਰਸ਼ਵਾਦ ਦਾ ਸਿਧਾਂਤ ਸਮੇਂ ਦਾ ਹਾਣੀ ਨਹੀਂ ਬਣ ਸਕਿਆ। ਉਸ ਤੋਂ ਬਾਅਦ ਉਸ ਨੇ ਸਮਾਜਵਾਦ ਵੱਲ ਝੁਕਾਅ ਕਰ ਲਿਆ। ਉਹ ਸਮਝਦਾ ਸੀ ਕਿ ਸਾਹਿਤ ਮਨਪ੍ਰਚਾਵੇ ਲਈ ਨਹੀਂ ਸਗੋਂ ਸਮਾਜ ਲਈ ਹੋਣਾ ਚਾਹੀਦਾ। ਉਸ ਦੀਆਂ ਰਚਨਾਵਾਂ ਵਿੱਚ ਸੁਪਨੇ ਸਿਰਜਣਾ ਹੁੰਦਾ ਸੀ, ਜੋ ਕਦੀ ਪੂਰੇ ਨਹੀਂ ਹੁੰਦੇ। ਉਸ ਦੀਆਂ ਰਚਨਾਵਾਂ ਜਾਤ-ਪਾਤ, ਵਹਿਮਾ ਭਰਮਾ, ਊਚ ਨੀਚ ਅਤੇ ਛੂਤ-ਛਾਤ ਦੇ ਵਿਰੁੱਧ ਹਨ। ਅਮਨ ਲਹਿਰ ਦੇ ਹੱਕ ਵਿੱਚ ਵੀ ਲਿਖਦਾ ਰਿਹਾ। ਅਸਲੀ ਅਰਥਾਂ ਵਿੱਚ ਉਹ ਮਾਨਵਵਾਦੀ ਸੀ। ਉਸ ਦੀ ਸ਼ੈਲੀ ਪੱਛਮ ਦਾ ਪ੍ਰਭਾਵ ਹੋਣ ਕਰਕੇ ਨਿਵੇਕਲੀ ਹੈ, ਉਹ ਉਰਦੂ ਅਤੇ ਅੰਗਰੇਜ਼ੀ ਦੇ ਸ਼ਬਦ ਵੀ ਵਰਤਦਾ ਹੈ, ਜਿਸ ਕਰਕੇ ਉਸਦੀ ਵੱਖਰੀ ਪਛਾਣ ਹੈ। ਪਾਠਕ ਨੂੰ ਆਪਣੇ ਨਾਲ ਜੋੜ ਲੈਂਦਾ ਹੈ, ਰੌਚਿਕਤਾ ਬਣਾਈ ਰੱਖਦਾ ਹੈ, ਕੋਹਜ ਨੂੰ ਸਹਜ ਵਿੱਚ ਬਦਲ ਦਿੰਦਾ ਹੈ, ਵਿਵੇਕ ਪ੍ਰਧਾਨ ਸ਼ੈਲੀ ਹੈ।

ਗ਼ਪ੍ਰਬੁੱਧ ਵਿਦਵਾਨ ਡਾ।ਮੋਹਨ ਸਿੰਘ ਦੀਵਾਨਾ: ਡਾ।ਮੋਹਨ ਸਿੰਘ ਦੀਵਾਨਾ ਮਹਾਨ ਸਿੱਖ ਚਿੰਤਕ, ਪ੍ਰਤੀਬੱਧ ਸੰਤ ਕਵੀ ਯੋਗ ਸਾਧਕ ਸੀ। ਉਹ ਗਿਆਨ ਦਾ ਮੁਜੱਸਮਾ ਸਨ ਕਿਉਂਕਿ ਧਰਮ, ਇਤਿਹਾਸ, ਦਰਸ਼ਨ, ਭਾਸ਼ਾ, ਕਾਵਿ ਸ਼ਾਸ਼ਤ੍ਰ, ਸਭਿਅਚਾਰ ਆਦਿ ਅਨੇਕ ਵਿਸ਼ਿਆਂ ਬਾਰੇ ਵਿਸਤ੍ਰਿਤ ਗਿਆਨ ਪ੍ਰਾਪਤ ਕੀਤਾ ਸੀ। ਅੰਗਰੇਜ਼ੀ, ਹਿੰਦੀ, ਉਰਦੂ ਪੰਜਾਬੀ ਭਾਸ਼ਾਵਾਂ ਦੇ ਸਾਹਿਤ ਦੇ ਸਾਰੇ ਰੂਪਾਂ ਵਿੱਚ ਲਿਖਿਆ। ਉਨ੍ਹਾਂ ਦੀਆਂ 25 ਤੋਂ ਵੱਧ ਮੌਲਿਕ ਤੇ ਸੰਪਾਦਿਤ ਪੁਸਤਕਾਂ ਪ੍ਰਕਾਸ਼ਤ ਹੋਈਆਂ, ਜਿਨ੍ਹਾਂ ਵਿੱਚ 8 ਪੰਜਾਬੀ ਦੇ ਕਾਵਿ ਸੰਗ੍ਰਹਿ ਸ਼ਾਮਲ ਹਨ । ਡਾ।ਜੱਗੀ ਨੇ ਡਾ। ਮੋਹਨ ਸਿੰਘ ਦੀਵਾਨਾਂ ਦੇ ਸਾਹਿਤਕ ਯੋਗਦਾਨ ਬਾਰੇ ਵਿਸਤਾਰ ਪੂਰਬਕ ਜਾਣਕਾਰੀ ਦਿੱਤੀ ਹੈ। ਉਨ੍ਹਾਂ ਅਨੇਕ ਪ੍ਰਕਾਰ ਦੇ ਰੂਪਕਾਰਾਂ ਵਿੱਚ ਕਾਵਿ ਰਚਨਾ ਕੀਤੀ। ਉਸ ਨੇ ਪ੍ਰਕ੍ਰਿਤੀ ਬਾਰੇ ਵੀ ਕਵਿਤਾਵਾਂ ਲਿਖੀਆਂ। ਉਨ੍ਹਾਂ ਨੂੰ ਵਿਦਵਤਾ ਦਾ ਸੂਰਜ ਕਿਹਾ ਜਾਂਦਾ ਸੀ। ਉਹ ਇਕ ਸਾਕਾਰ ਪ੍ਰਤਿਭਾ ਸਨ। ਉਹ ਖੁਲ੍ਹੀ ਕਵਿਤਾ ਦਾ ਸਿੱਧ-ਹਸਤ ਕਵੀ ਸੀ। ਡਾ।ਦੀਵਾਨਾ ਦੀ ਪ੍ਰਗੀਤ-ਸਿਰਜਨਾ ਦੀ ਨੁਹਾਰ ਕਲਾਸੀਕਲ ਹੈ। ਉਹ ਫਿਲਾਸਫਰ ਕਵੀ ਸੀ। ਉਸ ਦੀ ਕਵਿਤਾ ਵਿੱਚ ਦੋ ਰੂਪ ਉਘੜ ਹਨ।

ਇਕ ਕਾਮ ਅਧਾਰਿਤ ਦੂਜਾ ਸੱਚਾ ਸੁੱਚਾ। ਉਨ੍ਹਾਂ ਰੁਬਾਈਆਂ ਵੀ ਲਿਖੀਆਂ। ਉਨ੍ਹਾਂ ਨੂੰ ਰੁਬਾਈ ਸਮਰਾਟ ਕਿਹਾ ਜਾਂਦਾ ਹੈ। ਡਾ।ਰਤਨ ਸਿੰਘ ਜੱਗੀ ਦੀ ਇਹ ਪੁਸਤਕ ਖੋਜਕਾਰਾਂ ਲਈ ਲਾਭਦਾਇਕ ਸਾਬਤ ਹੋਵੇਗੀ ਕਿਉਂਕਿ ਉਨ੍ਹਾਂ ਤੱਥਾਂ ਅਤੇ ਹਵਾਲਿਆਂ ਨਾਲ ਜਾਣਕਾਰੀ ਦਿੱਤੀ ਹੈ। 217 ਪੰਨਿਆਂ, 500 ਰੁਪਏ ਕੀਮਤ ਵਾਲੀ ਇਹ ਪੁਸਤਕ ਗ੍ਰੇਸੀਅਸ ਬੁਕਸ ਪਟਿਆਲਾ ਨੇ ਪ੍ਰਕਾਸ਼ਤ ਕੀਤੀ ਹੈ।

# ਨਸ਼ੇ ਨੇ ਬਣਾਏ ਚੋਰ ਤੇ ਹਰਾਮਖੋਰ

ਗੌਰਵ ਧੀਮਾਨ 7626818016



ਪ੍ਰਤੀ ਦਿਨ ਚੋਰੀ ਚਕਾਰੀ ਹੁੰਦੀ ਮਿਲ਼ਗੀ ਤੇ ਕੁਝ ਖ਼ੂਨ ਖਰਾਬਿਆ ਦੀ ਵਾਰਦਾਤ। ਇਹ ਸਭ ਕਿਉਂ ਹੋ ਰਿਹਾ ਹੈ ਅਸੀ ਜਾਣਦੇ ਹਾਂ, ਜਿੱਥੇ ਨਸ਼ੇ ਦਾ ਸੇਵਨ ਭਰਪੂਰ ਮਾਤਰਾ ਵਿੱਚ ਹੋ ਰਿਹਾ ਹੋਵੇ ਉੱਥੇ ਚੋਰੀ ਚਕਾਰੀ ਦਾ ਹੋਣਾ ਲਾਜਮੀ ਹੈ। ਕਿਸੇ ਦੇ ਮੱਥੇ ਉੱਤੇ ਨਹੀਂ ਲਿਖਿਆ ਹੁੰਦਾ ਕਿ ਉਹ ਚੋਰ ਹੈ ਪਰ ਜਦੋਂ ਚੋਰੀ ਹੋ ਜਾਂਦੀ ਹੈ ਤਾਂ ਪਤਾ ਲੱਗਦਾ ਹੈ ਕਿ ਉਹ ਤਾਂ ਚੋਰ ਹੀ ਸੀ। ਸਮਾਜ ਵਿੱਚ ਨਸ਼ੇ ਕਰਨ ਵਾਲਿਆ ਨੇ ਆਪਣਾ ਜੀਵਨ ਨਸ਼ਟ ਕਰ ਲਿਆ ਹੈ ਤੇ ਆਪਣੀ ਸਮਾਜਿਕ ਸਥਿਤੀ ਨੂੰ ਵਿਗਾੜ ਕੇ ਰੱਖ ਲਿਆ ਹੈ। ਨਸ਼ੇ ਦਾ ਸੇਵਨ ਆਪਣੇ ਸ਼ਰੀਰ ਲਈ ਵੀ ਬਹੁਤ ਬੁਰਾ ਹੈ। ਸਮਾਜ ਵਿੱਚ ਗੰਦਗੀ ਦੋ ਪਾਸੋਂ ਸ਼ੁਰੂ ਹੁੰਦੀ ਹੈ ਪਹਿਲੀ ਨਸ਼ੇ ਨੂੰ ਵੇਚਣ ਵਾਲ਼ੇ ਤਸਕਰਾਂ ਤੋਂ ਤੇ ਦੂਜੀ ਸਰਕਾਰ ਵੱਲੋਂ ਜੋ ਸ਼ਰੇਆਮ ਸ਼ਰਾਬ ਦੇ ਠੇਕੇ ਨੂੰ ਪਹਿਲ ਦਿੰਦੀ ਹੈ। ਨਸ਼ਾ ਤਸਕਰਾਂ ਵੱਲੋਂ ਸਰਹੱਦ ਪਾਰ ਤੋਂ ਨਸ਼ਾ ਵਧੇਰੇ ਮਾਤਰਾ ਵਿੱਚ ਪੰਜਾਬ ਥਾਈਂ ਲੈ ਕੇ ਆਇਆ ਜਾਂਦਾ ਹੈ। ਜਿਹਨਾਂ ਵਿੱਚੋਂ ਤਿੰਨ ਤੋਂ ਚਾਰ ਨਸ਼ਾ ਆਮ ਵਿਕਦਾ ਹੈ ਜਿਵੇਂ ਅਫ਼ੀਮ,ਭੁੱਕੀ, ਡੋਡੇ,ਗਾਂਜਾ ਆਦਿ ਇਹ ਸਭ ਆਸਾਨੀ ਨਾਲ ਨਸ਼ੇ ਕਰਨ ਵਾਲਿਆਂ ਤੱਕ ਪਹੁੰਚ ਜਾਂਦੇ ਹਨ। ਨਸ਼ਾ ਕਰਨ ਵਾਲੇ ਲੋਕ ਆਪਣੀ ਜਿੰਦਗੀ ਨੂੰ ਨਰਕ ਸਮਾਨ ਆਖਦੇ ਹਨ। ਅੱਜ ਕੱਲ੍ਹ ਪਿੰਡਾਂ ਵਿੱਚ ਨਸ਼ੇ ਨੂੰ ਸਪਲਾਈ ਕਰਨ ਦਾ ਢੰਗ ਅਪਣਾਇਆ ਜਾਂਦਾ ਹੈ ਜਿਹਨਾਂ ਵਿੱਚ ਕੁਝ ਔਰਤਾਂ ਵੀ ਸ਼ਾਮਿਲ ਹੁੰਦੀਆਂ ਹਨ। ਜਿਸ ਥਾਂ ਨਸ਼ਾ ਵੇਚਿਆ ਜਾਂਦਾ ਹੈ ਉਸ ਥਾਂ ਉੱਤੇ ਪੁਲਿਸ ਦਾ ਅੱਖ ਬੰਦ ਕਰਕੇ ਚੱਲਣਾ ਹੁੰਦਾ ਹੈ।

ਜੋ ਨਸ਼ਾ ਕਰਨ ਵਾਲੇ ਲੋਕ ਹਨ ਉਹ ਆਪਣੇ ਆਪ ਨੂੰ ਆਜਾਦ ਸਮਾਜ ਦਾ ਹਿੱਸਾ ਸਮਝਦੇ ਹਨ। ਉਹ ਥੋੜ੍ਹੇ ਤੋਂ ਜਿਆਦਾ ਗੁਸੈਲ ਕਿਸਮ ਦੇ ਵੀ ਦਿਖਾਈ ਦਿੰਦੇ ਹਨ। ਪੁਲਿਸ ਅਫ਼ਸਰਾਂ ਨੂੰ ਨੋਟਾਂ ਦੇ ਬੰਢਲ ਦੇ ਦਿੱਤੇ ਜਾਂਦੇ ਹਨ ਜਿਸ ਨਾਲ ਨਸ਼ਾ ਤੱਸਕਰ ਨੂੰ ਛੱਡ ਦਿੱਤਾ ਜਾਂਦਾ ਹੈ। ਹੁਣ ਤੱਕ ਦੇ ਜਿਹਨੇ ਵੀ ਕੇਸ ਨਜਰ ਆਏ ਹਨ ਉਹਨਾਂ ਵਿੱਚ ਨਸ਼ਾ ਤੱਸਕਰ ਦੀ ਜਮਾਨਤ ਇੱਕ ਦਿਨ ਵਿੱਚ ਹੀ ਹੋਈ ਹੈ ਜਿਸ ਤੋਂ ਸਾਫ਼ ਪਤਾ ਚੱਲਦਾ ਹੈ ਕਿ ਨਸ਼ਾ ਤਸਕਰਾਂ ਕੋਲ਼ ਹਰ ਤਰ੍ਹਾਂ ਦਾ ਹਥਿਆਰ ਹੈ ਜਿਸ ਤੋਂ ਬਚਿਆ ਜਾ ਸਕਦਾ ਹੈ। ਬੜੇ ਹੋਟਲਾਂ ਵਿੱਚ ਸ਼ਰਾਬ ਜੂਆ ਆਮ ਚੱਲਦਾ ਦਿਖੇਗਾ ਤੇ ਅਮੀਰ ਘਰਾਂ ਦੇ ਬੱਚੇ ਕਲੱਬਾਂ ਵਿੱਚ ਨਸ਼ੇ ਦੀ ਹਾਲਤ ਵਿੱਚ ਟੂੰਨ ਦਿਖਾਈ ਦੇਣਗੇ। ਜਿਹਨਾਂ ਨੂੰ ਨਸ਼ਾ ਕਰਨ ਤੋਂ ਬਾਅਦ ਕੋਈ ਸੁਧ ਬੁੱਧ ਨਹੀਂ ਹੁੰਦੀ ਹੁੰਦੀ।

ਆਟੋ ਰਿਕਸ਼ਾ ਚਲਾਉਣ ਵਾਲੇ ਚਾਲਕ ਚੋਰੀ ਚਕਾਰੀ ਨੂੰ ਆਸਾਨੀ ਨਾਲ ਅੰਜਾਮ ਦਿੰਦੇ ਹਨ। ਉਹ ਨਸ਼ਾ ਕਿਸ ਤਰ੍ਹਾਂ ਦਾ ਕਰਦੇ ਹਨ ਇਸ ਬਾਰੇ ਕੁਝ ਖ਼ਾਸ ਨਹੀਂ ਪਤਾ ਪਰ ਜਦੋਂ ਚੋਰੀ ਚਕਾਰੀ ਦਾ ਨਾਂ ਆਉਂਦਾ ਹੈ ਤਾਂ ਉਹ ਉਸ ਸਮੇਂ ਉਸ ਥਾਂ ਹੀ ਮੌਜੂਦ ਹੁੰਦੇ ਹਨ ਜਿੱਥੇ ਚੋਰੀ ਦੀ ਵਾਰਦਾਤ ਹੁੰਦੀ ਹੈ। ਦੋ ਮੋਟਸਾਇਕਲ ਸਵਾਰ ਇੱਕ ਬਜੁਰਗ ਮਾਤਾ ਜੀ ਤੋਂ ਕੁਝ ਨਕਦੀ ਰਕਮ ਤੇ ਸੋਨੇ ਦੀਆਂ ਮੁਰਕੀਆ ਖੋਹ ਕੇ ਨੱਠ ਜਾਂਦੇ ਹਨ। ਆਮ ਘਰਾਂ ਵਿੱਚ ਉਦੋਂ ਚੋਰ ਚਕਾਰੀ ਉਦੋਂ ਹੁੰਦੀ ਹੈ ਜਦੋਂ ਘਰ ਵਿੱਚ ਨਹੀਂ ਹੁੰਦਾ ਤੇ ਉਹ ਸਿਲੰਡਰ ਜਾਂ ਗਹਿਣੇ ਗੱਟੇ ਚੁਰਾ ਕੇ ਭੱਜ ਜਾਂਦੇ ਹਨ। ਇਹ ਸਾਰੀ ਵਾਰਦਾਤ ਇੱਕ ਨਸ਼ੇ ਕਰਨ ਵਾਲੇ ਤੋਂ ਹੁੰਦੀ ਜਾਪਦੀ ਹੈ। ਪੁਲਿਸ ਅਫ਼ਸਰਾਂ ਵੱਲੋਂ ਕੋਸ਼ਿਸ਼ ਉਦੋਂ ਤੱਕ ਨਹੀਂ ਕੀਤੀ ਜਾਂਦੀ ਜਦੋਂ ਤੱਕ ਸਾਹਮਣਿਓ ਕੇਸ ਕਰਨ ਵਾਲਾ ਆਵਾਜ਼ ਨਹੀਂ ਚੁੱਕਦਾ। ਨਸ਼ਾ ਤਸਕਰਾਂ ਨੇ ਇਸ ਦੇਸ਼ ਵਿੱਚ ਗੰਦ ਪਾ ਛੱਡਿਆ ਹੈ ਜਿਸ ਨਾਲ ਕਈ ਮਾਵਾਂ ਦੇ ਪੁੱਤ ਰੁੱਲ ਜਾਂਦੇ ਹਨ ਤੇ ਕਈ ਔਰਤਾਂ ਦੇ ਸੁਹਾਗ ਮਰ ਮਿੱਟ ਜਾਂਦੇ ਹਨ। ਇੱਕ ਮਾਂ ਆਪਣੇ ਪੁੱਤ ਨੂੰ ਬਹੁਤ ਪਿਆਰ ਕਰਦੀ ਹੈ ਪਰ ਪੁੱਤ ਨਸ਼ੇ ਦੀ ਲਪੇਟ ' ਚ ਫੱਸਿਆ ਹੁੰਦਾ ਹੈ। ਉਹ ਆਪਣੀ ਮਾਂ ਦੇ ਗਹਿਣੇ ਤੱਕ ਵੇਚ ਦਿੰਦਾ ਹੈ ਜਿਸ ਨਾਲ ਉਹ ਆਪਣਾ ਨਸ਼ਾ ਪੂਰਾ ਕਰਦਾ ਹੈ। ਘਰ ਦੀ ਹਰ ਇੱਕ ਚੀਜ਼ ਵੇਚ ਕੇ ਪੁੱਤ ਨਸ਼ਾ ਕਰਦਾ ਹੈ। ਮਾਂ ਬਹੁਤ ਪਰੇਸ਼ਾਨ ਹੁੰਦੀ ਹੈ ਕਿ ਉਸਦਾ ਪੁੱਤ ਨਸ਼ਾ ਨਾ ਕਰੇ ਤੇ ਉਹ ਬਿਲਕੁੱਲ ਸਹੀ ਹੋ ਜਾਵੇ। ਮਾਂ ਵੱਲੋਂ ਵਾਰ ਵਾਰ ਰੋਕਣ ਟੋਕਣ ' ਤੇ ਪੁੱਤ ਹੱਥ ਵੀ ਚੁੱਕ ਦਿੰਦਾ ਹੈ। ਜਿਸ ਮਾਂ ਨੇ ਕੁੱਖ ਵਿੱਚ ਪੂਰੇ ਨੌ ਮਹੀਨੇ ਰੱਖਿਆ,ਅੱਜ ਉਸਦਾ ਪੁੱਤ ਹੀ ਉਸਨੂੰ ਮਾਰਦਾ ਕੁੱਟਦਾ ਹੈ। ਨਸ਼ੇ ਨੇ ਤਾਂ ਬੇੜਾ ਗਰਕ ਕੀਤਾ ਹੈ ਜੋ ਮਾਵਾਂ ਨੂੰ ਜਿਊਣ ਤੱਕ ਨਹੀਂ ਦਿੰਦਾ।

ਸ਼ਰਾਬ ਤੇ ਜੂਆ ਖੇਡਣ ਵਾਲੇ ਆਪਣੇ ਘਰ ਤੱਕ ਨੂੰ ਵੀ ਵੇਚ ਦਿੰਦੇ ਹਨ ਤੇ ਬੱਚਿਆ ਦਾ ਜੀਵਨ ਬਰਬਾਦ ਹੋ ਜਾਂਦਾ ਹੈ। ਸਮਾਜ ਵਿੱਚ ਨਾ ਖ਼ਤਮ ਹੋਣ ਵਾਲਾ ਨਸ਼ਾ ਹੀ ਹਰ ਜਿੰਦਗੀ ਨੂੰ ਤਬਾਹ ਕਰ ਰਿਹਾ ਹੈ ਜਿਸਨੂੰ ਰੋਕਿਆ ਬਿਲਕੁੱਲ ਨਹੀਂ ਜਾ ਸਕਦਾ ਹੈ। ਜੋ ਸੰਸਥਾਂ ਇਹ ਆਖਦੀ ਹੈ ਕਿ ਨਸ਼ਾ ਮੁਕਤ ਕਰਾਉਣ ਦਾ ਜਿੰਮਾਂ ਸਾਡਾ ਹੈ ਫਿਰ ਕਿਉਂ ਉਹ ਮੁੜ ਨਸ਼ਾ ਕਰਦੇ ਹਨ। ਨਸ਼ਾ ਮੁਕਤ ਕਰਨਾ ਬਹੁਤ ਵਧੀਆ ਗੱਲ ਹੈ ਪਰ ਕਿਉਂ ਨਹੀਂ ਇਹ ਸਹੀ ਹੋ ਰਿਹਾ। ਇੱਕ ਵਾਰ ਮੈ ਨਸ਼ਾ ਕਰਨ ਵਾਲੇ ਨੌਜਵਾਨ ਨੂੰ ਪੁੱਛਿਆ,' ਕਿ ਭਾਈ ਜਿਹੜੀ ਸੰਸਥਾ ਤੋਂ ਅੱਜ ਬਾਹਰ ਆਇਆ,ਉੱਥੇ ਉਹ ਕੀ ਕੁਝ ਕਰਦੇ ਸੀ। ਉਸਨੇ ਸਾਫ਼ ਸਾਫ਼ ਲਫ਼ਜਾ ਵਿੱਚ ਕਿਹਾ ਪਹਿਲਾਂ ਤਾਂ ਥੋੜ੍ਹੇ ਦਿਨ ਤੱਕ ਨਸ਼ਾ ਕਰਨ ਲਈ ਆਪ ਦਿੰਦੇ ਹਨ ਫਿਰ ਹੌਲੀ ਹੌਲੀ ਘਟਾਉਣਾ ਸ਼ੁਰੂ ਕਰ ਦਿੰਦੇ ਹਨ ਪਰ ਅਸੀ ਨਸ਼ਾ ਕਿਸੇ ਨਾ ਕਿਸੇ ਤਰ੍ਹਾਂ ਕਰ ਹੀ ਲੈਂਦੇ ਸੀ। ਜੋ ਉੱਥੋਂ ਦੇ ਕਰਮਚਾਰੀ ਸੀ ਉਹ ਪੈਸੇ ਦੇ ਨਾਲ ਚੱਲਦੇ ਸੀ ਜੋ ਸਾਨੂੰ ਨਸ਼ਾ ਕਰਨ ਲਈ ਦਿੰਦੇ ਰਹਿੰਦੇ ਸੀ।'

ਇਹ ਸੰਸਥਾ ਸਰਕਾਰੀ ਸੀ ਜਿਸ ਵਿੱਚ ਨਸ਼ਾ ਮੁਕਤ ਕਰਵਾਇਆ ਜਾਂਦਾ ਹੈ ਪਰ ਕਿ ਇਹ ਸੰਸਥਾ ਦਾ ਹੋਣਾ ਜਰੂਰ ਹੈ ਜੋ ਆਪ ਹੀ ਨਸ਼ਾ ਕਰਵਾ ਕੇ ਨੌਜਵਾਨ ਪੀੜ੍ਹੀ ਨੂੰ ਮਾਰ ਰਿਹਾ ਹੈ। ਇਸ ਤੋਂ ਕੁਝ ਵੀ ਸਾਬਿਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਘਟਨਾਂ ਆਮ ਤੌਰ ' ਤੇ ਨਹੀਂ ਦਿਖਾਈ ਦਿੱਤੀ ਜਾਂਦੀ। ਸਮਾਜ ਵਿੱਚ ਫੈਲਿਆ ਨਸ਼ੇ ਦਾ ਦੌਰ ਖ਼ਤਮ ਕਰਨਾ ਸਿਰਫ਼ ਨਾਂ ਬਣ ਕੇ ਰਹਿ ਗਿਆ ਹੈ। ਕਈ ਸਾਰੇ ਸ਼ਹਿਰਾਂ ਤੇ ਪਿੰਡਾਂ ਵਿੱਚ ਨਸ਼ੇ ਦਾ ਕਾਰੋਬਾਰ ਹਰ ਦੁਕਾਨ ਉੱਤੇ ਵਿਕਦਾ ਨਜ਼ਰ ਵੀ ਆਉਂਦਾ ਹੈ। ਇੱਕ ਦੁੱਪਰਪਾਨ ਉੱਤੇ ਸਾਫ਼ ਸਾਫ਼ ਲਿਖਿਆ ਜਾਂਦਾ ਹੈ ਕਿ ਨਸ਼ਾ ਤੁਹਾਡੀ ਸਿਹਤ ਲਈ ਹਾਨੀਕਾਰਕ ਹੈ ਪਰ ਕਿ ਇਹ ਬੰਦ ਕੀਤਾ ਜਾਂਦਾ ਹੈ। ਸਮਾਜ ਵਿੱਚ ਹਮੇਸ਼ਾ ਉਲਟਾ ਹੁੰਦਾ ਹੈ ਜਿਸ ਥਾਂ ਸਹੀ ਕਰਨ ਬਾਰੇ ਲਿਖਿਆ ਜਾਂਦਾ ਹੈ ਉੱਥੇ ਗਲਤ ਹੀ ਕੀਤਾ ਜਾਂਦਾ ਹੈ।

ਨਸ਼ੇ ਦਾ ਸੇਵਨ ਆਜਾਦੀ ਖੋਹ ਲੈਂਦਾ ਹੈ। ਜਿੰਦਗੀ ਦੀ ਸ਼ੁਰੂਆਤ ਨੂੰ ਉੱਡਦੇ ਪੰਛੀਆਂ ਵਾਂਗ ਉੱਡਣ ਵੀ ਨਹੀਂ ਦਿੰਦਾ ਹੈ। ਨਸ਼ਾ ਮੁਕਤ ਕਰਨ ਦਾ ਯਤਨ ਹਰ ਕੋਈ ਕਰਨ ਦੀ ਕੋਸ਼ਿਸ਼ ਵੀ ਕਰਦਾ ਹੈ ਪਰ ਸਮੇਂ ਦੀ ਚਾਲ ਬਦਲ ਗਈ ਹੈ ਜਿਸ ਵਿੱਚ ਨਸ਼ਾ ਤਸਕਰਾਂ ਨੂੰ ਕੁਝ ਸਰਕਾਰੀ ਅਫ਼ਸਰਾਂ ਦਾ ਸਾਥ ਵੀ ਹੈ। ਲੁਧਿਆਣਾ ਸ਼ਹਿਰ ਵਿੱਚ ਇੱਕ ਵਾਰਦਾਤ ਹੋਈ ਸੀ ਜਿਸ ਵਿੱਚ ਚੱਲਦੇ ਫਿਰਦੇ ਨੂੰ ਲੁੱਟਿਆ ਗਿਆ ਸੀ ਤੇ ਜਦੋਂ ਚੱਲਦੇ ਫਿਰਦੇ ਵੱਲੋਂ ਆਪਣੇ ਬਚਾਅ ਲਈ ਵਿਰੋਧ ਕੀਤਾ ਜਾਂਦਾ ਹੈ ਤਾਂ ਉਹ ਦੋ ਨਸ਼ਾ ਖੋਰੀ ਮੌਤ ਦੇ ਘਾਟ ਉਤਾਰ ਦਿੰਦੇ ਹਨ। ਜਿਸ ਨਾਲ ਉਸ ਇਨਸਾਨ ਦੀ ਮੌਤ ਹੋ ਜਾਂਦੀ ਹੈ।

ਨਸ਼ਾ ਤਸਕਰਾਂ ਨੂੰ ਕਿਸੇ ਉੱਤੇ ਤਰਸ ਨਹੀਂ ਆਉਂਦਾ ਹੈ। ਉਸਨੂੰ ਸਿਰਫ਼ ਤੇ ਸਿਰਫ਼ ਪੈਸਿਆਂ ਦਾ ਲਾਲਚ ਹੁੰਦਾ ਹੈ। ਪੰਜਾਬ ਦੇ ਹਰ ਕਸਬੇ ਵਿੱਚ ਨਸ਼ਾ ਤਸਕਰਾਂ ਦੀ ਭਰਪੂਰ ਮਾਤਰਾ ਹੈ। ਨਸ਼ੇ ਨੇ ਬਹੁਤ ਸਾਰੇ ਘਰ ਤਬਾਹ ਕਰ ਛੱਡੇ ਹਨ। ਇੱਕ ਧੀ ਆਪਣੇ ਸਿਰ ਤੋਂ ਚੁੰਨੀ ਨਹੀਂ ਲੱਥ ਦੀ ਪਰ ਉਹ ਡਰਦੀ ਹੈ ਇਸ ਸਮਾਜ ਦੇ ਲੋਕਾਂ ਤੋਂ ਕਿਉਕਿ ਭਿਆਨਕ ਭੇੜੀਏ ਸ਼ਰ੍ਹੇਆਮ ਇੱਜਤਾਂ ਉੱਤੇ ਹੱਥ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਉਹਨਾਂ ਦੇ ਕਰਕੇ ਕਈ ਧੀਆਂ ਖੌਫ਼ ਨਾਲ ਜਿਊਂਦੀਆਂ ਹਨ। ਨਸ਼ਾ ਬਹੁਤ ਹੀ ਭਿਆਨਕ ਹੈ ਜੋ ਕਿਸੇ ਨੂੰ ਵੀ ਚੋਰ ਤੇ ਹਰਾਮਖੋਰ ਬਣਾ ਦਿੰਦਾ ਹੈ। ਸਰਕਾਰਾਂ ਦੇ ਨਜ਼ਰੀਏ ਨਾਲ ਨਸ਼ਾ ਮੁਕਤ ਹੋ ਚੁੱਕਾ ਹੈ ਪਰ ਮਾਵਾਂ ਦੇ ਪੁੱਤ ਚਲੇ ਜਾਣ ਨਾਲ ਨਸ਼ਾ ਕਦੇ ਵੀ ਮੁਕਤ ਨਹੀਂ ਹੋਇਆ। ਕਈ ਮਾਵਾਂ ਦੇ ਪੁੱਤ ਇਸ ਜਿੰਦਗੀ ਵਿੱਚੋਂ ਅਕਾਲ ਚਲਾਨਾ ਕਰ ਗਏ ਹਨ। ਜਿਹਨਾਂ ਦੇ ਪੁੱਤ ਨਸ਼ੇ ਨੇ ਖੋਹ ਲਏ ਹਨ ਉਹ ਕਦੇ ਵੀ ਵਾਪਿਸ ਮੁੜੇ ਨਹੀਂ। ਸਮਾਜ ਵਿੱਚ ਨਸ਼ੇ ਦਾ ਸੇਵਨ ਜਦੋਂ ਤੱਕ ਇੰਝ ਚੱਲਦਾ ਰਹੇਗਾ ਉਦੋਂ ਤੱਕ ਸਮਾਜ ਸਾਫ਼ ਨਹੀਂ ਦਿਖੇਗਾ।

# 15 ਮਾਰਚ ਲਈ ਬਹੁਜਨ ਸਮਾਜ ਦੇ ਆਗੂ ਅਤੇ ਬੀਐਸਪੀ ਦੇ ਸੰਸਥਾਪਕ ਸਵਰਗੀ ਸਾਹਿਬ ਕਾਂਸ਼ੀ ਰਾਮ ਦੇ ਜਨਮ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਭਾਰਤ ਦੀ ਅਬਾਦੀ ਦਾ ਵੱਡਾ ਹਿੱਸਾ ਸਮਾਜਿਕ ਅਤੇ ਧਾਰਮਿਕ ਕੁਪ੍ਰਥਾਵਾਂ ਦਾ ਸ਼ਿਕਾਰ ਰਿਹਾ ਹੈ। ਇਸ ਵਿੱਤਕਰੇ ਨੂੰ ਖਤਮ ਕਰਨ ਲਈ ਸਮੇਂ ਸਮੇਂ ਤੇ ਕਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਮੁਹਿੰਮ ਚਲਾਈ ਹੈ। 15 ਅਗੱਸਤ 1947 ਨੂੰ ਦੇਸ਼ ਅਜ਼ਾਦ ਹੋ ਗਿਆ ਪਰ ਜਾਤ ਅਧਾਰਿਤ ਵਿਤਕਰੇ ਤੋਂ ਬਹੁਤੇ ਲੋਕਾਂ ਨੂੰ ਅਜਾਦੀ ਨਾਂ ਮਿਲ ਸਕੀ। ਇਸ ਅਜਾਦੀ ਦੀ ਲੋਅ ਅਛੂਤਾਂ ਅਤੇ ਪੱਛੜੇ ਵਰਗਾਂ ਦੇ ਘਰਾਂ ਤੱਕ ਪਹੁੰਚਾਣ ਲਈ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਜਿਨ੍ਹਾਂ ਨੂੰ ਸਾਹਿਬ ਅਤੇ ਮਾਨਿਆਵਾਰ ਵੀ ਕਿਹਾ ਜਾਂਦਾ ਹੈ ਨੇ ਮੁਹਿੰਮ ਚਲਾਈ ਅਤੇ ਉੱਤਰ ਪ੍ਰਦੇਸ਼ ਵਰਗੇ ਸੂਬੇ ਵਿੱਚ ਸਰਕਾਰ ਬਣਾਕੇ ਮਨੂਵਾਦੀ ਸੱਤਾਧਾਰੀ ਕੁਪ੍ਰਥਾ ਨੂੰ ਤੋੜਿਆ। ਸਾਹਿਬ ਕਾਂਸ਼ੀ ਰਾਮ ਦਾ ਜਨਮ 15 ਮਾਰਚ 1934 ਨੂੰ ਉਨ੍ਹਾਂ ਦੇ ਨਾਨਕੇ ਘਰ ਨਾਨਾ ਸਾਹਿਬ ਦਿਤਾ ਅਤੇ ਨਾਨੀ ਪ੍ਰਸਿੰਨੀ ਦੇਵੀ ਦੇ ਘਰ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਬੁੰਗਾ ਸਾਹਿਬ ਕੋਲ ਪੈਂਦੇ ਪਿੰਡ ਪ੍ਰਿਥੀਪੁਰ ਜ਼ਿਲ੍ਹਾ ਰੂਪਨਗਰ ਵਿੱਚ ਹੋਇਆ। ਮਾਤਾ ਸਵਰਗੀ ਬਿਸ਼ਨ ਕੌਰ ਅਤੇ ਪਿਤਾ ਹਰੀ ਸਿੰਘ ਦੇ 7 ਬੱਚਿਆਂ ਵਿਚੋਂ ਆਪ ਸਭ ਤੋਂ ਵੱਡੇ ਸਨ ਅਤੇ ਚਮਾਰ ਜਾਤ ਨਾਲ ਸਬੰਧ ਰੱਖਦੇ ਸਨ ਜੋਕਿ ਕਈ ਹੋਰ ਜਾਤਾਂ ਵਾਂਗ ਹੀ ਸਦੀਆਂ ਤੋਂ ਅਛੂਤ ਰਹੀ ਹੈ। ਆਪ ਦਾ ਪਰਿਵਾਰ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਰੂਪਨਗਰ ਜਿਲ੍ਹੇ ਦੇ ਪਿੰਡ ਖੁਆਸਪੁਰਾ ਵਿੱਚ ਰਹਿੰਦਾ ਸੀ ਅਤੇ ਪਰਿਵਾਰ ਦੇ ਬਾਕੀ ਮੈਂਬਰਾਂ ਦੇ ਨਾਮ ਸਿੱਖ ਧਰਮ ਨਾਲ ਸਬੰਧਿਤ ਸਨ ਪ੍ਰੰਤੂ ਆਪ ਦਾ ਜਨਮ ਨਾਨਕੇ ਪਿੰਡ ਹੋਣ ਕਾਰਨ ਉਨ੍ਹਾਂ ਦਾ ਨਾਮ ਕਾਂਸ਼ੀ ਰਾਮ ਰੱਖਿਆ ਗਿਆ। ਆਪ ਦਾ ਨਾਨੀ ਨਾਲ ਗੂੜ੍ਹਾ ਪਿਆਰ ਸੀ ਜਿਸ ਕਰਕੇ ਅਕਸਰ ਨਾਨਕੇ ਪਿੰਡ ਜਾਂਦੇ ਰਹਿੰਦੇ ਸਨ ਅਤੇ ਆਪਣਾ ਮਕਾਨ ਵੀ ਨਾਨਕੇ ਪਿੰਡ ਵਿੱਚ ਪ੍ਰਿਥੀਪੁਰ ਬੁੰਗਾ ਵਿੱਚ ਹੀ ਬਣਾਇਆ ਸੀ। ਆਪ ਨੇ ਮੁਢਲੀ ਪੜ੍ਹਾਈ ਪਿੰਡ ਮਲਿਕਪੁਰ ਦੇ ਸਰਕਾਰੀ ਸਕੂਲ ਅਤੇ ਇਸਲਾਮਿਕ ਸਕੂਲ ਰੋਪੜ੍ਹ ਤੋਂ ਕਰਨ ਉਪਰੰਤ 1956 ਵਿੱਚ ਸਰਕਾਰੀ ਕਾਲਜ ਰੋਪੜ੍ਹ ਤੋਂ ਵਿਗਿਆਨ ਵਿਸ਼ੇ ਵਿੱਚ ਗ੍ਰੈਜੂਏਸ਼ਨ ਕੀਤੀ। ਇਸ ਦੌਰਾਨ ਆਪ ਦੀ ਮੰਗਣੀ ਦੋਆਬੇ ਦੇ ਇੱਕ ਕਾਂਗਰਸੀ ਵਿਧਾਇਕ ਦੀ ਲੜਕੀ ਨਾਲ ਹੋ ਚੁੱਕੀ ਸੀ ਪਰ ਆਪ ਨੇ ਵਿਆਹ ਕਰਵਾਉਣ ਤੋਂ ਮਨ੍ਹਾਂ ਕਰ ਦਿਤਾ। ਸਾਲ 1957 ਵਿੱਚ ਆਪ ਨੇ ਸਰਵੇ ਆਫ ਇੰਡੀਆ ਦੀ ਪ੍ਰੀਖਿਆ ਪਾਸ ਕੀਤੀ ਅਤੇ ਇਸਦੀ ਟ੍ਰੇਨਿੰਗ ਲਈ ਦੇਹਰਾਦੂਨ ਚੱਲੇ ਗਏ। ਇਸ ਟ੍ਰੇਨਿੰਗ ਲਈ ਸਮੂਹ ਸਿਖਿਆਰਥੀਆਂ ਨੂੰ ਇੱਕ ਬਾਂਡ ਭਰਨ ਲਈ ਕਿਹਾ ਗਿਆ ਜਿਸ ਅਨੁਸਾਰ ਇੱਕ ਨਿਸ਼ਚਿਤ ਸਮੇਂ ਲਈ ਸਰਵੇ ਆਫ ਇੰਡੀਆ ਵਿੱਚ ਨੌਕਰੀ ਕਰਨਾ ਜਰੂਰੀ ਸੀ ਪਰੰਤੂ ਆਪ ਨੇ ਬਾਂਡ ਭਰਨ ਤੋਂ ਮਨ੍ਹਾਂ ਕਰ ਦਿੱਤਾ ਅਤੇ ਇਹ ਟ੍ਰੇਨਿੰਗ ਛੱਡਕੇ ਵਾਪਸ ਆ ਗਏ। ਇਸਤੋਂ ਬਾਦ ਆਪ ਨੇ ਰੱਖਿਆ ਉਤਪਾਦਨ ਵਿਭਾਗ ਪੂਨਾ ਵਿੱਚ ਸਹਾਇਕ ਵਿਗਿਆਨੀ ਦੇ ਤੌਰ ਤੇ ਨੌਕਰੀ ਸ਼ੁਰੂ ਕੀਤੀ। 1965 ਵਿੱਚ ਇਸ ਅਦਾਰੇ ਵਿੱਚ ਡਾਕਟਰ ਅੰਬੇਡਕਰ ਅਤੇ ਮਹਾਤਮਾ ਬੁੱਧ ਦੇ ਜਨਮ ਦਿਵਸ ਸਬੰਧੀ ਹੋਣ ਵਾਲੀਆਂ ਛੁੱਟੀਆਂ ਪ੍ਰਬੰਧਕਾਂ ਵਲੋਂ ਰੱਦ ਕਰਨ ਦੇ ਵਿਰੋਧ ਵਿੱਚ ਆਪ ਨੇ ਇੱਕ ਹੋਰ ਅਛੂਤ ਸਟਾਫ ਮੈਂਬਰ ਦੀਨਾ ਭਾਨਾ ਨਾਲ ਮਿਲਕੇ ਰੋਸ ਪ੍ਰਦਰਸ਼ਨ ਕੀਤਾ ਅਤੇ ਸੰਘਰਸ਼ ਕਰਕੇ ਬੰਦ ਕੀਤੀਆਂ ਗਈਆਂ ਇਹ ਛੁੱਟੀਆਂ ਮੁੜ੍ਹ ਸ਼ੁਰੂ ਕਰਵਾਈਆਂ। ਇਸ ਤੋਂ ਬਾਦ ਆਪ ਨੇ ਸਾਲ 1971 ਵਿੱਚ ਆਪਣੀ ਇਸ ਨੌਕਰੀ ਤੋਂ ਤਿਆਗ ਪੱਤਰ ਦੇ ਦਿਤਾ ਅਤੇ ਦੇਸ਼ ਵਿੱਚ ਹੱਕਾਂ ਤੋਂ ਬਾਂਝੇ ਦਲਿਤਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਸ਼ੁਰੂ ਕਰ ਦਿਤੀ ਅਤੇ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਹੋਰ ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀ ਕਰਮਚਾਰੀ ਵੈਲਫੇਅਰ ਸੰਸਥਾ ਬਾਮਸੇਫ ਦੀ ਸਥਾਪਨਾ ਕੀਤੀ। ਆਪ ਨੇ ਸ਼ੁਰੂ ਵਿੱਚ ਰਿਪਬਲਿਕਨ ਪਾਰਟੀ ਆਫ ਇੰਡੀਆ ਦਾ ਸਮਰਥਨ ਕੀਤਾ ਪਰ ਭਾਰਤੀ ਰਾਸ਼ਟਰੀ ਕਾਂਗਰਸ ਨਾਲ ਇਸ ਦੇ ਸਹਿਯੋਗ ਕਾਰਨ ਨਰਾਜ ਹੋ ਗਏ। ਆਦਿ ਧਰਮ ਲਹਿਰ ਦੇ ਆਗੂ ਅਤੇ ਸੰਸਥਾਪਕ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਤੋਂ ਬਾਅਦ ਉਹਨਾਂ ਨੇ ਦੇਸ਼ ਦੇ ਦਲਿਤਾਂ ਨੂੰ ਸਹੀ ਅਰਥਾਂ ਵਿੱਚ ਏਕੇ ਦੇ ਸੂਤਰ ਵਿੱਚ ਬੰਨਣ ਦਾ ਸੁਪਨਾ ਸੱਚ ਕਰ ਦਿਖਾਇਆ। ਆਪ ਨੇ ਮੌਜੂਦਾ ਦਲਿਤ ਲੀਡਰਸ਼ਿਪ ਨੂੰ ਨਕਾਰਦਿਆਂ ਕਿਹਾ ਕਿ ਪੂਨਾ ਪੈਕਟ ਜੋਕਿ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਵਿਚਕਾਰ ਸਮਝੌਤਾ ਸੀ ਨੇ ਸਿਰਫ ਚੱਮਚੇ ਹੀ ਪੈਦਾ ਕੀਤੇ ਹਨ। ਉਹ ਅਕਸਰ ਪੂਨਾ ਪੈਕਟ ਦੀ ਵਿਰੋਧਤਾ ਕਰਦਿਆਂ ਕਹਿੰਦੇ ਸਨ ਕਿ ਇਸ ਸਮਝੌਤੇ ਕਾਰਨ ਪੀ ਐਮ ਰਾਮਸੇ ਮੈਕਡੋਨਲਡ ਦੇ ਕਮਿਊਨਲ ਐਵਾਰਡ ਦੁਆਰਾ ਦਿੱਤੇ ਗਏ ਵੱਖਰੇ ਵੋਟ ਦੇ ਅਧਿਕਾਰ ਤੋਂ ਸਦੀਆਂ ਤੋਂ ਲਿਤਾੜੇ ਵਰਗਾਂ ਨੂੰ ਬਾਂਝੇ ਰਹਿਣਾ ਪਿਆ ਹੈ। ਅਪਣੀ ਕਿਤਾਬ ਚੱਮਚਾ ਯੁੱਗ ਵਿੱਚ ਇਸ ਸਬੰਧੀ ਵਿਸਥਾਰ ਵਿੱਚ ਵਰਣਨ ਕੀਤਾ ਹੈ। ਆਪ ਨੇ ਦਲੀਲ ਦਿੱਤੀ ਕਿ ਦਲਿਤਾਂ ਨੂੰ ਦੂਜੀਆਂ ਪਾਰਟੀਆਂ ਨਾਲ ਕੰਮ ਕਰਕੇ ਸਮਝੌਤਾ ਕਰਨ ਦੀ ਬਜਾਏ ਆਪਣੇ ਸਮਾਜ ਦੇ ਹਿੱਤਾਂ ਲਈ ਕੰਮ ਕਰਨਾ ਚਾਹੀਦਾ ਹੈ। ਸਾਲ 1973 ਵਿੱਚ ਬੈਕਵਰਡ ਐਂਡ ਮਾਇਨਾਰਿਟੀ ਕਮਿਊਨਿਟੀ ਇੰਮਪਲਾਇਜ਼ ਫੈਡਰੇਸ਼ਨ -ਬਾਮਸੇਫ ਦੀ ਸਥਾਪਨਾ ਕੀਤੀ ਅਤੇ 1976 ਵਿੱਚ ਇਸਦਾ ਦਫਤਰ ਦਿੱਲੀ ਵਿੱਚ ਖੋਲਿਆ ਗਿਆ। ਇਸ ਸੰਸਥਾ ਦਾ ਮੁੱਖ ਉਦੇਸ਼ ਡਾਕਟਰ ਅੰਬੇਡਕਰ ਵਲੋਂ ਦਿੱਤੇ ਗਏ ਪੜ੍ਹੋ, ਜੁੜੋ ਅਤੇ ਸੰਘਰਸ਼ ਕਰੋ ਰੱਖਿਆ ਗਿਆ। ਆਪ ਨੇ ਡਾਕਟਰ



Sahib Kanshi Ram
15 March 1934 – 09 October 2006

ਅੰਬੇਡਕਰ ਅਤੇ ਸਮਾਜ ਦੇ ਹੋਰ ਰਹਿਵਰਾਂ ਦੇ ਵਿਚਾਰ ਲੋਕਾਂ ਤੱਕ ਪਹੁੰਚਾਣ ਲਈ ਅਪਣੇ ਸਾਥੀਆਂ ਨਾਲ ਸਾਇਕਲ ਯਾਤਰਾ ਕੀਤੀ ਅਤੇ ਬਹੁਜਨ ਹਿਤਾਏ, ਬਹੁਜਨ ਸੁਖਾਏ ਲਹਿਰ ਚਲਾਈ। ਸਾਲ 1980 ਵਿੱਚ ਆਪ ਨੇ ਅੰਬੇਡਕਰ ਮੇਲਾ ਨਾਮ ਤੇ ਪੈਦਲ ਯਾਤਰਾ ਕੀਤੀ। ਡਾਕਟਰ ਅੰਬੇਡਕਰ ਦੇ ਪ੍ਰੀਨਿਰਵਾਣ ਦਿਵਸ ਮੌਕੇ 6 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸਮਾਜਿਕ ਸੰਗਠਨ ਤਿਆਰ ਕੀਤਾ। ਆਪ ਨੇ 6 ਦਸੰਬਰ 1983 ਤੋਂ ਸਾਈਕਲ ਮਾਰਚ ਅਤੇ ਜਨਤਕ ਮੀਟਿੰਗਾਂ ਰਾਹੀਂ ਸਮਾਜਿਕ ਕਾਰਜ ਯਾਤਰਾ ਸ਼ੁਰੂ ਕੀਤੀ ਜੋ ਕੰਨਿਆਕੁਮਾਰੀ, ਕਾਰਗਿਲ, ਕੋਹਿਮਾ, ਪੁਰੀ ਅਤੇ ਪੋਰਬੰਦਰ ਤੋਂ ਸ਼ੁਰੂ ਹੋ ਕੇ 15 ਮਾਰਚ 1984 ਨੂੰ ਬੋਟ ਕਲੱਬ ਦਿੱਲੀ ਵਿਖੇ ਇੱਕ ਵਿਸ਼ਾਲ ਰੈਲੀ ਦੇ ਰੂਪ ਵਿੱਚ ਸਮਾਪਤ ਹੋਈ। ਡਾਕਟਰ ਅੰਬੇਡਕਰ ਦੇ ਜਨਮ ਦਿਵਸ ਮੌਕੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ ਬਣਾ ਦਿਤੀ ਅਤੇ ਸਦੀਆਂ ਤੱਕ ਸੱਤਾ ਤੋਂ ਬਾਂਝੇ ਕਰੋੜਾਂ ਦਲਿਤਾਂ ਦਾ ਸੁਪਨਾ ਪੂਰਾ ਕਰਨ ਲਈ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ। ਆਪ ਨੇ ਕਿਹਾ ਕਿ ਪਾਰਟੀ ਪਹਿਲੀ ਚੋਣ ਹਾਰਨ ਲਈ ਅਗਲੀ ਚੋਣ ਹਰਾਉਣ ਲਈ ਅਤੇ ਤੀਜੀ ਚੋਣ ਜਿੱਤਣ ਲਈ ਲੜੇਗੀ। ਆਪ ਬਹੁਜਨ ਰਾਜਨੀਤੀ ਦੇ ਨਾਲ-ਨਾਲ ਬਹੁਜਨ ਪੱਤਰਕਾਰੀ ਦੇ ਮੁਕਤੀਦਾਤਾ ਵੀ ਸਨ। ਉਨ੍ਹਾਂ ਨੇ ਹਿੰਦੀ ਵਿੱਚ 'ਬਹੁਜਨ ਸੰਗਠਕ' ਹਫ਼ਤਾਵਾਰੀ ਅਤੇ ਅੰਗਰੇਜ਼ੀ ਵਿੱਚ 'ਦਾ ਓਪਰੈਸਡ ਇੰਡੀਅਨ' ਮਾਸਿਕ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ। ਉਹ ਆਪ ਇਨ੍ਹਾਂ ਦੋਵਾਂ ਅਖ਼ਬਾਰਾਂ ਦੇ ਸੰਪਾਦਕ ਸਨ। ਡਾਕਟਰ ਅੰਬੇਡਕਰ ਵਲੋਂ ਬਣਾਈ ਆਰ ਪੀ ਆਈ ਅਤੇ ਦਲਿਤ ਪੈਂਥਰ ਦੀ ਦੁਰਦਸ਼ਾ ਲਈ ਮੌਕਾਪ੍ਰਸਤ ਦਲਿਤਾਂ ਨੂੰ ਜਿੰਮੇਬਾਰ ਮੰਨਦੇ ਹੋਏ ਉਹ ਸਵਾਲ ਉਠਾਉਂਦੇ ਸਨ ਕਿ ਇਸ ਤਰ੍ਹਾਂ ਅੰਬੇਡਕਰਵਾਦ ਨੂੰ ਮੁੜ ਸੁਰਜੀਤ ਕਿਵੇਂ ਕੀਤਾ ਜਾ ਸਕਦਾ ਹੈ। ਆਪ ਪੱਛਮੀ ਬੰਗਾਲ ਦੇ ਨਮੋਸ਼ੂਦਰ ਅੰਦੋਲਨ ਦੀ ਚਰਚਾ ਕਰਦੇ ਹੋਏ ਕਹਿੰਦੇ ਸਨ ਕਿ ਅੰਗਰੇਜ਼ਾਂ ਦੇ ਦੇਸ਼ ਛੱਡਣ ਤੋਂ ਪਹਿਲਾਂ ਭਾਰਤ ਵਿਚ ਨਮੋਸ਼ੂਦਰ ਅੰਦੋਲਨ ਆਪਣੇ ਸਿਖਰ ਤੇ ਸੀ ਅਤੇ ਇਹ ਇੰਨਾ ਵੱਡਾ ਅੰਦੋਲਨ ਸੀ ਕਿ ਬੰਗਾਲ ਦੇ ਨਮੋਸ਼ੂਦਰ ਲੋਕਾਂ ਨੇ ਬਾਬਾ ਸਾਹਿਬ ਅੰਬੇਡਕਰ ਨੂੰ ਸੰਵਿਧਾਨ ਸਭਾ ਵਿੱਚ ਭੇਜ ਕੇ ਦੱਬੇ-ਕੁਚਲੇ ਅਤੇ ਸ਼ੋਸ਼ਿਤ ਲੋਕਾਂ ਪ੍ਰਤੀ ਆਪਣੀ ਪੂਰੀ ਵਫ਼ਾਦਾਰੀ ਦਿਖਾਈ ਪ੍ਰੰਤੂ ਬੰਗਾਲ ਦੀ ਵੰਡ ਨੇ ਨਮੋਸ਼ੂਦਰ ਅੰਦੋਲਨ ਨੂੰ ਵੀ ਵੰਡਿਆ ਹੈ ਜਿਸ ਕਾਰਨ ਅੱਜ ਨਮੋਸ਼ੂਦਰ ਲੋਕ ਜੜ੍ਹਾਂ ਰਹਿਤ ਹਨ। ਇਨ੍ਹਾਂ ਦੀਆਂ ਜੜ੍ਹਾਂ ਬੰਗਲਾਦੇਸ਼ ਵਿੱਚ ਅਤੇ ਸ਼ਾਖਾਵਾਂ ਭਾਰਤ ਵਿੱਚ ਹਨ। ਆਪ ਨੇ ਪਹਿਲੀ ਚੋਣ ਸਾਲ 1984 ਵਿੱਚ ਛੱਤੀਸਗੜ੍ਹ ਵਿੱਚ ਲੜੀ। ਸਾਲ 1988 ਵਿੱਚ ਆਪ ਨੇ ਇਲਾਹਾਬਾਦ ਸੀਟ ਤੋਂ ਵੀ.ਪੀ. ਸਿੰਘ ਦੇ ਖਿਲਾਫ ਚੋਣ ਲੜੀ ਅਤੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ ਪਰ 70000 ਦੇ ਕਰੀਬ ਵੋਟਾਂ ਨਾਲ ਹਾਰ ਹੋਈ। ਸਾਲ 1989 ਵਿੱਚ ਪੂਰਬੀ ਦਿੱਲੀ ਤੋਂ ਐਚ.ਕੇ.ਐਲ. ਭਗਤ ਦੇ ਵਿਰੁੱਧ ਅਤੇ ਅਮੇਠੀ ਵਿੱਚ ਰਾਜੀਵ ਗਾਂਧੀ ਦੇ ਵਿਰੁੱਧ ਚੋਣ ਲੜੀ ਅਤੇ ਦੋਵਾਂ ਸੀਟਾਂ ਤੇ ਤੀਜੇ ਸਥਾਨ ਤੇ ਰਹੇ। ਆਪ ਨੇ ਹੁਸ਼ਿਆਰਪੁਰ ਤੋਂ 11ਵੀਂ ਲੋਕ ਸਭਾ ਦੀ ਨੁਮਾਇੰਦਗੀ ਕੀਤੀ ਅਤੇ ਉੱਤਰ ਪ੍ਰਦੇਸ਼ ਦੇ ਇਟਾਵਾ ਤੋਂ ਲੋਕ ਸਭਾ ਦੇ ਮੈਂਬਰ ਵਜੋਂ ਵੀ ਚੁਣੇ ਗਏ। ਸਾਲ 1992 ਵਿੱਚ ਬਾਬਰੀ ਮਸਜਿਦ ਦੇ ਢਾਹੇ ਜਾਣ ਤੋਂ ਬਾਅਦ ਮੁਲਾਇਮ ਸਿੰਘ ਯਾਦਵ ਅਤੇ ਕਾਂਸ਼ੀ ਰਾਮ ਨੇ ਪੱਛੜੀਆਂ ਅਤੇ ਦਲਿਤ ਜਾਤੀਆਂ ਵਿੱਚ ਏਕਤਾ ਪੈਦਾ ਕਰਕੇ ਫਿਰਕੂ ਤਾਕਤਾਂ ਨੂੰ ਸੱਤਾ ਤੋਂ ਦੂਰ ਰੱਖਣ ਲਈ ਹੱਥ ਮਿਲਾਇਆ। ਯੂਪੀ ਵਿੱਚ ਮੁਲਾਇਮ ਸਿੰਘ ਯਾਦਵ ਦੀ ਅਗਵਾਈ ਵਿੱਚ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੀ ਗੱਠਜੋੜ ਵਾਲੀ ਸਰਕਾਰ ਬਣੀ ਪਰੰਤੂ ਇਹ ਗਠਜੋੜ ਜੂਨ 1995 ਵਿੱਚ ਟੁੱਟ ਗਿਆ। ਸਾਲ 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ 2.07 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 3 ਲੋਕ ਸਭਾ ਮੈਂਬਰ ਬਣੇ। ਸਾਲ 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਅਤੇ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। ਸਾਲ 1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਾਕੇ ਵੱਡੀ ਜਿੱਤ ਹਾਸਲ ਕੀਤੀ। ਆਪ ਦੋ ਵਾਰ 1991 ਅਤੇ 1996 ਵਿੱਚ ਲੋਕ ਸਭਾ ਮੈਂਬਰ ਚੁਣੇ ਗਏ। ਬਸਪਾ ਨੇ 1999 ਦੀਆਂ ਸੰਸਦੀ ਚੋਣਾਂ ਵਿੱਚ 14 ਸੰਸਦੀ ਸੀਟਾਂ ਜਿੱਤੀਆਂ ਸਨ।

18 ਫਰਵਰੀ 2001 ਨੂੰ ਆਦਿ ਧਰਮ ਮੰਡਲ ਦੀ ਸਥਾਪਨਾ ਦੇ 75 ਸਾਲ ਹੋਣ ਤੇ ਬਹੁਜਨ ਸਮਾਜ ਪਾਰਟੀ ਵਲੋਂ ਹੁਸ਼ਿਆਰਪੁਰ ਵਿੱਚ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਆਪ ਨੇ ਆਦਿ ਧਰਮ ਮੁਹਿੰਮ ਦੇ ਸਿਧਾਂਤਾਂ ਤੇ ਚੱਲਣ ਦਾ ਸੁਨੇਹਾ ਦਿਤਾ। 1998 ਵਿੱਚ ਆਪ ਨੇ ਇਹ ਵਾਅਦਾ ਕੀਤਾ ਕਿ ਉਹ ਉਦੋਂ ਤੱਕ ਆਪ ਚੋਣ ਨਹੀਂ ਲੜਣਗੇ ਜਦੋਂ ਤੱਕ ਲੋਕ ਸਭਾ ਵਿਚ ਘਟੋ ਘੱਟ 100 ਮੈਂਬਰ ਜਿੱਤਕੇ ਨਹੀਂ ਜਾਂਦੇ ਤਾਂ ਜੋ ਦੇਸ਼ ਦੀ ਸੱਤਾ ਦੀ ਚਾਬੀ ਦਲਿਤਾਂ ਦੇ ਹੱਥਾਂ ਵਿੱਚ ਆ ਸਕੇ। ਉਸਤੋਂ ਬਾਦ ਬਹੁਜਨ ਸਮਾਜ ਪਾਰਟੀ ਬੇਸ਼ੱਕ ਪੰਜਾਬ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਸਕੀ ਪਰ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ ਕਈ ਵਾਰ ਸਰਕਾਰ ਬਣਾਈ। ਆਪ ਦੇਸ਼ ਦੇ ਬਹੁਜਨ ਸਮਾਜ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਤੇ ਬੈਠਾਉਣਾ ਚਾਹੁੰਦੇ ਸਨ ਪਰ ਸਫਲ ਨਾਂ ਹੋ ਸਕੇ। ਸਵਰਗੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਨੇ ਆਪ ਨੂੰ ਰਾਸ਼ਟਰਪਤੀ ਅਹੁਦੇ ਦੀ ਪੇਸ਼ਕਸ਼ ਕੀਤੀ ਪਰੰਤੂ ਆਪ ਨੇ ਸਾਫ ਕਹਿ ਦਿੱਤਾ ਕਿ ਉਹ ਪ੍ਰਧਾਨ ਮੰਤਰੀ ਬਣਨਾ ਚਾਹੁੰਦੇ ਹਨ ਜਿਸ ਨਾਲ ਉਹ ਦਲਿਤਾਂ ਸਮੇਤ ਬਾਕੀ ਲੋਕਾਂ ਦੇ ਭਲੇ ਲਈ ਕੰਮ ਕਰ ਸਕਣ। ਜਿਸਕੀ ਜਿਤਨੀ ਸੰਖਿਆ ਭਾਰੀ ਉਤਨੀ ਉਸਦੀ ਹਿੱਸੇਦਾਰੀ ਦਾ ਨਾਅਰਾ ਦੇਣ ਵਾਲੇ ਕਾਂਸ਼ੀ ਰਾਮ ਸੱਤਾ ਦਾ ਚਸਕਾ ਪਾਕੇ ਸੱਤਾ ਨੂੰ ਦਲਿਤਾਂ ਦੇ ਦਰਵਾਜੇ ਤੱਕ ਲਿਆਉਣਾ ਚਾਹੁੰਦੇ ਸਨ। ਉਹ ਸ਼ੂਗਰ ਦੀ ਬਿਮਾਰੀ ਤੋਂ ਪੀੜ੍ਹਿਤ ਸਨ ਅਤੇ 1994 ਵਿੱਚ ਆਪ ਨੂੰ ਦਿਲ ਦਾ ਦੌਰਾ ਪੈ ਗਿਆ। ਸਾਲ 2003 ਵਿੱਚ ਆਪ ਦੀ ਹਾਲਤ ਹੋਰ ਜਿਆਦਾ ਖਰਾਬ ਹੋ ਗਈ ਅਤੇ 2004 ਤੋਂ ਬਾਦ ਹਰ ਤਰਾਂ ਦੇ ਜਨਤਕ ਪ੍ਰੋਗਰਾਮਾਂ ਵਿੱਚ ਜਾਣਾ ਬੰਦ ਕਰ ਦਿਤਾ। ਅੰਤ ਮਿਤੀ 09 ਅਕਤੂਬਰ 2006 ਨੂੰ ਕਰੋੜਾਂ ਲੋਕਾਂ ਦਾ ਆਗੂ ਸਦੀਵੀ ਵਿਛੋੜਾ ਦੇ ਗਏ। ਆਪ ਦੀ ਮੌਤ ਤੇ ਸ਼ੋਕ ਸੰਦੇਸ਼ ਵਿੱਚ ਉਸ ਵੇਲੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਾਂਸ਼ੀ ਰਾਮ ਨੂੰ ਸਮੇਂ ਦੇ ਮਹਾਨ ਸਮਾਜ ਸੁਧਾਰਕਾਂ ਵਿੱਚੋਂ ਇੱਕ ਦੱਸਿਆ। ਆਪ ਦੇ ਭਾਸ਼ਨਾਂ ਨੂੰ ਅਨੁਜ ਕੁਮਾਰ ਦੁਆਰਾ ਬਹੁਜਨ ਨਾਇਕ ਕਾਂਸ਼ੀ ਰਾਮ ਦੇ ਭਾਸ਼ਨ, ਐਸ.ਐਸ. ਗੌਤਮ ਅਤੇ ਏ.ਆਰ. ਦੁਆਰਾ ਸੰਕਲਿਤ ਕਾਂਸ਼ੀਰਾਮ ਦੀਆਂ ਲਿਖਤਾਂ ਅਤੇ ਭਾਸ਼ਨ ਵਰਗੀਆਂ ਕਿਤਾਬਾਂ ਵਿੱਚ ਸੰਕਲਿਤ ਕੀਤਾ ਗਿਆ ਹੈ। ਉੱਤਰ ਪ੍ਰਦੇਸ਼ ਵਿੱਚ ਕਾਂਸ਼ੀ ਰਾਮ ਦੇ ਨਾਮ ਉੱਤੇ ਕਈ ਸਰਕਾਰੀ ਪ੍ਰੋਗਰਾਮ ਅਤੇ ਸਕੀਮਾਂ ਅਤੇ ਜਨਤਕ ਸੰਸਥਾਵਾਂ ਹਨ। ਉਨ੍ਹਾਂ ਦੇ ਜਨਮ ਸਥਾਨ ਪਿਰਥੀਪੁਰ ਬੁੰਗਾ ਸਾਹਿਬ ਵਿੱਚ ਉਨ੍ਹਾਂ ਦੀ ਮੂਰਤੀ ਦੇ ਨਾਲ ਇੱਕ ਯਾਦਗਾਰ ਹੈ। ਲਖਨਊ ਵਿੱਚ ਗ੍ਰੀਨ ਈਕੋ ਗਾਰਡਨ ਦਾ ਨਾਮ ਉਹਨਾਂ ਦੀ ਯਾਦ ਵਿੱਚ ਰੱਖਿਆ ਗਿਆ ਹੈ। ਸਾਲ 2017 ਵਿੱਚ ਇੱਕ ਹਿੰਦੀ ਭਾਸ਼ਾ ਦੀ ਬਾਇਓਪਿਕ ਫਿਲਮ ਦਾ ਗ੍ਰੇਟ ਲੀਡਰ ਕਾਂਸ਼ੀ ਰਾਮ ਰਿਲੀਜ਼ ਕੀਤੀ ਗਈ ਸੀ ਜਿਸਦਾ ਨਿਰਦੇਸ਼ਨ ਅਤੇ ਨਿਰਮਾਣ ਅਰਜੁਨ ਸਿੰਘ ਦੁਆਰਾ ਕੀਤਾ ਗਿਆ ਸੀ। ਪੰਜਾਬੀ ਵਿੱਚ ਵੀ ਪੰਮੀ ਲਾਲੋ ਮਜਾਰਾ ਵਲੋਂ "ਮੈਂ ਕਾਂਸ਼ੀ ਰਾਮ ਬੋਲਦਾ" ਕਿਤਾਬ ਲਿਖੀ ਗਈ ਹੈ। ਉਨ੍ਹਾਂ ਦੇ ਪਰਿਵਾਰ ਵਲੋਂ ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰੱਸਟ ਬਣਾਇਆ ਗਿਆ ਹੈ ਜਿਸ ਵਲੋਂ ਬਾਬੂ ਜੀ ਦੀ ਯਾਦ ਵਿੱਚ ਉਨ੍ਹਾ ਦੇ ਨਾਨਕੇ ਪਿੰਡ ਪ੍ਰਿਥੀਪੁਰ ਬੁੰਗਾ ਵਿੱਚ ਬਾਬੂ ਕਾਂਸ਼ੀ ਰਾਮ ਨਾਲ ਜੁੜੀਆਂ ਵਸਤਾਂ ਦੀ ਇੱਕ ਲਾਇਬ੍ਰੇਰੀ ਤਿਆਰ ਕੀਤੀ ਗਈ ਹੈ। ਇਸ ਟਰਸਟ ਦਾ ਨੀਂਹ ਪੱਥਰ ਮੌਜੂਦਾ ਬੀ ਐਸ ਪੀ ਸੁਪਰੀਮੋ ਕੁਮਾਰੀ ਮਾਇਆਵਤੀ ਨੇ 01 ਅਗਸਤ, 1997 ਨੂੰ ਰੱਖਿਆ ਸੀ ਅਤੇ ਇਸਦਾ ਉਦਘਾਟਨ 15 ਮਾਰਚ, 2013 ਨੂੰ ਪੀ ਐਲ ਪੂਨੀਆ ਚੇਅਰਮੈਨ ਰਾਸ਼ਟਰੀ ਅਨੁਸੂਚਿਤ ਜਾਤਿ ਆਯੋਗ ਨੇ ਕੀਤਾ ਸੀ। ਕਾਂਗਰਸੀ ਆਗੂ ਸ਼ਮਸ਼ੇਰ ਸਿੰਘ ਦੂਲੋਂ ਵਲੋਂ ਇਸ ਪਿੰਡ ਵਿੱਚ ਵਿਸ਼ੇਸ਼ ਤੌਰ ਤੇ ਇੱਕ ਭਵਨ ਬਣਵਾਇਆ ਗਿਆ ਹੈ। ਏਕਤਾ ਫਾਊਂਡੇਸ਼ਨ ਵਲੋਂ ਸਤਵਿੰਦਰ ਮਦਾਰਾ ਦੀ ਅਗਵਾਈ ਵਿੱਚ ਸਾਹਿਬ ਕਾਂਸ਼ੀ ਰਾਮ ਦੇ ਪ੍ਰਚਾਰ ਲਈ ਮਿਸ਼ਨ ਚਲਾਇਆ ਜਾ ਰਿਹਾ ਹੈ। ਸਾਹਿਬ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ ਅਤੇ ਸਮੇਂ ਸਮੇਂ ਤੇ ਸਮਾਜਿਕ, ਧਾਰਮਿਕ ਅਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਹੋਰ ਆਗੂ ਉਨ੍ਹਾਂ ਦੇ ਸੰਘਰਸ਼ਮਈ ਜੀਵਨ ਤੋਂ ਸੇਧ ਲੈਂਦੇ ਹਨ। ਹਰ ਸਾਲ ਦੀ ਤਰ੍ਹਾਂ ਉਨ੍ਹਾਂ ਦੇ ਜਨਮ ਦਿਵਸ ਸਬੰਧੀ ਪ੍ਰਿਥੀਪੁਰ ਬੁੰਗਾ ਵਿੱਚ ਵਿਸ਼ੇਸ਼ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂ ਪਹੁੰਚਕੇ ਸਮਾਜ ਦੀ ਹਾਲਾਤ ਬਾਰੇ ਵਿਚਾਰ ਵਟਾਂਦਰਾ ਕਰਨਗੇ।

# ਬੀਬੀ ਜਗੀਰ ਕੌਰ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ, ਸੁਖਬੀਰ ਬਾਦਲ ਤੇ ਬੀਬੀ ਜਗੀਰ ਕੌਰ ਇਕੋ ਸਟੇਜ 'ਤੇ ਬਿਰਾਜਮਾਨ


**ਬੇਗੋਵਾਲ**– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦੀ ਅਕਾਲੀ ਦਲ ਵਿੱਚ ਵਾਪਸੀ ਹੋ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਦੁਪਹਿਰ ਬਾਅਦ ਬੇਗੋਵਾਲ ਪਹੁੰਚੇ ਅਤੇ ਬੀਬੀ ਜਗੀਰ ਕੌਰ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਘਰ ਵਾਪਸੀ ਦਾ ਰਸਮੀ ਐਲਾਨ ਕੀਤਾ। ਬੀਬੀ ਦੀ ਘਰ ਵਾਪਸੀ ਨਾਲ ਜ਼ਿਲ੍ਹੇ ਵਿੱਚ ਹੀ ਨਹੀਂ ਸਗੋਂ ਪੂਰੇ ਦੁਆਬੇ ਵਿੱਚ ਅਕਾਲੀ ਦਲ ਮਜ਼ਬੂਤ ਹੋਵੇਗਾ। ਇਸ ਮਕਸਦ ਲਈ ਬੀਬੀ ਵੱਲੋਂ ਬੇਗੋਵਾਲ ਵਿੱਚ ਇੱਕ ਵਰਕਰ ਮੀਟਿੰਗ ਵੀ ਰੱਖੀ ਗਈ ਹੈ, ਜਿਸ ਵਿੱਚ ਉਹ ਆਪਣੇ ਵਰਕਰਾਂ ਦੀ ਹਾਜ਼ਰੀ ਵਿੱਚ ਮੁੜ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਅਕਾਲੀ ਲੀਡਰ ਬੀਬੀ ਜਗੀਰ ਕੌਰ ਨੂੰ ਸਮੁੱਚੀ ਲੀਡਰਸ਼ਿਪ ਅੱਜ ਉਹਨਾਂ ਦੇ ਗ੍ਰਹਿ ਵਿਖੇ ਬੇਗੋਵਾਲ ਵਿਖੇ ਪਹੁੰਚੀ। ਇਸ ਮੌਕੇ ਡਾਕਟਰ ਦਲਜੀਤ ਸਿੰਘ ਚੀਮਾ ਸਾਬਕਾ ਮੰਤਰੀ, ਸੁਰਜੀਤ ਸਿੰਘ ਰੱਖੜਾ, ਪਵਨ ਕੁਮਾਰ ਟੀਨੂੰ ਸਮੇਤ ਕਈ ਲੀਡਰ ਬੀਬੀ ਜਗੀਰ ਕੌਰ ਦੇ ਗ੍ਰਹਿ ਬੇਗੋਵਾਲ ਵਿਖੇ ਪਹੁੰਚੇ। ਵਰਨਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਕਮੇਟੀ ਦੀ ਕਾਰਜਪ੍ਰਣਾਲੀ ਨੂੰ ਲੈ ਕੇ ਸੰਪਰਦਾਇਕ ਹਲਕਿਆਂ ਵਿਚ ਪਾਈ ਜਾ ਰਹੀ ਨਾਰਾਜ਼ਗੀ ਅਤੇ ਕਮੇਟੀ ਪ੍ਰਧਾਨ ਦੀ ਚੋਣ ਦੌਰਾਨ ਅਪਣਾਏ ਗਏ ਲਿਫਾਫਾ ਕਲਚਰ ਦੇ ਵਿਰੋਧ ਵਿਚ ਬੀਬੀ ਵਿਰੁੱਧ ਨਵੰਬਰ 2022 ਵਿਚ ਹੋਣ ਵਾਲੀ ਪ੍ਰਧਾਨਗੀ ਦੀ ਚੋਣ ਲੜਨ ਦਾ ਐਲਾਨ ਕੀਤਾ ਹੈ। ਜਗੀਰ ਕੌਰ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ। ਇਸ ਦੇ ਬਾਵਜੂਦ ਬੀਬੀ ਨੇ ਲਿਫਾਫਾ ਕਲਚਰ ਦਾ ਵਿਰੋਧ ਕਰਦਿਆਂ ਕਮੇਟੀ ਚੋਣਾਂ ਲੜੀਆਂ ਪਰ ਹਾਰ ਗਈਆਂ। ਮੁਅੱਤਲੀ ਤੋਂ ਬਾਅਦ ਬੀਬੀ ਜਗੀਰ ਕੌਰ ਨੇ ਕਿਹਾ ਕਿ ਉਨ੍ਹਾਂ ਨੇ ਨਾ ਤਾਂ ਸ਼੍ਰੋਮਣੀ ਅਕਾਲੀ ਦਲ ਖਿਲਾਫ ਕੋਈ ਗਤੀ-ਵਿਧੀ ਕੀਤੀ ਹੈ ਅਤੇ ਨਾ ਹੀ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਖਿਲਾਫ ਕੁਝ ਕਿਹਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਜ਼ਾਦ ਸੰਗਤ ਦੀ ਚੁਣੀ ਹੋਈ ਸੰਸਥਾ ਹੈ। ਉਹ ਸ਼੍ਰੋਮਣੀ ਕਮੇਟੀ ਦੇ ਕੰਮਕਾਜ ਪ੍ਰਤੀ ਸੰਪਰਦਾਇਕ ਖੇਤਰਾਂ ਵਿੱਚ ਪਾਈ ਜਾ ਰਹੀ ਉਦਾਸੀਨਤਾ ਨੂੰ ਦੂਰ ਕਰਨ ਲਈ ਲੋਕਤੰਤਰੀ ਢੰਗ ਨਾਲ ਲੋਕ ਪ੍ਰਧਾਨ ਦੀ ਚੋਣ ਕਰਵਾਉਣ ਦੀ ਗੱਲ ਕਰ ਰਹੇ ਸਨ।

ਉਂਜ ਬੀਬੀ ਜਗੀਰ ਕੌਰ ਅੱਜ ਵੀ ਆਪਣੇ ਸਟੈਂਡ 'ਤੇ ਕਾਇਮ ਹੈ ਕਿ ਉਹ ਕਦੇ ਵੀ ਅਕਾਲੀ ਦਲ ਤੋਂ ਵੱਖ ਨਹੀਂ ਹੋਈ ਸਗੋਂ ਪਾਰਟੀ ਵਿੱਚ ਰਹਿ ਕੇ ਅਕਾਲੀ ਦਲ ਨੂੰ ਮਜ਼ਬੂਤ ਕਰਨਾ ਚਾਹੁੰਦੀ ਹੈ। ਸੁਖਬੀਰ ਸਿੰਘ ਬਾਦਲ ਅੱਜ ਬਾਅਦ ਦੁਪਹਿਰ ਬੇਗੋਵਾਲ ਆ ਰਹੇ ਹਨ, ਜਿਨ੍ਹਾਂ ਦਾ ਸਵਾਗਤ ਹੈ ਪਰ ਉਹ ਹਮੇਸ਼ਾ ਆਪਣੇ ਸਿਧਾਂਤਾਂ 'ਤੇ ਡਟੇ ਰਹਿਣਗੇ ਅਤੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਮਰਿਆਦਾ ਅਤੇ ਸਿਧਾਂਤਾਂ 'ਤੇ ਪਹਿਰਾ ਦਿੰਦੇ ਹੋਏ ਇਨ੍ਹਾਂ ਸੰਸਥਾਵਾਂ ਨੂੰ ਮਜ਼ਬੂਤ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ। ਵਰਨਣਯੋਗ ਹੈ ਕਿ ਬੀਬੀ ਨੂੰ ਕੱਢੇ ਜਾਣ ਤੋਂ ਬਾਅਦ ਜ਼ਿਲ੍ਹੇ ਵਿੱਚ ਅਕਾਲੀ ਦਲ ਦੀ ਹਾਲਤ ਬਹੁਤ ਪਤਲੀ ਹੋ ਗਈ ਸੀ ਅਤੇ ਅਕਾਲੀ ਦਲ ਕੋਲ ਕੋਈ ਵੀ ਅਜਿਹਾ ਆਗੂ ਨਹੀਂ ਬਚਿਆ ਜੋ ਅਕਾਲੀ ਕਾਡਰ ਨੂੰ ਜੋੜ ਕੇ ਰੱਖ ਸਕੇ। ਸੁਖਬੀਰ ਸਿੰਘ ਬਾਦਲ ਨੇ ਖੁਦ ਪਹਿਲ ਕਰਦਿਆਂ ਬੀਬੀ ਜਗੀਰ ਕੌਰ ਨਾਲ ਸਿੱਧਾ ਰਾਬਤਾ ਕਾਇਮ ਕਰਕੇ ਉਨ੍ਹਾਂ ਨੂੰ ਮੁੜ ਅਕਾਲੀ ਦਲ 'ਚ ਸਰਗਰਮ ਹੋਣ ਦੀ ਅਪੀਲ ਕੀਤੀ।

# ਸੱਤਾ ਵਿੱਚ ਆਣ ਤੋਂ ਬਾਦ ਆਮ ਆਦਮੀ ਪਾਰਟੀ ਅਪਣੇ ਚੋਣ ਵਾਅਦਿਆਂ ਨੂੰ ਭੁੱਲੀ

ਭਾਰਤ ਵਿੱਚ ਬੇਰੁਜ਼ਗਾਰੀ ਇੱਕ ਨਾਜ਼ੁਕ ਮੁੱਦਾ ਹੈ ਜੋ ਆਰਥਿਕ ਦ੍ਰਿਸ਼ਟੀਕੋਣ ਨੂੰ ਲਗਾਤਾਰ ਚੁਣੌਤੀ ਦੇ ਰਿਹਾ ਹੈ। ਬਹੁਤ ਸਾਰੇ ਅਧਿਐਨਾਂ ਅਤੇ ਸਰਵੇਖਣਾਂ ਨੇ ਦਿਖਾਇਆ ਹੈ ਕਿ ਭਾਰਤ ਵਿੱਚ ਨੌਕਰੀਆਂ ਪੈਦਾ ਕਰਨ ਦੀ ਇੱਕ ਗੰਭੀਰ ਸਮੱਸਿਆ ਹੈ। ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ ਦੇ ਅੰਕੜੇ ਦਰਸਾਉਂਦੇ ਹਨ ਕਿ ਕਰਮਚਾਰੀਆਂ ਵਿੱਚ ਨੌਜਵਾਨਾਂ 15-29 ਸਾਲ ਦੀ ਉਮਰ ਦੀ ਹਿੱਸੇਦਾਰੀ 2016-17 ਵਿੱਚ 25% ਤੋਂ ਘੱਟ ਕੇ 2022-23 ਵਿੱਚ 17% ਹੋ ਗਈ ਹੈ। ਇਸ ਦੇ ਉਲਟ 45 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਇਹ ਹਿੱਸੇਦਾਰੀ 37% ਤੋਂ ਵੱਧ ਕੇ 49% ਹੋ ਗਈ ਹੈ। ਉਭਰਦੀਆਂ ਅਰਥਵਿਵਸਥਾਵਾਂ ਵਿੱਚ ਭਾਰਤ ਦੇ ਨੌਜਵਾਨ ਲਈ ਬੇਰੁਜ਼ਗਾਰੀ ਦੀ ਸਮੱਸਿਆ ਸਭ ਤੋਂ ਗੰਭੀਰ ਹੈ। ਵਿਸ਼ਵ ਬੈਂਕ ਦੇ ਅੰਕੜੇ ਦਰਸਾਉਂਦੇ ਹਨ ਕਿ ਬੰਗਲਾਦੇਸ਼ ਅਤੇ ਇੰਡੋਨੇਸ਼ੀਆ ਨੇ ਆਪਣੇ ਨੌਜਵਾਨਾਂ ਅਤੇ ਔਰਤਾਂ ਨੂੰ ਰੁਜ਼ਗਾਰ ਦੇਣ ਲਈ ਬਹੁਤ ਵਧੀਆ ਕੰਮ ਕੀਤਾ ਹੈ। ਲੋੜੀਂਦੀਆਂ ਨੌਕਰੀਆਂ ਪੈਦਾ ਕਰਨ ਤੋਂ ਦੂਰ ਭਾਰਤ ਨੂੰ ਆਬਾਦੀ ਦੇ ਵਾਧੇ ਨੂੰ ਜਾਰੀ ਰੱਖਣਾ ਅਤੇ ਕੰਮ ਦੀ ਭਾਲ ਕਰਨ ਵਾਲਿਆਂ ਦੀ ਸੂਚੀ ਵਿੱਚ ਦਾਖਲ ਹੋਣ ਵਾਲੇ ਨਵੇਂ ਬਾਲਗਾਂ ਨੂੰ ਉਚਿਤ ਰੁਜ਼ਗਾਰ ਦੀ ਪੇਸ਼ਕਸ਼ ਕਰਨਾ ਮੁਸ਼ਕਿਲ ਲੱਗਦਾ ਹੈ। ਐਚ ਐਸ ਬੀ ਸੀ ਦੇ ਮੁੱਖ ਭਾਰਤ ਅਰਥ ਸ਼ਾਸਤਰੀ ਪ੍ਰੰਜੁਲ ਭੰਡਾਰੀ ਦਾ ਅਨੁਮਾਨ ਹੈ ਕਿ ਭਾਰਤ ਨੂੰ ਅਗਲੇ ਦਹਾਕੇ ਵਿੱਚ 70 ਮਿਲੀਅਨ ਨੌਕਰੀਆਂ ਪੈਦਾ ਕਰਨ ਦੀ ਜ਼ਰੂਰਤ ਹੋਏਗੀ ਪ੍ਰੰਤੂ ਇਹ ਸਿਰਫ 24 ਮਿਲੀਅਨ ਪੈਦਾ ਕਰ ਪਾਵੇਗਾ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਰੁਜ਼ਗਾਰ ਅਤੇ ਸਿੱਖਿਆ ਦਾ ਆਪਸ ਵਿੱਚ ਉਲਟਾ ਰਿਸ਼ਤਾ ਜਾਪਦਾ ਹੈ। ਸਟੇਟ ਆਫ ਵਰਕਿੰਗ ਇੰਡੀਆ ਰਿਪੋਰਟ 2023 ਵਿੱਚ ਪਾਇਆ ਗਿਆ ਹੈ ਕਿ ਭਾਰਤ ਦੀ ਬੇਰੁਜ਼ਗਾਰੀ ਦਰ ਇਸਦੇ ਨੌਜਵਾਨ ਗ੍ਰੈਜੂਏਟਾਂ ਵਿੱਚ ਲੱਗਭੱਗ 42% ਹੈ। ਪੰਜਾਬ ਦੀਆਂ ਚੋਣਾਂ ਵਿੱਚ ਵੀ ਨੌਕਰੀਆਂ ਅਤੇ ਰੋਜ਼ਗਾਰ ਦਾ ਵਾਅਦਾ ਅਕਸਰ ਹੀ ਚਰਚਾ ਵਿੱਚ ਰਿਹਾ ਹੈ। ਵੱਖ ਵੱਖ ਚੋਣਾਂ ਵਿੱਚ ਸਿਆਸੀ ਪਾਰਟੀਆਂ ਨੇ ਬੇਰੁਜ਼ਗਾਰ ਨੌਜਵਾਨਾਂ ਨੂੰ ਭਰੋਸਾ ਦਿੱਤਾ ਹੈ ਕਿ ਜੇਕਰ ਉਹ ਸੱਤਾ ਵਿੱਚ ਆਏ ਤਾਂ ਉਹ ਨੌਕਰੀਆਂ ਪੈਦਾ ਕਰਨਗੇ ਪਰ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ ਭਾਵੇਂ ਕੋਈ ਵੀ ਸਿਆਸੀ ਪਾਰਟੀ ਸਰਕਾਰ ਬਣਾ ਲਵੇ ਪਰ ਹਰ ਸਰਕਾਰ ਨੇ ਬੇਰੋਜ਼ਗਾਰਾਂ ਦਾ ਸੋਸ਼ਣ ਹੀ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਨੇ 2012 ਵਿੱਚ ਨੌਜਵਾਨਾਂ ਲਈ 10 ਲੱਖ ਨੌਕਰੀਆਂ ਦੇਣ ਦਾ ਵਾਅਦਾ ਕਰਕੇ ਸਰਕਾਰ ਬਣਾਈ ਸੀ। ਸਾਲ 2017 ਵਿੱਚ ਜਦੋਂ ਅਕਾਲੀ-ਭਾਜਪਾ ਸਰਕਾਰ ਨੇ ਰਾਜ ਵਿੱਚ 10 ਸਾਲ ਰਾਜ ਕਰਨ ਤੋਂ ਬਾਅਦ ਅਹੁਦਾ ਛੱਡਿਆ ਕੇਂਦਰ ਸਰਕਾਰ ਦੀ ਪਹਿਲੀ ਪੀਰਿਆਡਿਕ ਲੇਬਰ ਫੋਰਸ ਸਰਵੇ ਰਿਪੋਰਟ ਦੇ ਅਨੁਸਾਰ ਪੰਜਾਬ ਦੀ ਬੇਰੁਜ਼ਗਾਰੀ ਦਰ 7.8% ਰਹੀ ਜੋ ਕਿ ਰਾਸ਼ਟਰੀ ਔਸਤ 6.1% ਤੋਂ ਕਾਫ਼ੀ ਜ਼ਿਆਦਾ ਸੀ। ਸਾਲ 2017 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਪੰਜਾਬ ਦੇ 55 ਲੱਖ ਪਰਿਵਾਰਾਂ ਨੂੰ ਪ੍ਰਤੀ ਪਰਿਵਾਰ ਇੱਕ ਨੌਕਰੀ ਦੇਣ ਦੇ ਭਰੋਸੇ ਤੇ ਸੱਤਾ ਵਿੱਚ ਆਈ ਸੀ। ਸਾਲ 2022 ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ ਮੁੜ ਸੱਤਾ ਵਿੱਚ ਆਉਣ ਤੇ ਹਰ ਸਾਲ ਨੌਜਵਾਨਾਂ ਲਈ ਇੱਕ ਲੱਖ ਨੌਕਰੀਆਂ ਦੇਣ ਦਾ ਐਲਾਨ ਕੀਤਾ ਸੀ। ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੁਖਬੀਰ ਬਾਦਲ ਨੇ ਨਿੱਜੀ ਖੇਤਰ ਦੀਆਂ ਨੌਕਰੀਆਂ ਵਿੱਚ ਸਥਾਨਕ ਲੋਕਾਂ ਲਈ 75% ਕੋਟਾ ਦੇਣ ਦਾ ਵਾਅਦਾ ਕੀਤਾ ਸੀ। ਵੱਡੇ-ਵੱਡੇ ਦਾਅਵਿਆਂ ਦੇ ਬਾਵਜੂਦ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਦੇ ਵੱਖ-ਵੱਖ ਸਰਵੇਖਣਾਂ ਅਨੁਸਾਰ ਪੰਜਾਬ ਵਿੱਚ ਰੁਜ਼ਗਾਰ ਦੀ ਸਥਿਤੀ ਗੰਭੀਰ ਬਣੀ ਹੋਈ ਹੈ ਅਤੇ ਪਿਛਲੇ ਸਾਲਾਂ ਦੌਰਾਨ ਪੰਜਾਬ ਦੀ ਬੇਰੁਜ਼ਗਾਰੀ ਦਰ ਵਿੱਚ ਕੋਈ ਖਾਸ ਕਮੀ ਨਹੀਂ ਆਈ। ਜੁਲਾਈ 2021 ਵਿੱਚ ਜਾਰੀ ਕੀਤੀ ਗਈ ਰਿਪੋਰਟ ਵਿੱਚ ਭਾਵੇਂ ਕਿ ਰਾਸ਼ਟਰੀ ਬੇਰੁਜ਼ਗਾਰੀ ਘੱਟ ਕੇ 4.8% ਹੋ ਗਈ ਹੈ ਪਰੰਤੂ ਪੰਜਾਬ ਦੀ ਬੇਰੁਜ਼ਗਾਰੀ ਦਰ 7.4% ਦੇ ਬਰਾਬਰ ਰਹੀ ਹੈ।ਸੈਂਟਰ ਫਾਰ ਮਾਨੀਟਰਿੰਗ ਇੰਡ-ੀਅਨ ਇਕਾਨਮੀ ਵਲੋਂ ਜਾਰੀ ਬੇਰੁਜ਼ਗਾਰੀ ਰਿਪੋਰਟ ਵਿੱਚ ਦਾਅਵਾ ਕੀਤਾ ਹੈ ਕਿ ਪੰਜਾਬ ਵਿੱਚ ਇਸ ਸਮੇਂ ਅੱਠ ਲੱਖ ਤੋਂ ਵੱਧ ਲੋਕ ਬੇਰੁਜ਼ਗਾਰ ਹਨ। ਰਿਪੋਰਟ ਅਨੁਸਾਰ ਦਸੰਬਰ 2021 ਦੇ ਅੰਤ ਤੱਕ ਪੰਜਾਬ ਵਿੱਚ ਕੁੱਲ ਕਰਮਚਾਰੀਆਂ ਦੀ ਗਿਣਤੀ 1.03 ਕਰੋੜ ਸੀ ਜਿਸ ਵਿੱਚੋਂ ਕੁੱਲ 95 ਲੱਖ ਰੁਜ਼ਗਾਰ ਪ੍ਰਾਪਤ ਸਨ।ਗ੍ਰੈਜੂਏਸ਼ਨ ਅਤੇ ਇਸ ਤੋਂ ਵੱਧ ਦੀ ਵਿਦਿਅਕ ਯੋਗਤਾ ਰੱਖਣ ਵਾਲੇ ਕਰਮਚਾਰੀਆਂ ਲਈ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਹੈ। ਗ੍ਰੈਜੂਏਟ ਡਿਗਰੀਆਂ ਅਤੇ ਉੱਚ ਵਿਦਿਅਕ ਯੋਗਤਾਵਾਂ ਵਾਲੇ 16% ਤੋਂ ਵੱਧ ਕਰਮਚਾਰੀ ਬੇਰੁਜ਼ਗਾਰ ਹਨ ਅਤੇ ਨੌਕਰੀਆਂ ਦੀ ਭਾਲ ਵਿੱਚ ਹਨ। ਬੇਰੋਜ਼ਗਾਰਾਂ ਅਤੇ ਘੱਟ ਰੁਜ਼ਗਾਰ ਵਾਲੇ ਮਜ਼ਦੂਰਾਂ ਵਿੱਚ ਉਦਯੋਗ ਨੂੰ ਲੋੜੀਂਦੇ ਹੁਨਰ ਪ੍ਰਦਾਨ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ ਹੈ ਤਾਂ ਜੋ ਉਹਨਾਂ ਦੇ ਰੁਜ਼ਗਾਰ ਦੀ ਸੰਭਾਵਨਾ ਨੂੰ ਵਧਾਇਆ ਜਾ ਸਕੇ।ਪਿਛਲੇ ਸਮੇਂ ਵਿੱਚ ਮੀਡੀਆ ਦੀਆਂ ਕਈ ਰਿਪੋਰਟਾਂ ਸਾਹ-ਮਣੇ ਆਈਆਂ ਹਨ ਜਿਨਖ਼ਾਂ ਵਿੱਚ ਦੱਸਿਆ ਗਿਆ ਹੈ ਕਿ ਪੜਖ਼ੇ-ਲਿਖੇ ਡਿਗਰੀ ਹੋਲਡਰ ਨੌਜਵਾਨ ਸੂਬੇ ਵਿੱਚ ਦਰਜ਼ਾ ਚਾਰ ਦੀਆਂ ਨੌਕਰੀਆਂ ਲਈ ਅਪਲਾਈ ਕਰ ਰਹੇ ਹਨ। ਕਈ ਪੜਖ਼ੇ ਲਿਖੇ ਨੌਜਵਾਨ ਰੋਜ਼ੀ-ਰੋਟੀ ਚਲਾਉਣ ਲਈ ਮਜ਼ਦੂਰਾਂ ਵਜੋਂ ਕੰਮ ਕਰਨ ਲਈ ਮਜਬੂਰ ਹਨ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੇ ਨੂੰ 2 ਸਾਲ ਬੀਤਣ ਵਾਲੇ ਹਨ ਪਰੰਤੂ ਅਜੇ ਤੱਕ ਵੀ ਚੋਣ ਮੈਨੀਫੈਸਟੋ ਵਿੱਚ ਨੌਜਵਾਨਾਂ ਵਿਸ਼ੇਸ਼ ਤੋਰ ਤੇ ਬੇਰੋਜ਼ਗਾਰਾਂ ਨਾਲ ਕੀਤੇ ਗਏ ਵਾਅਦੇ ਪੂਰੇ ਨਹੀਂ ਕੀਤੇ ਗਏ ਹਨ ਅਤੇ ਬੇਰੋਜ਼ਗਾਰਾਂ ਨੂੰ ਨੌਕਰੀਆਂ ਦੇਣ ਦੇ ਨਾਮ ਤੇ ਉਹਨਾਂ ਦਾ ਸੋਸ਼ਣ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵਲੋਂ 07 ਮਾਰਚ 2024 ਨੂੰ ਇਸ਼ਤਿਹਾਰ ਦੁਆਰਾ ਇਹ ਦਾਅਵਾ ਕੀਤਾ ਗਿਆ ਹੈ ਕਿ ਬੇਰੋਜ਼ਗਾਰਾਂ ਨੂੰ ਪੰਜਾਬ ਵਿੱਚ 42924 ਸਰਕਾਰੀ ਨੌਕਰੀਆਂ ਦਿਤੀਆਂ ਗਈਆਂ ਹਨ ਅਤੇ ਇਹ ਨੌਕਰੀਆਂ ਦੇਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਸਰਕਾਰ ਦੇ ਇਹ ਦਾਅਵੇ ਅਤੇ ਵਾਅਦੇ ਹਨ ਕਿ ਹੁਣ ਪੰਜਾਬ ਵਿੱਚ ਸਰਕਾਰੀ ਨੌਕਰੀਆਂ ਬਿਨਖ਼ਾਂ ਰਿਸ਼ਵਤ ਅਤੇ ਸਿਫਾਰਿਸ਼ ਦੇ ਸਿਰਫ ਯੋਗਤਾ ਦੇ ਅਧਾਰ ਤੇ ਹੀ ਮਿਲ ਰਹੀਆਂ ਹਨ।




ਸਰਕਾਰ ਦੇ ਇਸ ਤਰਾਂ ਦੇ ਇਸ਼ਤਿਹਾਰ ਪੜ ਕੇ ਅਕਸਰ ਖੁਸ਼ੀ ਹੁੰਦੀ ਹੈ। ਇਹ ਵੀ ਕੋੜਾ ਸੱਚ ਹੈ ਕਿ ਪੰਜਾਬ ਵਿੱਚ ਸਰਕਾਰੀ ਕਈ ਨੌਕਰੀਆਂ ਪੰਜਾਬ ਤੋਂ ਬਾਹਰ ਰਹਿਣ ਵਾਲੇ ਲੋਕਾਂ ਨੂੰ ਵੀ ਤੋਹਫੇ ਵਿੱਚ ਮਿਲ ਰਹੀਆਂ ਹਨ। ਕਈ ਵਾਰ ਸੱਤਾ ਪਾਰਟੀ ਨਾਲ ਜੁੜਖ਼ੇ ਆਗੂਆਂ ਦੇ ਕਰੀਬੀਆਂ ਲਈ ਵੀ ਨੌਕਰੀਆਂ ਦਾ ਜੁਗਾੜਖ਼ ਕੀਤਾ ਜਾਂਦਾ ਹੈ। ਪੰਜਾਬ ਦੀ ਕਿਰਤ ਸ਼ਕਤੀ ਦੀ ਭਾਗੀਦਾਰੀ ਦਰ 2021-22 ਵਿੱਚ 41.3 ਪ੍ਰਤੀਸ਼ਤ ਦੇ ਮੁਕਾਬਲੇ 2022-223 ਵਿੱਚ 42.3 ਪ੍ਰਤੀਸ਼ਤ ਸੀ, ਜਦੋਂ ਕਿ ਮਜ਼ਦੂਰ ਆਬਾਦੀ ਅਨੁਪਾਤ 38.6 ਪ੍ਰਤੀਸ਼ਤ ਤੋਂ ਵੱਧ ਕੇ 2022-23 ਵਿੱਚ 39.7 ਪ੍ਰਤੀਸ਼ਤ ਹੋ ਗਿਆ ਸੀ। ਇਸ ਸਮੇਂ ਦੌਰਾਨ 16.9 ਪ੍ਰਤੀਸ਼ਤ ਗ੍ਰੈਜੂਏਟ ਬੇਰੁਜ਼ਗਾਰ ਸਨ, ਅਤੇ ਪੋਸਟ ਗ੍ਰੈਜੂਏਟ ਜਾਂ ਉੱਚ ਸਿੱਖਿਆ ਵਾਲੇ 8.4 ਪ੍ਰਤੀਸ਼ਤ ਬੇਰੁਜ਼ਗਾਰੀ ਦਾ ਸਾਹਮਣਾ ਕਰਦੇ ਸਨ। ਸੈਕੰਡਰੀ ਸਿੱਖਿਆ ਪੱਧਰ ਜਾਂ ਇਸ ਤੋਂ ਵੱਧ ਵਾਲੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ 10.4 ਪ੍ਰਤੀਸ਼ਤ ਸੀ। 15 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵਿਅਕਤੀਆਂ ਵਿੱਚ ਬੇਰੋਜ਼ਗਾਰੀ ਦਰਾਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਇਸ ਸਮੇਂ ਦੌਰਾਨ ਡਿਪਲੋਮਾ ਜਾਂ ਸਰਟੀਫਿਕੇਟ ਕੋਰਸਾਂ ਵਾਲੇ 17 ਪ੍ਰਤੀਸ਼ਤ ਨੌਜਵਾਨ ਬੇਰੁਜ਼ਗਾਰ ਸਨ। ਪੰਜਾਬ ਵਿੱਚ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਪੰਜਾਬ ਪਹਿਲਾਂ ਹੀ ਗੈਰ ਸਮਾਜੀ ਗਤੀਵਿਧੀਆਂ ਦਾ ਸ਼ਿਕਾਰ ਰਿਹਾ ਹੈ। ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦਰ ਸਾਲ 2019-20 ਅਤੇ ਸਾਲ 2020-21 ਵਿੱਚ ਇੱਕੋ ਜਿਹੀ ਹੈ 19% ਰਹੀ ਹੈ। ਪੰਜਬ ਸਰਕਾਰ ਵਲੋਂ ਜਾਰੀ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਲੱਗਭੱਗ 2. 85 ਲੱਖ ਸਰਕਾਰੀ ਕਰਮਚਾਰੀ, 70,000 ਠੇਕੇ ਦੇ ਕਰਮਚਾਰੀ, 60,000 ਆਊਟਸੋਰਸ ਕਰਮਚਾਰੀ ਅਤੇ 3. 07 ਲੱਖ ਤੋਂ ਵੱਧ ਪੈਨਸ਼ਨਰ ਹਨ। ਪੰਜਾਬ ਵਿੱਚ ਰੋਜ਼ਗਾਰ ਉਤਪਤੀ ਵਿਭਾਗ,ਹੁਨਰ ਵਿਕਾਸ ਅਤੇ ਸਿਖਲਾਈ ਅਧੀਨ ਚੱਲ ਰਹੀ ਘਰ ਘਰ ਰੋਜ਼ਗਾਰ ਯੋਜਨਾ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਵਿੱਚ ਲੱਗਭੱਗ 2071175 ਨੌਕਰੀ ਲੈਣ ਦੇ ਚਾਹਵਾਨ ਵਿਅਕਤੀਆਂ ਨੇ ਰਜਿਸਟਰਡ ਕੀਤਾ ਹੋਇਆ ਹੈ, 20222 ਸਰਕਾਰੀ ਨੌਕਰੀਆਂ ਉਪਲੱਬਧ ਹਨ, 8337 ਪ੍ਰਾਈਵੇਟ ਖੇਤਰ ਵਿੱਚ ਨੌਕਰੀਆਂ ਉਪਲੱਬਧ ਹਨ ਅਤੇ 17946 ਰੋਜ਼ਗਾਰ ਦੇਣ ਵਾਲਿਆਂ ਨੇ ਰਜਿਸਟਰਡ ਕਰਵਾਇਆ ਹੋਇਆ ਹੈ। ਸਰਕਾਰਾਂ ਵਲੋਂ ਇਸ ਸਮੱਸਿਆ ਨਾਲ ਨਜਿੱਠਣ ਲਈ ਹਰ ਯੋਗ ਕਦਮ ਚੁੱਕਣ ਦੇ ਦਾਅਵੇ ਕੀਤੇ ਜਾਂਦੇ ਹਨ। ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਅਪਣੇ ਚੋਣ ਮੈਨੀਫੈਸਟੋ ਵਿੱਚ ਬੇਰੋਜ਼ਗਾਰਾਂ ਨੂੰ ਸਹੂਲਤਾਂ ਦੇਣ ਲਈ ਕਈ ਘੋਸ਼ਣਾਵਾਂ ਕੀਤੀਆਂ ਸਨ। ਆਮ ਆਦਮੀ ਪਾਰਟੀ ਦੇ ਚੋਣ ਮੈਨੀਫੈਸਟੋ ਵਿੱਚ ਕਿਹਾ ਗਿਆ ਹੈ ਕਿ 25 ਲੱਖ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣਗੇ ਅਤੇ ਪੰਜਾਬੀ ਨੌਜਵਾਨਾਂ ਨੂੰ ਨੌਕਰੀ ਭਾਲਣ ਵਾਲੇ ਦੀ ਥਾਂ ਨੌਕਰੀ ਸਿਰਜਣਹਾਰ ਬਣਾਇਆ ਜਾਵੇਗਾ। ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਇਆ ਜਾਵੇਗਾ ਅਤੇ ਉਦਯੋਗਾਂ ਦੀ ਭਰੋਸੇਯੋਗਤਾ ਵਿੱਚ ਵਿਸ਼ਵਾਸ ਬਹਾਲ ਕੀਤਾ ਜਾਵੇਗਾ। ਆਪ ਪਾਰਟੀ ਵਲੋਂ ਕਿਹਾ ਗਿਆ ਹੈ ਕਿ ਆਪ ਸਰਕਾਰ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਰੁਜ਼ਗਾਰ ਪੈਦਾ ਕਰੇਗੀ। ਦੋਆਬਾ ਖੇਤਰ ਵਿੱਚ ਕਾਂਸ਼ੀ ਰਾਮ ਯੁਵਾ ਸਕਿੱਲ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀਜਿਸਦੇ ਮਾਲਵਾ ਅਤੇ ਮਾਝਾ ਵਿੱਚ ਖੇਤਰੀ ਕੈਂਪਸ ਬਣਾਏ ਜਾਣਗੇ। ਸੰਸਦ ਮੈਂਬਰ, ਵਿਧਾਇਕ, ਮੰਤਰੀ ਅਤੇ ਉਨਖ਼ਾਂ ਦੇ ਸਿੱਧੇ ਰਿਸ਼ਤੇਦਾਰ ਸਰਕਾਰੀ ਠੇਕਿਆਂ ਲਈ ਯੋਗ ਨਹੀਂ ਹੋਣਗੇ ਅਤੇ ਇਸ ਲਈ ਯੋਗ ਨੌਜਵਾਨਾਂ ਨੂੰ ਹੀ ਤਰਜੀਹ ਦਿੱਤੀ ਜਾਵੇਗੀ। ਮਾਤਾ ਗੁਜਰੀ ਸਿਖਲਾਈ ਅਕੈਡਮੀ ਵਿੱਚ ਲੜਕੀਆਂ ਨੂੰ ਰਾਜ ਅਤੇ ਕੇਂਦਰੀ ਪੁਲਿਸ ਬਲਾਂ, ਬੀ. ਐਸ. ਐਫ. ਆਦਿ ਵਿੱਚ ਭਰਤੀ ਲਈ ਤਿਆਰ ਕੀਤਾ ਜਾਵੇਗਾ। ਇਹ ਸਿਖਲਾਈ ਦੇਣ ਵਾਲੀ ਆਪਣੀ ਕਿਸਮ ਦੀ ਪਹਿਲੀ ਅਕੈਡਮੀ ਹੋਵੇਗੀ। ਆਪ ਸਰਕਾਰ ਮਾਈਕਰੋ ਫਾਇਨਾਂਸ ਇੰਡਸਟਰੀ ਦੀ ਸਿਰਜਣਾ ਕਰੇਗੀ। ਸਰਕਾਰੀ ਨੌਕਰੀਆਂ ਲਈ ਅਪਲਾਈ ਕਰਨ ਸਮੇਂ ਜਮਖ਼ਾਂ ਕਰਵਾਉਣ ਵਾਲੀ ਫੀਸ ਖਤਮ ਕੀਤੀ ਜਾਵੇਗੀਅਤੇ ਅਪਲਾਈ ਕਰਨ ਲਈ ਕੋਈ ਅਰਜ਼ੀ ਫੀਸ ਨਹੀਂ ਹੋਵੇਗੀ। ਸਰਕਾਰੀ ਨੌਕਰੀ ਲਈ ਹਰ ਜ਼ਿਲਖ਼ਾ ਹੈੱਡਕੁਆਰਟਰ ਵਿੱਚ ਯੋਗਤਾ ਪ੍ਰੀਖਿਆ ਕੇਂਦਰ ਬਣਾਏ ਜਾਣਗੇ ਤਾਂ ਜੋ ਬੇਰੋਜ਼ਗਾਰਾਂ ਨੂੰ ਦੂਰ ਦੁਰਾਡੇ ਨਾਂ ਜਾਣਾ ਪਵੇ। ਇੰਟਰਵਿਊ ਨੂੰ ਖਤਮ ਕੀਤਾ ਜਾਵੇਗਾਂ ਅਤੇ ਸਿਫਾਰਿਸ਼ ਨੂੰ ਜੜੋਂ ਪੁੱਟਣ ਲਈ ਚੋਣ ਪੂਰੀ ਤਰਖ਼ਾਂ ਅਕਾਦਮਿਕ ਯੋਗਤਾ ਤੇ ਹੀ ਕੀਤੀ ਜਾਵੇਗੀ। ਪ੍ਰੋਬੇਸ਼ਨ ਪੀਰੀਅਡ ਦੌਰਾਨ ਸਿਰਫ਼ ਮੁਢਲੀ ਤਨਖਾਹ ਤੇ ਨਿਯੁਕਤੀ ਕਰਨ ਦੀ ਮੌਜੂਦਾ ਪ੍ਰਣਾਲੀ ਨੂੰ ਬੰਦ ਕਰਕੇ ਕਰਮਚਾਰੀਆਂ ਨੂੰ ਪੂਰੀ ਤਨਖਾਹ ਦਿਤੀ ਜਾਵੇਗੀ। ਡਾਕਟਰਾਂ, ਅਧਿਆਪਕਾਂ ਅਤੇ ਹੋਰ ਪੇਸ਼ੇਵਰਾਂ ਨੂੰ ਸਰਕਾਰੀ ਸੇਵਾਵਾਂ ਵਿੱਚ ਰੁਜ਼ਗਾਰ ਗ੍ਰੇਡ ਪੇਅ ਅਨੁਸਾਰ ਹੋਵੇਗਾ। ਇਸ ਤੋਂ ਇਲਾਵਾ 1.25 ਲੱਖ ਖਾਲੀ ਸਰਕਾਰੀ ਨੌਕਰੀਆਂ ਨੂੰ



ਕੁਲਦੀਪ ਚੰਦ
91-9417563054

ਭਰਿਆ ਜਾਵੇਗਾ। ਬੇਰੁਜ਼ਗਾਰ ਨੌਜਵਾਨਾਂ ਦੀਆਂ ਮੰਗਾਂ ਤੇ ਵਿਚਾਰ ਕੀਤਾ ਜਾਵੇਗਾ ਅਤੇ ਜਿਹਨਾਂ ਕੋਲ ਲੋੜੀਂਦੇ ਹੁਨਰ ਹਨ ਪਰ ਸਰਕਾਰ ਦੀਆਂ ਗੱਲਤ ਨੀਤੀਆਂ ਕਾਰਨ ਅੰਦੋਲਨ ਦੇ ਰਾਹ ਤੁਰਨ ਲਈ ਮਜਬੂਰ ਹਨ ਨੂੰ ਵਿਚਾਰਿਆ ਜਾਵੇਗਾ। ਆਮ ਆਦਮੀ ਪਾਰਟੀ ਦੇ ਇਸ ਚੋਣ ਮੈਨੀਫੈਸਟੋ ਅਤੇ ਵਾਅਦਿਆਂ ਤੋਂ ਪ੍ਰਭਾਵਿਤ ਹੋਕੇ ਪੰਜਾਬ ਦੇ ਵੋਟਰਾਂ ਨੇ ਵੱਡੀ ਗਿਣਤੀ ਵਿੱਚ ਇਸ ਪਾਰਟੀ ਦਾ ਸਮੱਰਥਨ ਕੀਤਾ ਅਤੇ 92 ਵਿਧਾਇਕ ਜਿਤਾਕੇ ਰਿਕਾਰਡ ਤੋੜ ਦਿਤਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਬਣੀ ਇਸ ਸਰਕਾਰ ਨੇ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਵਾਲਾ ਰੰਗਲਾ ਪੰਜਾਬ ਬਣਾਉਣ ਦਾ ਵਾਅਦਾ ਕੀਤਾ। ਸਰਕਾਰ ਬਣੀ ਨੂੰ ਲੱਗਭੱਗ 02 ਸਾਲ ਹੋਣ ਵਾਲੇ ਹਨ ਪਰੰਤੂ ਬੇਰੋਜ਼ਗਾਰਾਂ ਨਾਲ ਕੀਤੇ ਵਾਅਦੇ ਅਜੇ ਤੱਕ ਵੀ ਹਵਾ ਵਿੱਚ ਹੀ ਹਨ ਅਤੇ ਉਹਨਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੋਈ ਵੀ ਠੋਸ ਕਦਮ ਨਹੀਂ ਚੁੱਕੇ ਗਏ ਹਨ। ਸਰਕਾਰ ਵਲੋਂ ਪਿਛਲੇ ਦੋ ਸਾਲਾਂ ਦੌਰਾਨ ਸਮੇ-ਸਮੇਂ ਤੇ ਵੱਖ ਵੱਖ ਸਰਕਾਰੀ ਨੌਕਰੀਆਂ ਲਈ ਕੀਤੀ ਗਈ ਭਰਤੀ ਵਾਸਤੇ ਪਿਛਲੀਆਂ ਸਰਕਾਰਾਂ ਵਾਂਗ ਹੀ ਵੱਖ ਵੱਖ ਕੈਟਾਗਰੀਆਂ ਤੋਂ ਐਪਲੀਕੇਸ਼ਨ ਫੀਸ ਲਈ ਜਾ ਰਹੀ ਹੈ। ਸਰਕਾਰ ਵਲੋਂ ਵੱਖ ਵੱਖ ਪੋਸਟਾਂ ਦੀ ਭਰਤੀ ਲਈ ਦੂਰ ਦੁਰਾਡੇ ਪ੍ਰੀਖਿਆ ਕੇਂਦਰ ਬਣਾਏ ਗਏ ਹਨ ਜਿੱਥੇ ਆਣ-ਜਾਣ ਲਈ ਬੇਰੋਜ਼ਗਾਰ ਨੌਜਵਾਨਾਂ ਨੂੰ ਹਜ਼ਾਰਾਂ ਰੁਪਏ ਖਰਚਣੇ ਪੈਂਦੇ ਹਨ। ਟੈਸਟ ਪਾਸ ਕਰਨ ਤੋਂ ਬਾਦ ਸਰਕਾਰ ਵਲੋਂ ਡਾਕੂਮੈਂਟ ਵੈਰੀਫਿਕੇਸ਼ਨ ਦੇ ਨਾਮ ਤੇ ਵੀ ਫੀਸ ਵਸੂਲੀ ਜਾ ਰਹੀ ਹੈ ਅਤੇ ਦੂਰ ਦੁਰਾਡੇ ਸਟੇਸ਼ਨਾਂ ਤੇ ਹੀ ਬੁਲਇਆ ਜਾ ਰਿਹਾ ਹੈ ਜਿਸ ਨਾਲ ਬੇਰੋਜ਼ਗਾਰਾਂ ਨੂੰ ਆਣ ਜਾਣ ਲਈ ਹਜਾਰਾਂ ਰੁਪਏ ਖਰਚਣੇ ਪੈ ਰਹੇ ਹਨ। ਜੇਕਰ ਔਸਤਨ ਵੇਖਿਆ ਜਾਵੇ ਤਾਂ ਇੱਕ ਬੇਰੋਜ਼ਗਾਰ ਨੂੰ ਸਰਕਾਰੀ ਪੋਸਟ ਲਈ ਅਪਲਾਈ ਕਰਨ ਤੋਂ ਲੈਕੇ ਟੈਸਟ ਦੇਣ, ਡਾਕੂਮੈਂਟ ਵੈਰੀਫਿਕੇਸ਼ਨ ਆਦਿ ਲਈ ਲੱਗਭੱਗ ਦਸ ਹਜਾਰ ਰੁਪਏ ਖਰਚਣੇ ਪੈ ਰਹੇ ਹਨ। ਇਨਖ਼ਾਂ ਪੋਸਟਾਂ ਲਈ ਲੜਕੀਆਂ, ਛੋਟੇ ਬੱਚਿਆਂ ਵਾਲੀਆਂ ਮਹਿਲਾਵਾਂ, ਦਿਵਿਆਂਗਜਨਾਂ ਆਦਿ ਨੂੰ ਵਧੇਰੇ ਮੁਸਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਵਲੋਂ ਜਾਰੀ ਅੰਕੜਿਆਂ ਨੂੰ ਵੇਖੀਏ ਤਾਂ 42924 ਸਰਕਾਰੀ ਨੌਕਰੀਆਂ ਲਈ ਲੱਗਭੱਗ 20-25 ਗੁਣਾ ਵਿਅਕਤੀਆਂ ਨੇ ਅਪਲਾਈ ਕੀਤਾ ਹੋਵੇਗਾ ਭਾਵ ਕਿ ਲੱਗਭੱਗ ਦਸ ਲੱਖ ਬੇਰੋਜ਼ਗਾਰਾਂ ਨੇ ਐਪਲੀਕੇਸ਼ਨਾਂ ਦਿਤੀਆਂ ਹੋਣਗੀਆਂ ਅਤੇ ਇਨਖ਼ਾਂ ਤੋਂ ਔਸਤਨ 500 ਤੋਂ 1000 ਰੁਪਏ ਅਪਲਾਈ ਕਰਨ ਲਈ ਵਸੂਲੇ ਗਏ ਹਨ। ਇਸ ਤਰਾਂ ਸਰਕਾਰ ਨੇ ਬੇਰੋਜਗਾਰਾਂ ਦਾ ਵੀ ਨੌਕਰੀਆਂ ਦੇਣ ਦੇ ਨਾਮ ਤੇ ਸ਼ੋਸਣ ਕੀਤਾ ਹੈ। ਸਰਕਾਰ ਬਣਨ ਤੋਂ ਬਾਦ ਵੀ ਅਜੇ ਤੱਕ ਪ੍ਰੋਬੇਸ਼ਨ ਪੀਰੀਅਡ ਦੌਰਾਨ ਮੁਢਲੀ ਤਨਖਾਹ ਤੇ ਨਿਯੁਕਤ ਕਰਨ ਦੀ ਪ੍ਰਣਾਲੀ ਨੂੰ ਬੰਦ ਨਹੀਂ ਕੀਤਾ ਗਿਆ ਹੈ।

ਪੰਜਾਬ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਭਰਤੀਆਂ ਲਈ ਸਾਫ ਕਿਹਾ ਗਿਆ ਹੈ ਕਿ ਸਿੱਧੀ ਭਰਤੀ ਦੀਆਂ ਅਸਾਮੀਆਂ ਤੇ ਤਨਖਾਹ ਸਕੇਲ ਪਿਛਲੀ ਸਰਕਾਰ ਵਲੋਂ ਜਾਰੀ ਵਿੱਤ ਵਿਭਾਗ ਵਿੱਤ ਪ੍ਰਸੋਨਲ-1 ਸ਼ਾਖਾ ਵਲੋਂ ਜਾਰੀ ਪੱਤਰ ਨੰ: 7/42/2020-5ਐਫਪੀ1/741-746 ਮਿਤੀ 17.07.2020 ਅਨੁਸਾਰ ਲਾਗੂ ਹੋਣਗੇ। ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਜੋ ਕਿ ਗਰੀਬਾਂ ਅਤੇ ਆਮ ਲੋਕਾਂ ਦੀ ਸਰਕਾਰ ਮੰਨੀ ਜਾਂਦੀ ਹੈ ਨੂੰ ਬੇਰੋਗਾਰ ਨੌਜਵਾਨਾਂ ਦਾ ਖਿਆਲ ਕਦੋਂ ਆਵੇਗਾ ਅਤੇ ਅਪਣੇ ਚੋਣ ਵਾਅਦਿਆਂ ਅਨੁਸਾਰ ਇਨਖ਼ਾਂ ਦੀ ਖੱਜਲ ਖੁਆਰੀ ਕਦੋਂ ਖਤਮ ਹੋਵੇਗੀ ਇਹ ਸਵਾਲ ਅਜੇ ਤੱਕ ਵੱਡੀ ਬੁਝਾਰਤ ਬਣੇ ਹੋਏ ਹਨ।

# ਸਿੱਖ ਨੈਸ਼ਨਲ ਕਾਲਜ ਬੰਗਾ ਦੇ ਜੀਵ ਵਿਗਿਆਨ ਵਿਭਾਗ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਬਨਸਪਤੀ ਅਤੇ ਜੀਵ ਵਿਗਿਆਨ ਵਿਭਾਗ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ। ਇਸ ਮੌਕੇ ਤੇ ਬੀ ਐਸ ਸੀ ਦੇ ਤਿੰਨਾਂ ਸਾਲਾਂ ਦੇ ਵਿਦਿਆਰਥੀਆਂ ਨੇ ਰੰਗੋਲੀ ਅਤੇ ਪੋਸਟਰ ਮੇਕਿੰਗ ਮੁਕਾਬਲਿਆ ਵਿੱਚ ਵੱਧ ਚੜ ਕੇ ਭਾਗ ਲਿਆ। ਇਸ ਮੌਕੇ ਤੇ ਸਾਇੰਸ ਦੇ ਸਟਾਫ ਮੌਜੂਦ ਸਨ ਜਿਨਾਂ ਵਿੱਚ ਪ੍ਰੋਫੈਸਰ ਇੰਦੂ ਰਤੀ, ਪ੍ਰੋਫੈਸਰ ਸੁਨਿਧੀ ਮਿਗਲਾਨੀ, ਪ੍ਰੋਫੈਸਰ ਅੰਮ੍ਰਿਤ ਕੌਰ, ਪ੍ਰੋਫੈਸਰ ਸਿੱਖਾ ਕੁਮਾਰੀ ਅਤੇ ਪ੍ਰੋਫੈਸਰ ਲਵਪ੍ਰੀਤ ਕੌਰ ਅਤੇ ਨਾਨ ਟੀਚਿੰਗ ਸਟਾਫ ਚਮਨ ਲਾਲ, ਰਾਮ ਰਾਜ ਅਤੇ ਦਲਜੀਤ ਸਿੰਘ ਸਨ। ਪ੍ਰੋਫੈਸਰ ਇੰਦੂ ਰਤੀ ਵੱਲੋਂ ਵਿਦਿਆਰਥੀਆਂ ਨੂੰ ਵੂਮਨ ਇਮਪਾਰਮੈਂਟ ਬਾਰੇ ਜਾਗਰੂਕ




ਕਰਦੇ ਹੋਏ ਕਿਹਾ ਕਿ ਨਾਰੀ ਨੂੰ ਪੂਰਾ ਸਨਮਾਨ ਦਿੱਤਾ ਜਾਵੇ ਅਤੇ ਉਨਾਂ ਦੇ ਹੱਕ ਤੋਂ ਵਾਂਝੇ ਨਾ ਰੱਖਿਆ ਜਾਵੇ ਅਤੇ ਵਿਦਿਆਰਥਣਾਂ ਨੂੰ ਬੇਇਨਸਾਫੀ ਨਾ ਸਹਿਣ ਤੇ ਨਾ ਕਰਨ ਲਈ ਪ੍ਰੇਰਿਤ ਕੀਤਾ ।ਚਰਨਪ੍ਰੀਤ ਕੌਰ ਦੂਸਰੇ ਸਾਲ ਦੀ ਵਿਦਿਆਰਥਣ ਵੱਲੋਂ ਮਹਿਲਾ ਦਿਵਸ ਤੇ ਸਪੀਚ ਵੀ ਦਿੱਤੀ ਗਈ। ਇਸ ਤੋਂ ਉਪਰੰਤ ਰੰਗੋਲੀ ਅਤੇ ਪੋਸਟਰ ਮੇਕਿੰਗ ਦੇ ਮੁਕਾਬਲੇ ਕਰਵਾਏ ਗਏ ਜਿਨਾਂ ਵਿੱਚ ਪ੍ਰੋਫੈਸ ਇੰਦੂ ਰਤੀ ਅਤੇ ਪ੍ਰੋਫੈਸਰ ਅੰਮ੍ਰਿਤ ਕੌਰ ਨੇ ਜੱਜ ਦੀ ਭੂਮਿਕਾ ਨਿਭਾਉਂਦੇ ਹੋਏ ਪਹਿਲੇ, ਦੂਜੇ ਅਤੇ ਤੀਜੇ ਸਥਾਨ ਕੱਢੇ ਗਏ ਅਤੇ ਸਨਮਾਨ ਵੀ ਦਿੱਤੇ ਗਏ। ਜਿਨਾਂ ਵਿੱਚ ਪੋਸਟਰ ਮੇਕਿੰਗ ਵਿੱਚ ਪਹਿਲਾਂ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਹੈ ਉਰਮਿਲਾ, ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਸਨ ਹਰਪ੍ਰੀਤ ਅਤੇ ਸਚਿਨ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੀਆ ਵਿਦਿਆਰਥਣਾ ਸਨ ਰਿੰਪਲ ਅਤੇ ਖੁਸ਼ੀ। ਰੰਗੋਲੀ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਸਨ ਅਮਨਜੋਤ ਕੌਰ ਅਤੇ ਤਨੀਸ਼ਾ, ਦੂਜਾ ਸਥਾਨ ਪ੍ਰਾਪਤ ਕਰਨ ਵਾਲੀਆ ਵਿਦਿਆਰਥਣਾ ਸਨ। ਮਨਪ੍ਰੀਤ ਅਤੇ ਜਸਲੀਨ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥਣ ਹੈ ਚਰਨਪ੍ਰੀਤ ਕੌਰ। ਬੱਚਿਆਂ ਨੇ ਇਸ ਦਿਵਸ ਦਾ ਪੂਰਾ ਆਨੰਦ ਮਾਣਿਆ।

# ਲਾਹੌਰ ਵਿਚ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਸਾਹਿਤਕਾਰਾਂ ਦਾ ਸ਼ਾਨਦਾਰ ਇਕੱਠ







**ਲਾਹੌਰ –** ਬੀਤੇ ਦਿਨ ਇੱਥੇ 'ਪੰਜਾਬ ਹਾਊਸ' ਵਿਚ ਦੋਹਾਂ ਪੰਜਾਬਾਂ ਦੀ 'ਮੁਹੱਬਤਾਂ ਦੀ ਸਾਂਝ' ਨਾਂ ਹੇਠ ਸ਼ਾਨਦਾਰ ਸਮਾਗਮ ਹੋਇਆ ਜਿਸ ਵਿਚ ਚੜ੍ਹਦੇ ਪੰਜਾਬ, ਲਹਿੰਦੇ ਪੰਜਾਬ ਤੇ ਤੀਜੇ ਪੰਜਾਬ (ਪਰਵਸੀ ਪੰਜਾਬੀ) ਦੇ ਦਰਜਨਾਂ ਸਾਹਿਤਕਾਰਾਂ ਨੇ ਹਿੱਸਾ ਲਿਆ। ਇਸ ਸਮਾਗਮ ਵਿਚ ਕਵੀ ਦਰਬਾਰ ਵੀ ਕੀਤਾ ਗਿਆ। ਇਸ ਕਵੀ ਦਰਬਾਰ ਵਿਚ ਬਾਬਾ ਨਜ਼ਮੀ, ਡਾ ਨਬੀਲਾ ਰਹਿਮਾਨ, ਸਿਮਰਨ ਅਕਸ, ਸ਼ਬਦੀਸ਼, ਅਜ਼ੀਮ ਸ਼ੇਖ਼ਰ, ਬਲਵਿੰਦਰ ਸੰਧੂ, ਅਨੀਤਾ ਸਬਦੀਸ਼, ਤਰਸਪਾਲ ਕੌਰ, ਹਰਵਿੰਦਰ ਸਿੰਘ, ਬਲਵਿੰਦਰ ਸੰਧੂ, ਜਸਵਿੰਦਰ ਰੀਤਾਂ ਯੂ.ਕੇ., ਡਾ ਗੁਰਦੀਪ ਕੌਰ ਆਦਿ ਨੇ ਆਪਣਾ ਕਲਾਮ ਪੇਸ਼ ਕੀਤਾ। ਸਮਾਗਮ ਦੀ ਸ਼ੁਰੂਆਤ ਨਦੀਮ ਰਜ਼ਾ ਨੇ ਕੀਤੀ। ਇਸ ਸਮਾਗਮ ਵਿਚ ਸਟੇਜ ਸਕੱਤਰ ਦੀ ਸੇਵਾ ਪ੍ਰੋ. ਡਾਕਟਰ ਕਲਿਆਣ ਸਿੰਘ ਕਲਿਆਣ ਨੇ ਬਖ਼ੂਬੀ ਨਿਭਾਈ। ਸਮਾਗਮ ਦੀ ਪ੍ਰਧਾਨਗੀ ਇਲਿਆਸ ਘੁੰਮਣ ਨੇ ਕੀਤੀ। ਮੁਖ ਮਹਿਮਾਨਾਂ ਵਿਚ ਪ੍ਰੋ. ਸਤਵੰਤ ਕੌਰ (ਸਕੱਤਰ ਜਨਰਲ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ), ਡਾ ਹਰਜਿੰਦਰ ਸਿੰਘ ਦਿਲਗੀਰ ਨਾਰਵੇ, ਡਾ ਚਰਨਜੀਤ ਸਿੰਘ ਗੁਮਟਾਲਾ ਯੂ.ਐਸ. ਏ, ਡਾ ਰਤਨ ਸਿੰਘ ਢਿੱਲੋਂ ਹਰਿਆਣਾ (ਭਾਰਤ) ਆਦਿ ਵੀ ਸ਼ਾਮਿਲ ਸਨ। ਸਮਾਗਮ ਤੋਂ ਮਗਰੋਂ ਮੁਦੱਸਰ ਇਕਬਾਲ ਬੱਟ ਚੇਅਰਮੈਨ ਪੰਜਾਬੀ ਮੀਡੀਆ ਗਰੁੱਪ ਵਲੋਂ ਸ਼ਾਨਦਾਰ ਡਿਨਰ ਦਾ ਪ੍ਰਬੰਧ ਕੀਤਾ ਹੋਇਆ ਸੀ।

# ਕੈਬਨਿਟ ਮੰਤਰੀ ਨੇ ਸ੍ਰੀ ਖੁਰਾਲਗੜ੍ਹ ਸਾਹਿਬ ਜੀ ਦੇ ਦਰਸ਼ਨਾਂ ਲਈ ਜਾਣ ਵਾਲੀਆਂ ਬੱਸਾਂ ਨੂੰ ਕੀਤਾ ਰਵਾਨਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੂਰੇ ਸੂਬੇ ਵਿਚ ਸ਼ਰਧਾਲੂਆਂ ਨੂੰ ਵੱਖ-ਵੱਖ ਤੀਰਥ ਸਥਾਨਾਂ ਦੀ ਯਾਤਰਾ ਕਰਵਾ ਰਹੀ ਹੈ, ਜਿਸ ਨਾਲ ਲੱਖਾਂ ਲੋਕਾਂ ਨੂੰ ਆਪਣੇ ਤੀਰਥ ਸਥਾਨਾਂ 'ਤੇ ਜਾਣ ਦਾ ਮੌਕਾ ਮਿਲ ਰਿਹਾ ਹੈ ਅਤੇ ਉਨ੍ਹਾਂ ਦੀ ਮਨ ਦੀ ਇੱਛਾ ਨੂੰ ਪੰਜਾਬ ਸਰਕਾਰ ਨੇ ਪੂਰਾ ਕੀਤਾ ਹੈ। ਉਹ ਹੁਸ਼ਿਆਰਪੁਰ ਤੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਤਪ ਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਜੀ ਦੇ ਦਰਸ਼ਨਾਂ ਦੇ ਲਈ ਸ਼ਰਧਾਲੂਆਂ ਦੀਆਂ ਬੱਸਾਂ ਨੂੰ ਰਵਾਨਾ ਕਰਨ ਦੌਰਾਨ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ ਅਤੇ ਸੰਦੀਪ ਚੇਚੀ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਜੀ ਦੇ ਦਰਸ਼ਨਾਂ ਲਈ ਇਲਾਕੇ ਦੇ ਸਰਗਰਮ ਨੇਤਾ ਸੰਦੀਪ ਚੇਚੀ ਦਾ ਇਹ ਇਕ ਬਿਹਤਰੀਨ ਯਤਨ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ 'ਤੇ ਆਯੋਜਿਤ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਿਰਕਤ ਕਰਕੇ ਐਲਾਨ ਕੀਤਾ ਹੈ ਕਿ ਸੂਬਾ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਉਤਸਵ ਯਾਦਗਾਰੀ ਦੇ ਮੌਕੇ 'ਤੇ ਵਿਆਪਕ ਪੱਧਰ 'ਤੇ ਮਨਾਇਆ ਜਾਵੇਗਾ। ਇਸ ਦੌਰਾਨ ਮੁੱਖ ਮੰਤਰੀ ਜੀ ਨੇ 143 ਕਰੋੜ ਰੁਪਏ ਦੀ ਲਾਗਤ ਨਾਲ ਬਣੀ ਸ੍ਰੀ ਗੁਰੂ ਰਵਿਦਾਸ ਜੀ ਦੀ ਯਾਦਗਾਰ ਸ੍ਰੀ ਖੁਰਾਲਗੜ੍ਹ ਤੋਂ ਕੀਤਾ ਸੀ, ਜਿਸ ਵਿਚ ਸੈਲਾਨੀਆਂ ਲਈ ਸੁਵਿਧਾਵਾਂ ਵਾਲੀ ਈਮਾਰਤ, ਮਲਟੀ ਲੈਵਲ ਪਾਰਕਿੰਗ, ਮੀਨਾਰ-ਏ-ਬੇਗਮਪੁਰਾ, ਸੰਗਤ ਹਾਲ, ਅਤਿ-ਆਧੁਨਿਕ ਆਡੀਟੋਰੀਅਮ ਆਦਿ ਦੀ ਸੁਵਿਧਾ ਹੈ।




ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਸਮੁੱਚੀ ਮਾਨਵਤਾ ਦੀ ਭਲਾਈ ਅਤੇ ਸਮਾਜ ਦੇ ਸਾਰੇ ਵਰਗਾਂ ਦੀ ਬਰਾਬਰੀ ਦਾ ਸੰਦੇਸ਼ ਦਿੱਤਾ, ਜਿਸ ਨਾਲ ਮਾਨਵਤਾਵਾਦੀ ਕਦਰਾਂ-ਕੀਮਤਾਂ 'ਤੇ ਆਧਾਰਿਤ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਇਸ ਤਰ੍ਹਾਂ ਦੇ ਸਮਾਜ ਦਾ ਸੰਕਲਪ ਕੀਤਾ, ਜਿਥੇ ਕਿਸੇ ਨੂੰ ਕਿਸੇ ਕਿਸਮ ਦਾ ਦੁੱਖ ਨਹੀਂ ਝੱਲਣਾ ਪੈਂਦਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਨ ਅਧਿਆਤਮਕ ਮਾਰਗਦਰਸ਼ਕ ਅਤੇ ਸਮਾਜ ਦੇ ਗਰੀਬ ਅਤੇ ਬੇਸਹਾਰਾ ਵਰਗਾਂ ਦੇ ਮਸੀਹਾ ਸਨ, ਜਿਨ੍ਹਾਂ ਨੇ ਹਮੇਸ਼ਾ ਮਾਨਵਤਾ ਨੂੰ ਨੇਕ ਅਤੇ ਉੱਤਮ ਜੀਵਨ ਜਿਊਣ ਦਾ ਉਪਦੇਸ਼ ਦਿੱਤਾ। ਇਸ ਮੌਕੇ ਅਮਰਜੀਤ, ਪ੍ਰੋ. ਗੁਰਦੇਵ, ਸੀਤਾ ਰਾਮ, ਵਿੱਕੀ, ਜਸਵੀਰ ਸਿੰਘ, ਲਾਡੀ ਤੋਂ ਇਲਾਵਾ ਹੋਰ ਲੋਕ ਵੀ ਮੌਜੂਦ ਸਨ।

# ਆਲਮੀ ਪੰਜਾਬੀ ਕਾਨਫਰੰਸ ਲਾਹੌਰ ਵਿਚ ਚੜ੍ਹਦੇ ਪੰਜਾਬ ਦੇ ਸਾਹਿਤਕਾਰ ਡਾ ਚਰਨਜੀਤ ਸਿੰਘ ਗੁੰਮਟਾਲਾ ਦੀ ਪੁਸਤਕ "ਕਿੱਸਾ ਹੀਰ ਦਮੋਦਰ" ਲੋਕ ਅਰਪਣ




**ਲਾਹੌਰ –** ਬੀਤੇ ਦਿਨ ਇੱਥੇ 'ਪੇਲਾਕ' (ਪੰਜਾਬ ਇੰਸਟੀਚਿਊਟ ਆਫ ਲੈਂਗੁਏਜ, ਆਰਟ ਐਂਡ ਕਲਚਰ) ਵਿਚ ਦੋਹਾਂ ਪੰਜਾਬਾਂ ਤੇ ਪ੍ਰਵਾਸੀ ਪੰਜਾਬੀਆਂ ਦੇ ਸਾਹਿਤਕਾਰਾਂ, ਵਿਦਵਾਨਾਂ, ਖੋਜਕਾਰਾਂ ਹੇਠ ਸ਼ਾਨਦਾਰ ਸਮਾਗਮ ਹੋਇਆ ਜਿਸ ਵਿਚ ਚੜ੍ਹਦੇ ਪੰਜਾਬ, ਲਹਿੰਦੇ ਪੰਜਾਬ ਤੇ ਤੀਜੇ ਪੰਜਾਬ (ਪਰਵਸੀ ਪੰਜਾਬੀ) ਦੇ ਦਰਜਨਾਂ ਸਾਹਿਤਕਾਰਾਂ ਨੇ ਹਿੱਸਾ ਲਿਆ। ਇਸ ਸਮਾਗਮ ਵਿਚ ਚਰਨਜੀਤ ਸਿੰਘ ਗੁੰਮਟਾਲਾ ਦੀ ਪੁਸਤਕ "ਕਿੱਸਾ ਹੀਰ ਦਮੋਦਰ" ਲੋਕ ਅਰਪਣ ਵੀ ਕੀਤਾ ਗਿਆ।

ਇਸ ਵਿਚ ਖਾਸ ਤੌਰ ਤੇ ਦਲਬੀਰ ਸਿੰਘ ਕਥੂਰੀਆ ਚੈਅਰਮੈਨ ਵਿਸ਼ਵ ਪੰਜਾਬੀ ਸੱਭਾ, ਇਲਿਆਸ ਘੁੰਮਣ, ਪ੍ਰੋਫੈਸਰ ਡਾ ਰਜ਼ਾਕ ਸ਼ਾਹਿਦ, ਡਾ ਹਰਜਿੰਦਰ ਸਿੰਘ ਦਲਗੀਰ, ਬਾਬਾ ਨਜ਼ਮੀ, ਗੁਰਭਜਨ ਗਿੱਲ,ਕਾਂਜੀ ਰਾਮ (ਸਾਬਕਾ ਐਮ ਐਲ ਏ), ਡਾ ਜਮੀਲ ਪਾਲ, ਮੀਆਂ ਆਸਿਫ, ਮੀਆਂ ਰਸ਼ੀਦ ਵੀ ਵਿਚ ਸ਼ਾਮਲ ਹੋਏ। ਇਸ ਸਮਾਗਮ ਵਿਚ ਸਟੇਜ ਸਕੱਤਰ ਦੀ ਸੇਵਾ ਪ੍ਰੋ. ਡਾਕਟਰ ਕਲਿਆਣ ਸਿੰਘ ਕਲਿਆਣ ਨੇ ਬਖ਼ੂਬੀ ਨਿਭਾਈ। ਸਮਾਗਮ ਦੀ ਪ੍ਰਧਾਨਗੀ ਇਲਿਆਸ ਘੁੰਮਣ ਨੇ ਕੀਤੀ। ਮੁਖ ਮਹਿਮਾਨਾਂ ਵਿਚ ਪ੍ਰੋ. ਸਤਵੰਤ ਕੌਰ (ਸਕੱਤਰ ਜਨਰਲ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ), ਡਾ ਚਰਨਜੀਤ ਸਿੰਘ ਗੁਮਟਾਲਾ ਯੂ।ਐਸ। ਏ, ਆਦਿ ਵੀ ਸ਼ਾਮਿਲ ਸਨ। ਇਸ ਮੌਕੇ ਤੇ ਅਮਰੀਕਾ ਨਿਵਾਸੀ ਡਾ. ਅਜੀਤ ਸਿੰਘ ਦੀ ਪੁਸਤਕ 'ਗੁਰਮੁਖਿ ਖੋਜਤ ਭਏ ਉਦਾਸੀ' (ਸਿੱਧ ਗੋਸਟਿ) ਨੂੰ ਵੀ ਲੋਕ ਅਰਪਣ ਕੀਤਾ ਗਿਆ। ਸਮਾਗਮ ਤੋਂ ਮਗਰੋਂ ਅਲਮੀ ਪੰਜਾਬੀ ਮਹਾਜ਼ ਵਲੋਂ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ।

# ਅਮਰੀਕਾ ਵਿਚ ਇਕ ਛੋਟੇ ਜਹਾਜ਼ ਨੂੰ ਜਮੀਨ ਉੱਪਰ ਡਿੱਗਣ ਉਪਰੰਤ ਲੱਗੀ ਅੱਗ, 5 ਮੌਤਾਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਵਰਜੀਨੀਆ ਦੀ ਪੱਛਮੀ ਸਰਹੱਦ ਨੇੜੇ ਜੰਗਲੀ ਖੇਤਰ ਵਿਚ ਇਕ ਛੋਟੇ ਜਹਾਜ਼ ਨੂੰ ਜਮੀਨ ਉਪਰ ਡਿੱਗ ਜਾਣ ਉਪਰੰਤ ਅੱਗ ਲੱਗ ਜਾਣ ਦੀ ਖਬਰ ਹੈ ਜਿਸ ਵਿਚ ਸਵਾਰ ਇਕ ਨਬਾਲਗ ਸਮੇਤ ਸਾਰੇ 5 ਵਿਅਕਤੀਆਂ ਦੀ ਮੌਤ ਹੋ ਗਈ। ਸੰਘੀ ਹਵਾਬਾਜ਼ੀ ਪ੍ਰਸ਼ਾਸਨ (ਐਫ ਐਫ ਏ) ਅਨੁਸਾਰ ਦੋ ਇੰਜਣਾਂ ਵਾਲਾ ਆਈ ਏ ਆਈ ਐਸਟਰਾ 1125 ਜਹਾਜ਼ ਹਾਟ ਸਪਰਿੰਗਜ (ਵਰਜੀਨੀਆ) ਵਿਚ ਇੰਗਾਲਸ ਫੀਲਡ ਹਵਾਈ ਅੱਡੇ ਨੇੜੇ ਬਾਅਦ ਦੁਪਹਿਰ 3 ਵਜੇ ਦੇ ਆਸ ਪਾਸ ਡਿੱਗਾ। ਸਟੇਟ ਪੁਲਿਸ ਅਨੁਸਾਰ ਜਹਾਜ਼ ਦੇ ਮਾਲਕ ਦੇ ਵਕੀਲ ਤੇ ਪਰਿਵਾਰ ਦੇ ਨਜਦੀਕੀ ਲੋਕਾਂ ਨੇ ਦਸਿਆ ਕਿ ਜਹਾਜ਼ ਵਿਚ ਸਵਾਰ ਵਿਅਕਤੀ ਹਾਟ ਸਪਰਿੰਗਜ ਵਿਚ ਸਥਿੱਤ ਹੋਮਸਟੈਡ ਰਿਜ਼ਾਰਟ ਵਿਚ ਇਕ ਸਮਾਗਮ ਵਿਚ ਹਿੱਸਾ ਲੈਣ ਆਏ ਸਨ। ਵਰਜੀਨੀਆ ਸਟੇਟ ਪੁਲਿਸ ਦੇ ਬੁਲਾਰੇ ਕੋਰੀਨ ਗੈਲਰ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਜਹਾਜ਼ ਵਿਚ ਪਾਇਲਟ ਸਮੇਤ 5 ਲੋਕ ਸਵਾਰ ਸਨ ਜੋ ਸਾਰੇ ਮੌਕੇ ਉਪਰ ਹੀ ਮਾਰੇ ਗਏ। ਘਟਨਾ ਦੀ ਜਾਂਚ ਐਫ ਐਫ ਏ ਤੇ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਵੱਲੋਂ ਕੀਤੀ ਜਾ ਰਹੀ ਹੈ।



# ਰਾਮਗੜ੍ਹੀਆ ਕਾਲਜ ਓਲਡ ਸਟੂਡੈਂਟਸ ਐਸੋਸੀਏਸ਼ਨ ਵੱਲੋਂ ਕਰਵਾਈ ਦੂਸਰੀ ਮਿੱਤਰ ਮਿਲਣੀ ਅਮਿੱਟ ਤੇ ਮਿੱਠੀਆਂ ਯਾਦਾਂ ਛੱਡਦੀ ਹੋਈ ਸਮਾਪਤ

## ਰਕੋਸਾ ਮੈਂਬਰਾਂ ਨੇ ਦੀ ਦਿੱਖ ਨੂੰ ਖ਼ੂਬਸੂਰਤ ਬਨਾਉਣ ਲਈ ਚਲ ਰਹੇ ਪ੍ਰਾਜੈਕਟ 'ਚ 50 ਹਜ਼ਾਰ ਦਾ ਦਿੱਤਾ ਯੋਗਦਾਨ

**ਫਗਵਾੜਾ (ਬੀ.ਕੇ. ਰੱਤ)** ਰਾਮਗੜੀਆ ਕਾਲਜ ਫਗਵਾੜਾ ਦੇ ਪੁਰਾਣੇ ਵਿਦਿਆਰਥੀਆਂ ਵਲੋਂ ਬਣਾਈ ਗਈ 'ਰਾਮਗੜੀਆ ਕਾਲਜ ਓਲਡ ਸਟੂਡੈਂਟਸ ਐਸੋਸੀਏਸ਼ਨ' ('ਰਕੋਸਾ') ਦੀ ਦੂਸਰੀ 'ਮਿੱਤਰ ਮਿਲਣੀ' ਹੋਈ। ਇਸ ਐਲੂਮਿਨੀ 'ਮੈਗਾ ਮੀਟ' ਵਿਚ ਆਪਣੇ ਆਪਣੇ ਖੇਤਰ ਵਿਚ ਮੱਲਾਂ ਮਾਰ ਚੁੱਕੇ ਅਤੇ ਹੁਣ ਸੇਵਾ-ਮੁਕਤ ਹੋਏ ਵਿਦਿਆਰਥੀਆਂ ਨੇ ਆਪਣੇ ਕਾਲਜ ਦੇ ਸੁਹਾਣੇ, ਸੁੰਦਰ ਅਤੇ ਸਦਾ ਚੇਤੇ ਰਹਿਣ ਵਾਲੇ ਪਲਾਂ ਨੂੰ ਯਾਦ ਕਰਦਿਆਂ ਦਹਾਕਿਆਂ ਪਹਿਲਾਂ ਆਪਣੀ ਜਵਾਨੀ ਦੇ ਮਸਤ ਵੇਲਿਆਂ ਨੂੰ ਰੱਜ ਕੇ ਮਾਣਿਆ।

ਮਿਲਣੀ ਦਾ ਆਰੰਭ ਰਕੋਸਾ ਦੇ ਜਨਰਲ ਸਕੱਤਰ ਸਰਬਜੀਤ ਸਿੰਘ ਭੱਟੀ, ਸੇਵਾ-ਮੁਕਤ ਐਸ.ਐਸ.ਪੀ. ਨੇ ਰਕੋਸਾ ਦੀਆਂ ਗਤੀਵਿਧੀਆਂ ਬਾਰੇ ਵਿਸਥਾਰ ਨਾਲ ਦਸ ਕੇ ਕੀਤਾ।

ਉਹਨਾਂ ਮੈਂਬਰਾਂ ਨੂੰ ਜਾਣਕਾਰੀ ਦਿਤੀ ਕਿ ਰਕੋਸਾ ਨੇ ਆਪਣੇ ਪੁਰਾਣੇ ਕਾਲਜ ਦੇ ਮੌਜੂਦਾ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਇਕ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਤੋਂ ਇਲਾਵਾ ਕਾਲਜ ਦੀ ਦਿੱਖ ਨੂੰ ਖੂਬਸੂਰਤ ਬਨਾਉਣ ਲਈ ਚਲ ਰਹੇ ਪ੍ਰਾਜੈਕਟ ਲਈ ਵੀ ਪੰਜਾਹ ਹਜ਼ਾਰ ਰੁਪਏ ਦਾ ਯੋਗਦਾਨ ਪਾਇਆ ਹੈ।

ਇਸ ਤੋਂ ਬਿਨਾਂ ਰਕੋਸਾ ਦੇ ਕੁਝ ਮੈਂਬਰਾਂ ਵਲੋਂ ਵਿਦਿਆਰਥੀਆਂ ਨੂੰ ਵਿਅਕਤੀਗਤ ਤੌਰ 'ਤੇ ਵੀ ਸਹਾਇਤਾ ਦਿਤੀ ਗਈ।

ਇਸ ਮੌਕੇ ਕਾਲਜ ਦੇ ਸੇਵਾ-ਮੁਕਤ ਦੋ ਪ੍ਰੋਫੈਸਰ ਸਾਹਿਬਾਨ ਪ੍ਰੋ. ਕੁਲਦੀਪ ਸਿੰਘ ਖਾਬੜਾ(ਕੈਮਿਸਟਰੀ) ਅਤੇ ਪ੍ਰੋ. ਸਾਗਰ ਸਿੰਘ (ਪੁਲਿਟੀਕਲ ਸਾਇੰਸ) ਨੂੰ ਸਨਮਾਨਤ ਕੀਤਾ ਗਿਆ। ਸਨਮਾਨ ਵਿਚ ਲੋਈ,ਮਮੈਂਟੋ ਅਤੇ ਸਾਈਟੇਸ਼ਨ ਸ਼ਾਮਲ ਹਨ। ਦੋਵੇਂ ਪ੍ਰੋਫੈਸਰ ਅੱਜ ਕੱਲ੍ਹ ਬਦੇਸ਼ਾਂ ਵਿਚ ਸੈਟਲਡ ਹਨ। ਪ੍ਰੋ. ਕੁਲਦੀਪ ਸਿੰਘ ਨੇ 'ਹੋਮ ਸਿੱਕ'(ਘਰ\ਵਤਨ ਦਾ ਹੇਰਵਾ) ਦੀ ਸਚਾਈ ਬਿਆਨਦਿਆਂ 'ਰਕੋਸਾ' ਦੇ ਕਾਰਜਾਂ ਦੀ ਸ਼ਲਾਘਾ ਕੀਤੀ।ਉਹਨਾਂ ਸੁਝਾ ਦਿਤਾ ਕਿ ਵਿਦਿਆਰਥੀਆਂ ਨੂੰ ਭਵਿੱਖ ਲਈ ਸਹੀ ਦਿਸ਼ਾ ਦੇਣ ਲਈ 'ਕੈਰੀਅਰ ਗਾਈਡੈਂਸ' ਵਲ ਵੀ ਧਿਆਨ ਦੇਣਾ ਚਾਹੀਦੈ।

ਬਹੁਤ ਹੀ ਭਾਵੁਕ ਹੁੰਦਿਆਂ ਪ੍ਰੋ। ਸਾਗਰ ਸਿੰਘ ਨੇ ਕਿਹਾ ਕਿ ਉਹਨਾਂ ਨੂੰ ਤਾਂ 'ਰਕੋਸਾ' ਦੇ ਸਮਾਗਮ ਵਿਚ ਆ ਕੇ 'ਟੌਨਿਕ' ਮਿਲੀ ਹੈ। ਉਹਨਾਂ ਕਿਹਾ ਕਿ ਅਧਿਆਪਕ ਬਾਗ ਦਾ ਮਾਲੀ ਹੁੰਦਾ ਹੈ ਅਤੇ ਉਸ ਨੂੰ ਉਦੋਂ ਬਹੁਤ ਖੁਸ਼ੀ ਹੁੰਦੀ ਹੈ ਜਦੋਂ ਉਸ ਦੇ ਲਾਏ\ਪਾਲੇ ਬੂਟੇ ਫੁੱਲ, ਫਲ ਅਤੇ ਖੁਸ਼ਬੂ ਬਖੇਰਦੇ ਹਨ। ਉਹਨਾਂ ਹੋਰ ਕਿਹਾ,"ਜੋ ਮੈਂ ਖੁਦ ਪ੍ਰਾਪਤੀਆਂ ਨਹੀਂ ਕਰ ਸਕਿਆ, ਮੇਰੇ ਵਿਦਿਆਰਥੀਆਂ ਨੇ ਕੀਤੀਆਂ, ਜਿਹਨਾਂ ਵਿਚ ਮੈਂ ਆਪਣੀਆਂ ਪ੍ਰਾਪਤੀਆਂ ਦੇਖਦਾ ਹਾਂ"। ਪ੍ਰੋ. ਸਾਗਰ ਸਿੰਘ ਅਨੁਸਾਰ ਪੈਸੇ ਨਾਲੋਂ ਅਣਖੀ ਜੀਵਨ ਬਹੁਤ ਬਿਹਤਰ ਹੁੰਦੈ।



'ਰਕੋਸਾ' ਨੇ ਇਕ ਮਤੇ ਰਾਹੀਂ ਆਪਣੇ ਇਕ ਮੈਂਬਰ ਪ੍ਰੋ. ਸੀਤਲ ਸਿੰਘ ਰਿਆਤ ਦੇ ਵਿਛੋੜੇ ਉਪਰ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਉਸ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ।

ਇਸ ਮੈਗਾ ਮੀਟ ਵਿਚ ਹੋਰਨਾਂ ਤੋਂ ਇਲਾਵਾ ਰਕੋਸਾ ਦੇ ਪ੍ਰਧਾਨ ਪ੍ਰਸਿੱਧ ਉਦਯੋਗਪਤੀ ਐਸ.ਪੀ. ਸੇਠੀ, ਸੀਨੀਅਰ ਉੱਪ ਪ੍ਰਧਾਨ ਸੇਵਾ ਮੁਕਤ ਆਈ. ਏ. ਐਸ. ਅਧਿਕਾਰੀ ਬਲਬੀਰ ਸਿੰਘ ਸੂਦਨ, ਉੱਪ ਕੁਲਪਤੀ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ ਡਾ. ਧਰਮਜੀਤ ਸਿੰਘ ਪਰਮਾਰ, ਰਕੋਸਾ ਦੇ ਖਜ਼ਾਨਚੀ ਜਗਦੀਸ਼ ਮਹੇ, ਮੀਡੀਆ ਸਕੱਤਰ ਪ੍ਰੋ. ਜਸਵੰਤ ਸਿੰਘ ਗੰਡਮ, ਉਦਯੋਗਪਤੀ ਆਈ.ਪੀ. ਖੁਰਾਨਾ, ਸੇਵਾ ਮੁਕਤ ਕਲਨਲ ਵਰਿੰਦਰ ਜੋਨੇਜਾ, ਪ੍ਰਿੰ. ਪ੍ਰੇਮ ਪਾਲ ਪੱਬੀ, ਪ੍ਰਿੰਸੀਪਲ ਮਨਜੀਤ ਸਿੰਘ, ਸੇਵਾ-ਮੁਕਤ ਕਮਾਂਡੈਂਟ ਗਿਆਨ ਸਿੰਘ, ਪ੍ਰੋ. ਅਸ਼ੋਕ ਚੱਢਾ, ਡਾਇਰੈਕਟਰ (ਰਿ.) ਡੀ.ਐਸ. ਜੱਸਲ, ਮਹਿੰਦਰ ਸਿੰਘ ਦੋਸਾਂਝ, ਡਾ. ਸੁਮਨ, ਸਮਾਜ ਸੇਵਕ ਮਲਕੀਤ ਰਘਬੋਤਰਾ, ਹਰਬੰਸ ਲਾਲ, ਐਨ।ਆਰ।ਆਈਜ਼ ਵਿਨੋਦ ਓਹਰੀ, ਪਵਿੱਤਰ ਸਿੰਘ ਵਿਰਦੀ, ਜਸਪਾਲ ਸਿੰਘ, ਐਡਵੋਕੇਟ ਨਿਰਵੈਰ ਸਿੰਘ, ਅਵਤਾਰ ਸਿੰਘ ਤਾਰੀ ਸ਼ਾਮਿਲ ਸਨ। ਸੁਆਦਲੇ ਖਾਣੇ ਅਤੇ ਨਾਚ-ਗਾਣੇ ਉਪਰੰਤ 'ਬੜੇ ਚੇਤੇ ਆਉਂਦੇ ਨੇ ਯਾਰ ਅਣਮੁੱਲੇ' ਦੀਆਂ ਮਨੋਬਿਰਤੀਆਂ ਨਾਲ ਇਹ ਮਿਤਰ-ਮਿਲਣੀ ਅਗਲੀ ਵਾਰ ਫਿਰ ਮਿਲਣ ਦੇ ਵਾਅਦੇ ਨਾਲ ਮੁਕੰਮਲ ਹੋਈ।

# ਲਟ ਲਟ ਬ.ਲਦੀ ਮਿਸ਼ਾਲ ਦਾ ਨਾਂ ਸੀ ਕਾਂਸ਼ੀ ਰਾਮ

ਬਹੁਜਨ ਸਮਾਜ ਲਹਿਰ ਦੇ ਉਸਰੱਈਏ, ਬਾਮਸੇਫ,ਡੀ ਐਸ ਫੋਰ ਅਤੇ ਬਹੁਜਨ ਸਮਾਜ ਪਾਰਟੀ ਦੇ ਬਾਨੀ, ਕਰੋੜਾਂ ਦਲਿਤਾਂ ਸ਼ੋਸ਼ਿਤਾਂ ਦੀ ਆਵਾਜ਼, ਦੱਬੇ ਕੁਚਲਿਆਂ ਦੇ ਮਸੀਹਾ ਅਤੇ ਕੰਮੀਆਂ ਦੇ ਵਿਹੜਿਆਂ ਦੇ ਸੂਰਜ ਵਜੋਂ ਜਾਣੇ ਜਾਂਦੇ ਸਾਹਿਬ ਕਾਂਸ਼ੀ ਰਾਮ 9 ਅਕਤੂਬਰ 2006 ਨੂੰ ਸਵੇਰੇ 1-00 ਵਜੇ ਦੇ ਕਰੀਬ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਉਹਨਾਂ ਦੇ ਸਦੀਵੀ ਵਿਛੋੜੇ ਨਾਲ ਸਾਰੇ ਦੇਸ਼ ਅੰਦਰ ਸੋਗ ਅਤੇ ਗ਼ਮ ਦੀ ਲਹਿਰ ਫੈਲ ਗਈ। ਦਲਗਤ ਰਾਜਨੀਤੀ ਤੋਂ ਉਪਰ ਉਠ ਕੇ ਦੇਸ਼ ਦੀਆਂ ਲੱਗਭਗ ਤਮਾਮ ਰਾਜਨੀਤਕ ਅਤੇ ਸਮਾਜਿਕ ਸ਼ਖ਼ਸੀਅਤਾਂ ਨੇ ਸਾਹਿਬ ਕਾਂਸ਼ੀ ਰਾਮ ਜੀ ਦੀ ਅਜ਼ੀਮ ਸ਼ਖ਼ਸੀਅਤ ਬਾਰੇ ਸ਼ਰਧਾਂਜਲੀ ਵਜੋਂ ਬੜੇ ਪ੍ਰਭਾਵਸ਼ਾਲੀ ਸ਼ਬਦ ਕਹੇ ਅਤੇ ਉਹਨਾਂ ਦੀ ਦੇਹ ਨੂੰ ਅੰਤਿਮ ਵਿਦਾਇਗੀ ਦਿੱਤੀ।

14 ਅਪ੍ਰੈਲ 1984 ਨੂੰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਤੇ ਉਹਨ੍ਹਾਂ ਵਲੋਂ ਬਣਾਈ ਗਈ ਬਹੁਜਨ ਸਮਾਜ ਪਾਰਟੀ ਨੇ ਦਲਿਤਾਂ ਤੇ ਪਛੜੇ ਵਰਗਾਂ ਵਿਚ ਜੋ ਰਾਜਸੀ ਸੂਝ ਬੂਝ ਪੈਦਾ ਕੀਤੀ ਅਤੇ ਸਿਆਸੀ ਖੇਤਰ ਵਿਚ ਉਹਨਾਂ ਵਲੋਂ ਨਿਭਾਈ ਗਈ ਅਸਰਦਾਰ ਭੂਮਿਕਾ ਨੇ ਭਾਰਤੀ ਸਿਆਸਤ ਦਾ ਮੂੰਹ ਮੁਹਾਂਦਰਾ ਹੀ ਬਦਲ ਕੇ ਰੱਖ ਦਿੱਤਾ। ਰਾਜਨੀਤਕ ਰੰਗ ਮੰਚ ਤੇ ਸਾਹਿਬ ਕਾਂਸ਼ੀ ਰਾਮ ਦੀ ਦਿਤੀ ਦਸਤਕ ਨੇ ਅਜਿਹੀ ਹਲਚਲ ਪੈਦਾ ਕਰ ਦਿੱਤੀ ਕਿ ਦਿੱਲੀ ਦਾ ਤਖਤ ਡਾਵਾਂ ਡੋਲ ਹੋ ਗਿਆ। ਸਾਹਿਬ ਕਾਂਸ਼ੀ ਰਾਮ ਜੀ ਦੀ ਰਾਜਨੀਤਕ ਹੋਂਦ ਕਾਰਨ ਢਿਡੋਂ ਸਖਤ ਦੁਖੀ ਔਖੇ ਤੇ ਸੜੇ ਭੁੱਜੇ ਉਹਨਾਂ ਦੇ ਕੱਟੜ ਵਿਰੋਧੀ ਵੀ ਉਹਨਾਂ ਦਾ ਸਾਥ ਪਾਉਣ ਲਈ ਤਰਲੋ ਮੱਛੀ ਹੁੰਦੇ ਦੇਖੇ ਗਏ। ਇਕ ਵੇਲੇ ਮੀਡੀਆ ਚ ਇਹ ਗੱਲ ਖਾਸ ਤੌਰ ਤੇ ਉਭਰ ਕੇ ਆਈ ਸੀ ਕਿ
"ਸੱਭ ਕੋ ਚਾਹੀਏ ਕਾਂਸ਼ੀ ਰਾਮ।"

ਉਹਨਾਂ ਵਲੋਂ ਸਰਕਾਰੀ ਮੁਲਾਜ਼ਮਾਂ ਦੀ ਬਣਾਈ ਗਈ ਜਥੇਬੰਦੀ ਬਾਮਸੇਫ ਵਲੋਂ ਚੰਡੀਗੜ੍ਹ ਦੀ ਪਰੇਡ ਗਰਾਊਂਡ ਚ 14 ਅਕਤੂਬਰ ਤੋਂ 18 ਅਕਤੂਬਰ 1981 ਨੂੰ ਪੰਜ ਦਿਨਾਂ ਲਈ ਕੀਤੀ ਗਈ ਭਰਵੀਂ ਤੀਸਰੀ ਕੌਮੀ ਕਨਵੈਨਸ਼ਨ, ਡੀ।ਐਸ। ਫੋਰ ਦੇ ਮੰਚ ਤੋਂ ਬੂਟਾ ਮੰਡੀ ਜਲੰਧਰ ਚ ਕੀਤੀ ਗਈ ਪੂਨਾ ਪੈਕਟ ਧਿਕਾਰ ਦਿਵਸ ਰੈਲੀ ਅਤੇ ਨਵਾਂ ਸ਼ਹਿਰ ਲਾਗੇ ਮੂਸਾਪੁਰ ਪਿੰਡ ਚ ਕੀਤੀ ਗਈ ਵਿਸ਼ਾਲ ਕਾਨਫਰੰਸ ਤੋਂ ਬਾਅਦ ਸਾਹਿਬ ਕਾਂਸ਼ੀ ਰਾਮ ਪੰਜਾਬ ਚ ਚਰਚਿਤ ਹੋ ਗਏ ਸਨ। ਸਤੰਬਰ/ਅਕਤੂਬਰ 1983 ਵਿਚ ਸਰਦਾਰ ਗੁਰਨਾਮ ਸਿੰਘ ਮੁਕਤਸਰ ਦੇ ਘਰ ਮੇਰੇ ਸਹੁਰਾ ਸਾਹਿਬ ਸੰਤ ਬਾਬਾ ਸਰਦਾਰ ਗੁਲਜ਼ਾਰ ਸਿੰਘ ਸੇਮਾਂ ਜੀ ਸਖਤ ਪ੍ਰੇਰਨਾ ਸਦਕਾ ਪਹਿਲੀ ਵਾਰ ਉਸ ਉੱਤਮ ਸ਼ਖ਼ਸੀਅਤ ਦੇ ਦਰਸ਼ਨ ਕਰਨ ਦਾ ਸੁਭਾਗ ਤਾਂ ਪ੍ਰਾਪਤ ਹੋਇਆ ਹੀ ਨਾਲ ਹੀ ਘੰਟਿਆਂ ਬੱਧੀ ਕੇਡਰ ਕੈਂਪ ਚ ਉਨ੍ਹਾਂ ਦੇ ਉੱਚੇ ਸੁੱਚੇ ਵਿਚਾਰ ਸੁਣਨ ਦਾ ਮੌਕਾ ਵੀ ਮਿਲਿਆ। ਫੁਰਸਤ ਦੇ ਵਕਤ ਨਿਵੇਕਲੇ ਚ ਉਹਨਾਂ ਨਾਲ ਹੋਏ ਵਿਚਾਰ ਵਟਾਂਦਰੇ ਨੇ ਮੇਰੇ ਜੀਵਨ ਵਿਚ ਅਜਿਹਾ ਪਲਟਾ ਲਿਆਂਦਾ ਜਿਸ ਨੇ ਮੇਰੀ ਜ਼ਿੰਦਗੀ ਦੀਆਂ ਤਰਜੀਹਾਂ ਹੀ ਬਦਲ ਕੇ ਰੱਖ ਦਿੱਤੀਆਂ। ਖੁਰਾਕ ਤੇ ਸਪਲਾਈਜ਼ ਵਰਗੇ ਮਹਿਕਮੇ ਚ ਚੰਗੀ ਭਲੀ ਨੌਕਰੀ ਅਤੇ ਸਿੱਖ ਮਿਸ਼ਨਰੀ ਹੋਣ ਦੇ ਨਾਤੇ ਨਿਸ਼ਕਾਮ ਧਾਰਮਕ ਕਾਰਜ ਕਰ ਰਿਹਾ ਸੀ ਕਿ ਉਹਨਾਂ ਦੀ ਮਿਕਨਾਤੀਸੀ ਸ਼ਖ਼ਸੀਅਤ ਨੇ ਬਾਬਾ ਸਾਹਿਬ ਦੇ ਮਿਸ਼ਨ ਦੀ ਅਜਿਹੀ ਚਿਣਗ ਲਾ ਦਿੱਤੀ ਜੋ ਲਟ ਲਟ ਬ.ਲਦੀ ਮਿਸ਼ਾਲ ਬਣ ਗਈ। ਸਾਹਿਬ ਕਾਂਸ਼ੀ ਰਾਮ ਦੀ ਪਾਰਸ ਛੋਹ ਨੇ ਅਜਿਹਾ ਕੀਲਿਆ ਕਿ ਪਰਵਾਰ ਸਮੇਤ ਉਹਨਾਂ ਦੇ ਕਾਰਵਾਂ ਦਾ ਹਮਸਫਰ ਬਣ ਗਿਆ।

ਸਾਹਿਬ ਕਾਂਸ਼ੀ ਰਾਮ ਇਕਲੌਤਾ ਪੰਜਾਬੀ ਸੂਰਮਾ ਸੀ ਜਿਸਨੇ ਆਪਣੇ ਬਲਬੂਤੇ ਕੌਮੀ ਰਾਜਨੀਤੀ ਵਿਚ ਮੋਹਰੀ ਸਥਾਨ ਹਾਸਲ ਕੀਤਾ। ਸਮਾਜਕ ਪਰਿਵਰਤਨ ਤੇ ਆਰਥਿਕ ਮੁਕਤੀ ਲਹਿਰ ਦਾ ਉਸਰੱਈਆ ਉਹ ਅਣਥੱਕ ਯੋਧਾ ਸੀ, ਜਿਸਨੇ ਆਪਣੇ ਸਿਰੜ, ਲਗਨ ਮਿਹਨਤ, ਤਿਆਗ ਤੇ ਮਿਸ਼ਨਰੀ ਭਾਵਨਾ ਸਦਕਾ ਪੂਰੇ ਦੇਸ਼ ਅੰਦਰ ਅਣਗੌਲੇ ਸਮਾਜ ਵਿਚ ਰਾਜਨੀਤਕ ਚੇਤਨਾ ਅਤੇ ਸੂਝਬੂਝ ਪੈਦਾ ਕੀਤੀ ਅਤੇ ਉਨ੍ਹਾਂ ਦਾ ਸਵੈਮਾਣ ਜਗਾਇਆ। ਦਲਿਤ ਪਛੜੇ ਅਤੇ ਧਾਰਮਿਕ ਅਕਲੀਅਤਾਂ ਜੋ ਦੇਸ਼ ਅੰਦਰ ਘੱਟ ਗਿਣਤੀ ਦੇ ਅਹਿਸਾਸ ਦੀਆਂ ਸ਼ਿਕਾਰ ਰਹੀਆਂ ਹਨ ਉਹਨਾਂ ਵਿਚ ਬਹੁ ਗਿਣਤੀ (ਬਹੁਜਨ) ਹੋਣ ਦਾ ਪੂਰੇ ਭਰੋਸੇ ਨਾਲ ਅਹਿਸਾਸ ਜਗਾਇਆ। ਉਹਨਾਂ ਨੇ ਮਾਨਤਾ ਪ੍ਰਾਪਤ ਸਰਕਾਰੀ ਅੰਕੜਿਆਂ ਰਾਹੀਂ ਦੱਸਿਆ ਕਿ ਰਾਜ ਪ੍ਰਬੰਧ ਅਤੇ ਕੌਮੀ ਸਰਮਾਏ ਤੇ ਕਾਬਜ਼ ਮੁੱਠੀ ਭਰ 15 ਫੀਸਦੀ ਤੋਂ ਵੀ ਘੱਟ ਹਨ। ਇਨ੍ਹਾਂ ਹੱਥੋਂ ਲੁੱਟਿਆ ਤੇ ਕੁੱਟਿਆ ਜਾਣ ਵਾਲਾ ਸਮਾਜ 85 ਫੀ ਸਦੀ ਤੋਂ ਵੀ ਵੱਧ ਹੈ। ਸੰਗਠਤ ਹੋ ਕੇ ਦੇਸ਼ ਦਾ ਬਹੁਜਨ ਸਮਾਜ ਆਪਣੀ ਹੋਣੀ ਦਾ ਆਪ ਮਾਲਕ ਬਣ ਸਕਦਾ ਹੈ। ਟੁੱਟੇ ਭੱਜੇ ਸਮਾਜ ਨੂੰ ਭਾਈਚਾਰੇ ਦਾ ਸੀਮਿੰਟ ਲਾਕੇ ਜੋੜਨ ਲਈ ਅਤੇ ਬਹੁਜਨ ਸਮਾਜ ਲਹਿਰ ਦੀ ਉਸਾਰੀ ਲਈ ਉਸ ਮਹਾਂਪੁਰਖ ਨੇ 4200 ਕਿਲੋਮੀਟਰ ਤੋਂ ਵੱਧ ਸਾਈਕਲ ਚਲਾ ਕੇ ਦੇਸ਼ ਦੇ ਕੋਨੇ ਚ ਅੰਦੋਲਨ ਕੀਤਾ। ਉਹ ਜ਼ੋਰ ਦੇਕੇ ਕਿਹਾ ਕਰਦੇ ਸਨ ਕਿ "ਜੇ ਲੀਰੋ ਲੀਰ ਹੋਇਆ ਜਾਤੀ ਟੁਕੜਿਆਂ ਚ ਵੰਡਿਆ ਸਮਾਜ ਇਕੱਠਾ ਕਰ ਲਿਆ ਜਾਵੇ ਤਾਂ ਇਹ ਇਕ ਸ਼ਕਤੀਸ਼ਾਲੀ ਸੰਗਠਨ ਬਣ ਜਾਵੇਗਾ। ਜਿਸ ਦਾ ਕੋਈ ਵੀ ਮਨੂਵਾਦੀ ਦਲ ਮੁਕਾਬਲਾ ਨਹੀਂ ਕਰ ਸਕੇਗਾ।" ਦੇਸ਼ ਦੇ ਲੋਕਾਂ ਦੀ ਬਦਕਿਸਮਤੀ ਹੈ ਕਿ ਉਹਨਾਂ ਦੀ ਜ਼ਿੰਦਗੀ ਦੌਰਾਨ ਬਹੁਜਨ ਸਮਾਜ ਆਪਣਾ ਮੂਲ ਪਹਿਚਾਨਣ ਤੋਂ ਅਸਮਰਥ ਰਿਹਾ ਤੇ ਬਹੁਜਨ ਲਹਿਰ ਅਧਵਾਟੇ ਭਟਕ ਜਾਣ ਕਰਕੇ ਮੰਜ਼ਿਲੇ ਮਕਸੂਦ ਤਕ ਨਹੀਂ ਪਹੁੰਚ ਸਕੀ।



ਵਰਗ ਰਹਿਤ , ਜਾਤ ਰਹਿਤ, ਸਮਤਲ, ਸਮਾਨਤਾ, ਭਾਈਚਾਰੇ ਅਤੇ ਆਜ਼ਾਦੀ ਵਾਲਾ ਉਹਨਾਂ ਦਾ ਸੁਪਨਾ ਅਧੂਰਾ ਹੀ ਰਹਿ ਗਿਆ। ਉਹ ਡੰਕੇ ਦੀ ਚੋਟ ਤੇ ਆਖਦੇ ਸਨ ਕਿ "ਸਮਾਜਿਕ ਤੇ ਆਰਥਿਕ ਗੈਰ ਬਰਾਬਰੀ ਦਾ ਖਾਤਮਾ ਅਤੇ ਜਾਤ ਰਹਿਤ ਸਮਾਜ ਦੀ ਉਸਾਰੀ ਉਹਨਾਂ ਦਾ ਇਕੋ ਨਿਸ਼ਾਨਾ ਹੈ। ਸਮਾਜਕ ਪ੍ਰਬੰਧ ਦੇ ਪਰਵਰਨ ਵਿਚ ਬ੍ਰਾਹਮਣਵਾਦ ਸੱਭ ਤੋਂ ਵੱਡੀ ਰੁਕਾਵਟ ਹੈ, ਇਸ ਨੂੰ ਜੜ੍ਹੋਂ ਪੁੱਟੇ ਬਿਨਾਂ ਸਮਾਜਕ ਤੇ ਆਰਥਿਕ ਗੈਰ ਬਰਾਬਰੀ ਦਾ ਅੰਤ ਸੰਭਵ ਨਹੀਂ।" ਉਹਨਾਂ ਨੇ ਮਹਾਂ ਮਾਨਵ ਮਹਾਤਮਾ ਬੁੱਧ ਦੀ "ਬਹੁਜਨ ਹਿਤਾਏ ਬਹੁਜਨ ਸੁਖਾਏ", ਵਰਗੀ ਸੁੱਚੀ ਵਿਚਾਰਧਾਰਾ ਅਤੇ ਸਿੱਖ ਲਹਿਰ ਦੀ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ", "ਸਭੇ ਸਾਂਝੀਵਾਲ ਸਦਾਇਨ ਕੋਇ ਨਾ ਦਿਸੈ ਬਾਹਰਾ ਜੀਉ" ਅਤੇ "ਏਕ ਪਿਤਾ ਏਕਸੁ ਕੇ ਹਮ ਬਾਰਿਕ" ਵਰਗੀ ਮਾਨਵਵਾਦੀ ਸੁੱਚੀ ਸੋਚ ਦੀ ਪੂਰਤੀ ਲਈ ਜ਼ਿੰਦਗੀ ਭਰ ਸੰਘਰਸ਼ ਕੀਤਾ। ਸਾਹਿਬ ਕਾਂਸ਼ੀ ਰਮ ਆਪਣੇ ਸੰਘਰਸ਼ ਦਾ ਪ੍ਰੇਰਨਾ ਸਰੋਤ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅੰਦੋਲਨ ਨੂੰ ਮੰਨਦੇ ਸਨ। ਗੁਰੂ ਸਾਹਿਬ ਦੇ ਜੀਵਨ ਦੀਆਂ ਘਟਨਾਵਾਂ, ਘਾਲਨਵਾਂ ਅਤੇ ਕੁਰਬਾਨੀਆਂ ਦੀ ਉਹਨਾਂ ਦੇ ਜੀਵਨ ਤੇ ਖਾਸ ਛਾਪ ਸੀ। ਗੁਰੂ ਸਾਹਿਬ ਦੇ ਸਰਬੰਸ ਦੀਆਂ ਸ਼ਹਾਦਤਾਂ ਦਾ ਜ਼ਿਕਰ ਕਰਦਿਆਂ ਉਹ ਅਕਸਰ ਹੀ ਜਜ਼ਬਾਤੀ ਹੋ ਜਾਇਆ ਕਰਦੇ ਅਤੇ ਫੁੱਟ ਫੁੱਟ ਕੇ ਰੋ ਪੈਂਦੇ ਸਨ।

ਗੁਰੂ ਗੋਬਿੰਦ ਸਿੰਘ ਜੀ ਦੇ ਗਰੀਬ ਗੁਰਬਿਆਂ ਨੂੰ "ਸਰਦਾਰ ਤੇ ਪਾਤਸ਼ਾਹ" ਬਨਾਉਣ ਦੇ ਸੰਕਲਪ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਨੇ ਸਾਰੀ ਜ਼ਿੰਦਗੀ ਕੁਆਰੇ ਰਹਿ ਕੇ ਸੰਘਰਸ਼ ਕੀਤਾ। ਪਰਵਾਰ ਅਤੇ ਨਿਜੀ ਜਾਇਦਾਦ ਨਾ ਬਣਾਉਣ ਦੇ ਆਪਣੇ ਨਿਸਚੇ ਤੇ ਉਹ ਆਖ਼ਰੀ ਸਾਹਾਂ ਤਕ ਦ੍ਰਿੜਤਾ ਨਾਲ ਪਹਿਰਾ ਦਿੰਦੇ ਰਹੇ। ਉਹ ਹਿੱਕ ਠੋਕ ਕੇ ਕਿਹਾ ਕਰਦੇ ਸਨ ਕਿ "ਕਾਂਸ਼ੀ ਰਾਮ ਦੇ ਨਾਂ ਤੇ ਨਿੱਜੀ ਜਾਇਦਾਦ ਵਜੋਂ ਪੂਰੀ ਦੁਨੀਆਂ ਚ ਸਾਢੇ ਤਿੰਨ ਹੱਥ ਜਗਾਹ ਵੀ ਨਹੀਂ ਜੋ ਮਰਨ ਤੋਂ ਬਾਅਦ ਹਰੇਕ ਮਨੁੱਖ ਨੂੰ ਨਸੀਬ ਹੋ ਜਾਣੀ ਹੈ, ਬੈਂਕ ਖਾਤੇ ਤਾਂ ਦੂਰ ਦੀ ਗੱਲ ਰਹੀ।"

ਆਪਣੇ ਨਿਸ਼ਾਨੇ ਦੀ ਪੂਰਤੀ ਹਿਤ ਉਹਨਾਂ ਦੇ ਜੀਵਨ ਵਿਚ ਇਕ ਵਿਸ਼ੇਸ਼ ਕਾਹਲ ਸੀ। ਦੱਬੇ ਕੁਚਲਿਆਂ ਦੀਆਂ ਪੀੜਾਂ, ਆਹਾਂ ਤੇ ਸਿਸਕੀਆਂ ਨੇ ਉਹਨਾਂ ਨੂੰ ਬੇਚੈਨ ਕਰ ਕੇ ਰੱਖ ਦਿੱਤਾ ਸੀ।ਮਜ਼ਲੂਮਾਂ ਤੇ ਲਾਚਾਰ ਲੋਕਾਂ ਨਾਲ ਬੇਇਨਸਾਫ਼ੀ ਵਿਰੁੱਧ ਉਹਨਾਂ ਦੇ ਦਿਲ ਵਿਚ ਇਕ ਚੀਸ ਸੀ ਜੋ ਉਹਨਾਂ ਨੂੰ ਟਿਕ ਕੇ ਨਹੀਂ ਬਹਿਣ ਦਿੰਦੀ ਸੀ। ਸਾਧਨਾਂ ਤੇ ਪੈਸੇ ਦੀ ਅਣਹੋਂਦ ਦੇ ਬਾਵਜੂਦ ਵੀ ਉਹਨਾਂ ਨੇ ਸਾਈਕਲ ਤੇ ਹੀ ਬਹੁਜਨ ਲਹਿਰ ਦੀ ਉਸਾਰੀ ਲਈ ਆਪਣਾ ਅੰਦੋਲਨ ਅਰੰਭ ਦਿੱਤਾ। ਦੋ ਪੈਰਾਂ ਦੋ ਪਹੀਆਂ ਨੇ ਅਜਿਹਾ ਕਮਾਲ ਕੀਤਾ ਕਿ ਭਾਰਤ ਦੀ ਦਲਗਤ ਰਾਜਨੀਤੀ ਵਿੱਚ ਤੂਫ਼ਾਨ ਆ ਗਿਆ। ਸਾਹਿਬ ਕਾਂਸ਼ੀ ਰਾਮ ਦੀ ਦੂਰ ਅੰਦੇਸ਼ੀ ਨੇ ਹਕੂਮਤ ਤੇ ਕਾਬਜ਼ ਧਿਰਾਂ ਦੇ ਪੈਰਾਂ ਹੇਠ ਅਜਿਹਾ ਲਾਂਬੂ ਲਾਇਆ ਕਿ ਉਹਨਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਰਾਜਨੀਤਕ ਖੇਤਰ ਵਿਚ ਉਨ੍ਹਾਂ ਦੀ ਹਾਜ਼ਰੀ ਨੇ ਰਾਜਸੀ ਅਸਥਿਰਤਾ ਦਾ ਮਹੌਲ ਪੈਦਾ ਕਰ ਦਿੱਤਾ। ਉਹਨਾਂ ਨੇ ਬੇ-ਝਿਜਕ ਪੂਰੀ ਬੇਬਾਕੀ ਨਾਲ ਐਲਾਨਿਆ ਕਿ "ਉਹ ਉਤਨੀ ਦੇਰ ਤੱਕ ਰਾਜਨੀਤਕ ਅਸਥਿਰਤਾ ਦੇ ਮੁਦੱਈ ਹਨ ਜਿੰਨੀ ਦੇਰ ਤਕ ਬਹੁਜਨ ਸਮਾਜ ਰਾਜਸੀ ਸਥਿਰਤਾ ਦੇ ਲਾਇਕ ਨਹੀਂ ਹੋ ਜਾਂਦਾ।" ਕਾਂਸ਼ੀ ਰਾਮ ਦੀ ਲਹਿਰ ਦੇ ਉਭਾਰ ਸਦਕਾ ਸਦੀਆਂ ਬਾਅਦ ਗੈਰ ਬਰਾਬਰੀ ਦੇ ਹਾਮੀ ਬ੍ਰਾਹਮਣਵਾਦੀਆਂ ਨੂੰ ਆਪਣੀ ਹੋਂਦ ਲਈ ਖਤਰਾ ਭਾਸਣ ਲੱਗਾ ਉਹਨਾਂ ਦੀ ਇਹ ਚਿੰਤਾ ਸੰਘ ਪਰਵਾਰ ਦੇ ਗੁਪਤ ਦਸਤਾਵੇਜ਼ਾਂ ਵਿੱਚੋਂ ਸਾਫ ਜ਼ਾਹਰ ਹੁੰਦੀ ਹੈ।

ਸਾਹਿਬ ਕਾਂਸ਼ੀ ਰਾਮ ਨੇ ਦਿੱਲੀ ਦੇ ਤਖਤ ਤੇ ਬਹੁਜਨ ਸਮਾਜ ਨੂੰ ਕਾਬਜ਼ ਕਰਵਾਉਣ ਲਈ ਲਖਨਊ ਦਾ ਰਾਹ ਫੜਿਆ। ਸਤਾ ਦੀ ਵੱਡੀ ਚਾਬੀ ਹਾਸਲ ਕਰਨ ਲਈ ਦੇਸ਼ ਦਾ ਸੱਭ ਤੋਂ ਵੱਡਾ ਸੂਬਾ ਉਤਰ ਪ੍ਰਦੇਸ਼ ਉਹਨਾਂ ਨੂੰ ਸੱਭ ਤੋਂ ਜਰਖੇਜ਼ ਖਿੱਤਾ ਜਾਪਿਆ। ਉਹ ਐਲਾਨੀਆਂ ਕਿਹਾ ਕਰਦੇ ਸਨ ਕਿ "ਉਹ ਦੁਸਮਣ ਨੂੰ ਲੱਤਾ ਬਾਹਾਂ ਤੋਂ ਨਹੀ ਸਗੋਂ ਧੌਣ ਤੋਂ ਫੜਨ ਲਈ ਯਤਨਸ਼ੀਲ ਹਨ।" ਉਹਨਾਂ ਦੀ ਦੂਰਦ੍ਰਿਸ਼ਟੀ, ਵਿਸ਼ਾਲ ਸਿਆਸੀ ਸੂਝਬੂਝ, ਸਖਤ ਮਿਹਨਤ, ਬੇਮਿਸਾਲ ਲਗਨ, ਰਾਜਨੀਤਕ ਪ੍ਰਤਿਭਾ ਅਤੇ ਅਥਾਹ ਇੱਛਾ ਸ਼ਕਤੀ ਸਦਕਾ ਬਹੁਜਨ ਸਮਾਜ ਪਾਰਟੀ (ਬਸਪਾ) ਕੌਮੀ ਪੱਧਰ ਦੀ ਤੀਜੀ ਵੱਡੀ ਤੇ ਮਾਨਤਾ ਪਰਾਪਤ ਪਾਰਟੀ ਥੋੜ੍ਹੇ ਸਮੇਂ ਵਿਚ ਹੀ ਬਣ ਗਈ। ਕਾਂਸ਼ੀ ਰਾਮ ਦੀ ਸਿਆਸੀ ਯੋਗਤਾ ਨੇ ਵੱਡੇ ਵੱਡੇ ਰਾਜਨੀਤਕ ਧੁਰੰਧਰਾਂ ਨੂੰ ਕੰਬਣੀ ਛੇੜ ਦਿੱਤੀ। ਰਾਜਸੀ ਪੰਡਤਾਂ ਦੀਆਂ ਗਿਣਤੀਆਂ ਮਿਣਤੀਆਂ ਧਰੀਆਂ ਧਰਾਈਆਂ ਰਹਿ ਜਾਂ-ਦੀਆਂ, ਸਿਆਸੀ ਸਮੀਕਰਣ ਗੜਬੜਾ ਜਾਂਦੇ ਰਹੇ ਅਤੇ ਵੱਡੇ ਵੱਡੇ ਖੱਬੀਖਾਨ ਉਹਨਾਂ ਤਕ ਪਹੁੰਚ ਕਰਨ ਲਈ ਗੋਡਿਆਂ ਭਾਰ ਹੋਏ ਰਹਿੰਦੇ। ਸਮਝੌਤਿਆਂ ਦੀ ਰਾਜਨੀਤੀ ਦਾ ਆਗਾਜ਼ ਕਰਨ ਵਾਲੇ ਕਾਂਸ਼ੀ ਰਾਮ ਸਮਝੌਤਾ ਕਰਨ ਲਈ ਕਦੀ ਵੀ ਕਿਸੇ ਕੋਲ ਨਹੀਂ ਸਨ ਜਾਂਦੇ ਸਗੋਂ ਉਹ ਆਪਣੇ ਵਿਰੋਧੀਆਂ ਲਈ ਅਜਿਹੀ ਰਾਜਸੀ ਮਜ਼ਬੂਰੀ ਪੈਦਾ ਕਰਨ ਦੀ ਸੂਝ ਬੂਝ ਰੱਖਦੇ ਸਨ ਕਿ ਵਿਰੋਧੀ ਰੁੜ੍ਹ ਕੇ ਉਹਨਾਂ ਕੋ.ਲ ਆਉਣ ਲਈ ਲਾਚਾਰ ਤੇ ਮਜ਼ਬੂਰ ਹੋ ਜਾਂਦੇ। ਉਹ ਬੇਝਿਜਕ ਕਿਹਾ ਕਰਦੇ ਸਨ ਕਿ "ਮਨੁੱਖ ਅੰਦਰ ਬਦਲੇ ਦੀ ਭਾਵਨਾ ਹੋਣੀ ਚਾਹੀਦੀ ਹੈ। ਜਿਸ ਮਨੁੱਖ ਜਾਂ ਸਮਾਜ ਚ ਬਦਲੇ ਦੀ ਭਾਵਨਾ ਨਾ ਹੋਵੇ ਉਹ ਮੁਰਦਿਆਂ ਸਮਾਨ ਹੁੰਦੇ ਹਨ।" ਸੰਨ 1972 ਚ ਮਹਾਂਰਾਸ਼ਟਰ ਦੀ ਸੱਤਾਧਾਰੀ ਕਾਂਗਰਸ ਪਾਰਟੀ ਨੇ ਬਾਬਾ ਸਾਹਿਬ ਦੀ ਪਾਰਟੀ ਵਜੋਂ ਜਾਣੀ ਜਾਂਦੀ ਰਿਪਬਲਿਕਨ ਪਾਰਟੀ ਆਫ਼ ਇੰਡੀਆ (ਆਰ। ਪੀ। ਆਈ।) ਨੂੰ ਪੰਡਰਪੁਰ ਦੀ ਇਕ ਪਾਰਲੀਮਾਨੀ ਸੀਟ ਦੇਕੇ ਤੇ ਪਾਰਲੀਮੈਂਟ ਦੀਆਂ 520 ਸੀਟਾਂ ਆਪ ਲੈਕੇ ਪੂਰੇ ਸੂਬੇ ਚ ਕਾਂਗਰਸ ਪਾਰਟੀ ਦੀ ਹਮਾਇਤ ਕਰਨ ਦਾ ਜ਼ਲਾਲਤ ਭਰਿਆ ਸਮਝੌਤਾ ਕੀਤਾ ਅਤੇ ਇਸ ਸਮਝੌਤੇ ਨੂੰ ਅੰਬੇਡਕਰ ਤੇ ਗਾਂਧੀ ਦੇ ਸਮਝੌਤੇ ਵਜੋਂ ਪ੍ਰਚਾਰਿਆ ਗਿਆ।

ਸਾਹਿਬ ਕਾਂਸ਼ੀ ਰਾਮ ਨੇ ਦੇਸ਼ ਦੇ ਸੱਭ ਤੋਂ ਵੱਡੇ ਸੂਬੇ ਉਤਰ ਪ੍ਰਦੇਸ਼ ਜਿੱਥੋਂ 425 ਵਿਧਾਨਕਾਰ ਚੁਣੇ ਜਾਂਦੇ ਹਨ ਕੇਂਦਰ ਦੀ ਸਤਾ ਤੇ ਕਾਬਜ਼ ਕਾਂਗਰਸ ਪਾਰਟੀ ਦੇ ਤਤਕਾਲੀ ਪ੍ਰਧਾਨ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰ ਸਿਮ੍ਹਾ ਰਾਉ ਨੂੰ ਅਜਿਹੀ ਲਾਚਾਰੀ ਤੇ ਬੇਬੱਸੀ ਦੀ ਸਥਿਤੀ ਵਿਚ ਲੈ ਆਂਦਾ ਕਿ ਉਹ ਸਾਹਿਬ ਕਾਂਸ਼ੀ ਰਾਮ ਦੇ ਰਹਿਮੋ- ਕਰਮ ਅਤੇ ਉਹਨਾਂ ਦੀਆਂ ਸ਼ਰਤਾਂ ਤੇ ਸਵਾ ਕੁ ਸੌ ਸੀਟਾਂ ਲੈਕੇ ਸਮਝੌਤਾ ਕਰਨ ਲਈ ਮਜ਼ਬੂਰ ਹੋ ਗਏ। ਇਹ ਸਮਝੌਤਾ ਬੰਦ ਕਮਰੇ ਚ ਨਹੀਂ ਸਗੋਂ ਮੀਡੀਆ ਦੇ ਸਾਹਮਣੇ ਕੀਤਾ ਗਿਆ। ਸਾਹਿਬ ਕਾਂਸ਼ੀ ਰਾਮ ਨੇ ਪੂਰੇ ਗੌਰਵ ਨਾਲ ਦੇਸ਼ ਦੇ ਲੋਕਾਂ ਨੂੰ ਦੱਸਿਆ ਕਿ "ਅੰਬੇਡਕਰ ਤੇ ਗਾਂਧੀ ਦਾ ਅਸਲ ਸਮਝੌਤਾ ਹੁਣ ਹੋਇਆ ਹੈ।"



ਲਾਲ ਸਿੰਘ ਸੁਲਹਾਣੀ
91-98721-55120

ਮੀਡੀਏ ਦਾ ਕੁੱਝ ਭਾਗ ਤੇ ਕੁੱਝ ਰਾਜਸੀ ਵਿਰੋਧੀ ਸਾਹਿਬ ਕਾਂਸ਼ੀ ਰਾਮ ਨੂੰ ਵਿਕਾਊ ਮਾਲ ਹੋਣ ਦੇ ਤੰਜ ਕੱਸਕੇ ਭੰਡਦੇ ਰਹੇ ਪਰ 1995 ਵਿਚ ਪਾਰਲੀਮੈਂਟ ਦੇ ਚੱਲ ਰਹੇ ਇਜਲਾਸ ਦੌਰਾਨ (ਜਿਸਦੀ ਕਾਰਵਾਈ ਟੀਵੀ ਰਾਹੀਂ ਨਾਲੋ ਨਾਲ ਪ੍ਰਸਾਰਤ ਹੋ ਰਹੀ ਸੀ) ਉਹਨਾਂ ਨੇ ਦੱਸਿਆ ਕਿ "ਕਾਂਸ਼ੀ ਰਾਮ ਵਿਕਣ ਲਈ ਪੈਦਾ ਨਹੀਂ ਹੋਇਆ। ਕਾਂਸ਼ੀ ਰਾਮ ਨੂੰ ਖਰੀਦਣ ਲਈ ਭਾਜਪਾ ਆਗੂਆਂ (ਅਟਲ ਬਿਹਾਰੀ ਵਾਜਪਾਈ ਤੇ ਲਾਲ ਕ੍ਰਿਸ਼ਨ ਅਡਵਾਨੀ) ਵਲੋਂ ਉਹਨਾਂ ਨੂੰ ਰਾਸ਼ਟਰਪਤੀ ਬਣਾਉਣ ਲਈ ਕੀਤੀ ਗਈ ਪੇਸ਼ਕਸ਼ ਇਹ ਕਹਿੰਦਿਆਂ ਠੁਕਰਾ ਦਿਤੀ ਕਿ ਉਹ ਆਪਣੇ ਸਮਾਜ ਲਈ ਕੁਝ ਕਰਨਾ ਚਾਹੁੰਦੇ ਹਨ, ਕੁਝ ਬੋਲਣਾ ਚਾਹੁੰਦੇ ਹਨ, ਕੁਝ ਬੋਲਣ ਲਈ, ਕੁਝ ਕਰਨ ਲਈ ਰਾਸ਼ਟਰਪਤੀ ਨਹੀਂ ਪ੍ਰਧਾਨ ਮੰਤਰੀ ਹੋਣਾ ਚਾਹੀਦਾ ਹੈ। ਉਸ ਵੱਡੇ ਮਕਾਨ (ਰਾਸ਼ਟਰਪਤੀ ਭਵਨ) ਵਿਚ ਕੈਦ ਕਰਕੇ ਉਹਨਾਂ ਦੀ ਜ਼ਬਾਨ ਰੋਕੀ ਨਹੀਂ ਜਾ ਸਕਦੀ ਇਸ ਲਈ ਰਾਸ਼ਟਰਪਤੀ ਵਰਗਾ ਸਨਮਾਨਯੋਗ ਰੁਤਬਾ ਉਹਨਾਂ ਨੇ ਠੁਕਰਾ ਦਿਤਾ।"

ਸਾਹਿਬ ਕਾਂਸ਼ੀ ਰਾਮ ਦੀ ਦੂਰ ਦਰਸ਼ੀ ਸੋਚ ਸਦਕਾ ਦੇਸ਼ ਅੰਦਰ ਜਾਤੀਗਤ ਸਮੀਕਰਨ ਪੂਰੀ ਤਰ੍ਹਾਂ ਬਦਲ ਕੇ ਰਹਿ ਗਏ ਤੇ ਨਵੇਂ ਸਿਰਿਉਂ ਧਰੁਵੀਕਰਨ ਹੋਣ ਲੱਗਾ। ਦਲਿਤਾਂ ਤੇ ਪਛੜਿਆਂ ਵਿਚ ਰਾਜਸੀ ਸੂਝਬੂਝ ਅਤੇ ਰਾਜਪਾਟ ਸਾਂਭਣ ਦੀ ਇੱਛਾ ਪੈਦਾ ਕਰਕੇ ਸਾਹਿਬ ਕਾਂਸ਼ੀ ਰਾਮ ਨੇ ਨਵੇਂ ਕਲਚਰ ਦੇ ਮਸੀਹਾ ਵਜੋਂ ਆਪਣੀ ਭੱਲ ਬਣਾ ਲਈ। ਉਹਨਾਂ ਦੀ ਦੂਰ ਦਰਸ਼ੀ ਸੋਚ ਸਦਕਾ ਦਲਿਤ ਪੀੜਤ ਤੇ ਅਣਗੌਲਿਆ ਵਰਗ ਭਾਰਤ ਦੀ ਚੋਣ ਰਾਜਨੀਤੀ ਵਿੱਚ ਸੱਭ ਤੋਂ ਅਹਿਮ ਵਰਗ ਵਜੋਂ ਉੱਭਰ ਕੇ ਸਾਹਮਣੇ ਆਇਆ। ਵਿਸ਼ਾਲ ਪੱਧਰ ਤੇ ਰਾਜਸੀ ਸਮੀਕਰਨ ਬਦਲਣ ਦਾ ਸਿਹਰਾ ਸਾਹਿਬ ਕਾਂਸ਼ੀ ਰਾਮ ਨੂੰ ਹੀ ਜਾਂਦਾ ਹੈ।

ਕਰੋੜਾਂ ਦਲਿਤਾਂ ਸ਼ੋਸ਼ਿਤਾਂ ਤੇ ਪਛੜਿਆਂ ਦਾ ਮਸੀਹਾ, ਗਰੀਬ ਗੁਰਬਿਆਂ ਤੇ ਮਜ਼ਲੂਮਾਂ ਦੀ ਜ਼ੁਬਾਨ, ਸਮਾਜਕ ਕ੍ਰਾਂਤੀ ਦਾ ਮੁਦੱਈ, ਆਰਥਿਕ ਮੁਕਤੀ ਦਾ ਅਲੰਬਰਦਾਰ, ਅਣਗੌਲਿਆਂ ਤੇ ਅਣਹੋਇਆਂ ਦੀ ਕਾਂਇਆਂ ਕਲਪ ਕਰਨ ਦਾ ਤਲਬਗਾਰ, ਸੁਪਨਿਆਂ ਦਾ ਸੁਦਾਗਰ, ਝੁੱਗੀਆਂ ਝੌਂਪੜੀਆਂ ਤੇ ਢਾਰਿਆਂ ਚ ਚਾਨਣ ਬੀਜਣ ਦਾ ਇੱਛਕ ਰੰਗਲਾ ਸੱਜਣ ਕਾਂਸ਼ੀ ਰਾਮ ਆਪਣਾ ਕਾਰਜ ਅੱਧਵਾਟੇ ਛੱਡ ਕੇ ਦਿਲ ਦੀਆਂ ਦਿਲ ਵਿਚ ਲੈਕੇ ਜਿਸਮਾਨੀ ਤੌਰ ਤੇ ਸਦਾ ਲਈ ਅਲੋਪ ਹੋ ਗਿਆ। ਗ਼ਰੀਬਾਂ ਨੂੰ "ਸਰਦਾਰ ਤੇ ਪਾਤਸ਼ਾਹ" ਬਣਾਉਣ ਦਾ ਉਹਨਾਂ ਦਾ ਸੁਪਨਾ ਉਹਨਾਂ ਦੀ ਜ਼ਿੰਦਗੀ ਦੌਰਾਨ ਸਾਕਾਰ ਨਾ ਹੋ ਸਕਿਆ। ਜ਼ਿੰਦਗੀ ਦੇ ਆਖਰੀ ਪੜਾਅ ਤੇ ਅਣਹੋਣੀਆਂ ਨੇ ਉਹਨਾਂ ਨੂੰ ਬੇਬੱਸ ਤੇ ਲਾਚਾਰ ਬਣਾ ਕੇ ਰੱਖ ਦਿੱਤਾ। ਕਰੋੜਾਂ ਦਿਲਾਂ ਦੀ ਧੜਕਨ ਕਾਂਸ਼ੀ ਰਾਮ ਬੇਹਰਕਤ ਹੋ ਕੇ ਰਹਿ ਗਿਆ। ਆਪਣੀ ਬੱਬਰ ਗਰਜ ਨਾਲ ਵਿਰੋਧੀਆਂ ਤੇ ਦੁਸ਼ਮਣਾਂ ਨੂੰ ਕੰਬਣੀ ਛੇੜ ਦੇਣ ਵਾ.ਲਾ ਬੇਖੌਫ ਤੇ ਨਿੱਡਰ ਆਗੂ ਬੇਬੱਸ, ਬੇਜ਼ੁਬਾਨ, ਲਾਚਾਰ ਤੇ ਮੋਮ ਦਾ ਅਹਿੱਲ ਪੁਤਲਾ ਬਣ ਕੇ ਰਹਿ ਗਿਆ। ਅਣਗੌਲੇ ਵਰਗਾਂ ਨੂੰ ਉਹਨਾਂ ਦੀ ਅਗਵਾਈ ਦੀ ਅਜੇ ਸਖਤ ਲੋੜ ਸੀ।

ਦਲਿਤਾਂ ਪਛੜਿਆਂ ਨੂੰ ਬਰਾਬਰ ਦਾ ਨਾਗਰਿਕ ਬਣਾਉਣ ਲਈ, ਉਹਨਾਂ ਦੀ ਕਾਂਇਆਕਲਪ ਕਰਨ ਲਈ, ਉਹਨਾਂ ਦੇ ਜੀਵਨ ਚ ਪਸਰਿਆ ਹਨੇਰਾ ਦੂਰ ਕਰਨ ਲਈ ਸਾਹਿਬ ਕਾਂਸ਼ੀ ਦੀ ਰਹਿਨੁਮਾਈ ਦੀ ਅਜੇ ਬਹੁਤ ਲੋੜ ਸੀ ਪਰ ਹੋਣੀ ਨੂੰ ਇਹ ਮਨਜ਼ੂਰ ਨਹੀਂ ਸੀ।

ਆਪਣੀ ਵੱਧਦੀ ਉਮਰ ਤੇ ਡਿੱਗਦੀ ਜਾ ਰਹੀ ਸਿਹਤ ਵਾਂਗ ਉਹਨਾਂ ਦੀ ਖੁਰਦੀ ਜਾ ਰਹੀ ਵਿਰਾਸਤ ਪ੍ਰਤੀ ਉਹ ਜ਼ਿੰਦਗੀ ਦੇ ਆਖਰੀ ਪੜਾਅ ਤੇ ਡਾਹਢੇ ਚਿੰਤਿਤ ਸਨ। ਕਰੋੜਾਂ ਬਹੁਜਨਾਂ ਦਾ ਮਸੀਹਾ ਆਪਣੇ ਦਿਲ ਦੀਆਂ ਦਿਲ ਚ ਲੈਕੇ ਸਦਾ ਲਈ ਸ਼ਾਂਤ ਹੋ ਗਿਆ। ਭਾਵੇਂ ਉਹਨਾਂ ਦਾ ਅਫ਼ਸੋਸਨਾਕ ਜਿਸਮਾਨੀ ਅੰਤ ਹੋ ਗਿਆ ਹੈ ਪਰ ਉਹਨਾਂ ਦੀ ਮਾਨਵੀ ਸੋਚ ਹਮੇਸ਼ਾ ਬਹੁਜਨ ਸਮਾਜ ਲਈ ਰਾਹ ਦਸੇਰਾ ਬਣੀ ਰਹੇਗੀ। ਸਮਾਜਿਕ ਪਰਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਲਈ ਐਨਿਆਂ ਚੋਂ ਕਿਹੜਾ ਸੂਰਮਾ ਉੱਭਰ ਕੇ ਅੱਗੇ ਆਵੇਗਾ ਜਿਹੜਾ ਉਹਨਾਂ ਦੀ ਵਿਰਾਸਤ ਸੰਭਾਲ ਕੇ ਸਹੀ ਦਿਸ਼ਾ ਦੇ ਸਕੇ ਇਸ ਸੁਆਲ ਦਾ ਜੁਆਬ ਅਜੇ ਭਵਿੱਖ ਦੇ ਗੱਰਭ ਵਿੱਚ ਪਿਆ ਹੈ।



## ਧੀ ਦੀ ਇੱਜਤ ਨਾ ਰੋਲੋ

ਬੱਸ ਅੱਡੇ ਖੜ੍ਹ ਕਾਲਜ ਜਾਣ ਦਾ ਧਿਆਨ,
ਉਡੀਕ ਕਰੇ ਧੀ ਅੱਡੇ ਲੋਕਾਂ ਕਰ ਪਰੇਸ਼ਾਨ।
ਜਿਸਮ ਦੀ ਭੁੱਖ ਰੱਖ ਵੇਖ ਕਿੰਝ ਰਹੇ ਘੂਰਦੇ,
ਮਾਵਾਂ ਦੇ ਪੁੱਤ ਹੋ ਕੇ ਆਪਣੀ ਮਾਂ ਨੂੰ ਰਵਾਉਣ।


ਪੜ੍ਹਾਈ ਲਿਖਾਈ ਕਰ ਜਦੋਂ ਘਰ ਆਏ ਧੀ,
ਆਵਾਰਾ ਪਸ਼ੂਆਂ ਦੇ ਵਾਂਗ ਪਿੱਛਾ ਕਰੀ ਜਾਣ।
ਕਿੱਥੋਂ ਧੀ ਆਪਣੀ ਇੱਜਤ ਦਾ ਖਿਆਲ ਰੱਖੇ,
ਜਦੋਂ ਸਮਾਂ ਬਦਲ ਗਿਆ ਹੁਣ ਕੌਣ ਇਨਸਾਨ।

ਅੱਖ ਮਟੱਕਾ ਗੱਭਰੂ ਜਵਾਨ ਰਾਹ ਜਾਂਦੇ ਕਰੇ,
ਧੀ ਦਾ ਸਿਰ ਨੀਵਾਂ ਹੋ ਜਾਂਦਾ ਜਦੋਂ ਸੁਣੇ ਜਵਾਬ।

ਬੇਸ਼ਰਮੀ ਦੀ ਹੱਦ ਉਦੋਂ ਹੋ ਜਾਂਦੀ ਓ ਹੱਥ ਫੜ੍ਹੇ,
ਫਿਰ ਧੀ ਬਚਾਓ ਆਖ ਉੱਥੇ ਕੋਈ ਨਾ ਆਉਣ।

ਧੀ ਬਾਪੂ ਜੀ ਨੂੰ ਪਿਆਰ ਇੱਜਤ ਰਹੀ ਕਰਦੀ,
ਉਹ ਆਪਣੇ ਸਿਰੋਂ ਚੁੰਨੀ ਕਦੇ ਲੱਥ ਨਾ ਪਾਉਣ।
ਜੋ ਸਮਾਜ ਵਿੱਚ ਇਹਨਾਂ ਹੈਵਾਨੀਅਤ ਦੀ ਨੀਤ,
ਧੀ ਬੋਲ ਆਖੇ ਤੁਸੀ ਮਾਵਾਂ ਦੇ ਪੁੱਤ ਹੋ ਜਾਂ ਹੈਵਾਨ।

ਮੇਰੀ ਧੀ ਬੜੀ ਦਲੇਰ ਜੱਗ ਸ਼ੇਰ ਬਾਪੂ ਦੇ ਹੁਲਾਰੇ,
ਧੀ ਡਰ ਡਰੇ ਨਾ ਸਮਾਜ ਦੇ ਹੈਵਾਨ ਨੂੰ ਹਰਾਉਣ।
ਜੁੱਗ ਜੁੱਗ ਜੀਵੇ ਧੀ ਇੰਨਾ ਸਮਾਜ ਤੋਂ ਸਦਾ ਬੱਚ ਕੇ,
ਗੌਰਵ ਸ਼ਬਦਾਂ ਕਹੇ ਧੀ ਇਸ ਜੱਗ ਨੂੰ ਚਮਕਾਉਣ।



ਗੌਰਵ ਧੀਮਾਨ
7626818016

## ਬੇਗਮਪੁਰੇ ਦੇ ਸੁਪਨਸਾਜ਼ ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਜਨਮ ਦਿਹਾੜੇ 'ਤੇ ਵਿਸ਼ੇਸ਼

# ਸ੍ਰੀ ਗੁਰੂ ਰਵਿਦਾਸ ਜੀ ਦਾ ਬੇਗਮਪੁਰਾ ਇਕ ਮਹਾਨ ਫਲਸਫਾ "ਐਸਾ ਚਾਹੂੰ ਰਾਜ ਮੈਂ, ਯਹਾਂ ਮਿਲੇ ਸਭਨ ਕੋ ਅੰਨੁ।।


ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ


**ਸੰਤੋਖ ਸਿੰਘ ਜੱਸੀ**
514-464-8665

ਗੁਰੂ ਰਵਿਦਾਸ ਜੀ ਦਾ ਜਨਮ 1377 ਈਸਵੀ (ਬਿਕਰਮੀ ਸੰਮਤ 1433) ਨੂੰ ਮਾਘ ਮਹੀਨੇ ਦੀ ਪੂਰਨਮਾਸ਼ੀ, ਦਿਨ ਐਤਵਾਰ ਸੀਰ ਗੋਵਰਧਨਪੁਰ, ਬਨਾਰਸ (ਉਤਰ ਪ੍ਰਦੇਸ਼) ਵਿਖੇ ਪਿਤਾ ਸ੍ਰੀ ਸੰਤੋਖ ਦਾਸ ਜੀ ਉਰਫ ਰਘੂ ਜੀ ਦੇ ਗ੍ਰਹਿ ਵਿਖੇ ਮਾਤਾ ਸ੍ਰੀਮਤੀ ਕਲਸਾ ਦੇਵੀ (ਕਰਮ ਦੇਵੀ) ਦੀ ਕੁੱਖੋਂ ਹੋਇਆ। ਗੁਰੂ ਜੀ ਦਾ ਵਿਆਹ ਸ੍ਰੀਮਤੀ ਲੋਨਾ ਦੇਵੀ ਜੀ ਨਾਲ ਹੋਇਆ। ਆਪ ਜੀ ਦੇ ਘਰ ਸ੍ਰੀ ਵਿਜੇ ਦਾਸ ਨਾਮੀ ਪੁੱਤਰ ਪੈਦਾ ਹੋਇਆ। ਗੁਰੂ ਜੀ ਨੂੰ ਭਾਰਤ ਦੇ ਉਤਰੀ ਭਾਗਾਂ ਵਿਚ ਗੁਰੂ ਰਵਿਦਾਸ, ਰੈਦਾਸ, ਰਾਮਦਾਸ, ਰੂਹੀ ਦਾਸ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ।

ਚੌਦਹ ਸੌ ਤੈਂਤੀਸ ਕੀ ਮਾਘ ਸੁਦੀ ਪੰਦਰਾਸ,
ਦੁਖੀਓ ਕੇ ਕਲਿਆਣ ਹਿਤ ਪ੍ਰਗਟੇ ਸ੍ਰੀ ਰਵਿਦਾਸ।।

ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁੱਲ 36 ਮਹਾਂਪੁਰਸ਼ਾਂ ਦੀ ਬਾਣੀ ਦਰਜ ਹੈ। ਉਹਨਾਂ ਵਿਚ ਗੁਰੂ ਰਵਿਦਾਸ ਜੀ ਦੇ 40 ਸ਼ਲੋਕ ਤੇ ਇਕ ਸ਼ਬਦ ਦਰਜ ਹੈ। ਗੁਰੂ ਜੀ ਦੀ ਹੋਰ ਵੀ ਬਹੁਤ ਸਾਰੇ ਸੋਮਿਆਂ ਤੋਂ ਉਪਲਬਧ ਬਾਣੀ ਵੀ ਮਿਲਦੀ ਹੈ, ਜਿਸ ਨੂੰ ਅੰਮ੍ਰਿਤਬਾਣੀ ਗੁਰੂ ਰਵਿਦਾਸ ਜੀ 'ਚ ਅੰਕਿਤ ਕੀਤਾ ਗਿਆ ਹੈ।

ਬੇਗਮਪੁਰਾ ਸਹਰ ਕੋ ਨਾਉ।।
ਦੂਖੁ ਅੰਦੋਹੁ ਨਹੀਂ ਤਿਹਿ ਠਾਉ।

ਐਸਾ ਚਾਹੂੰ ਰਾਜ ਮੈਂ,
ਜਹਾਂ ਮਿਲੇ ਸਭਨ ਕੋ ਅੰਨ।
ਛੋਟ ਬੜੇ ਸਭ ਸਮ ਬਸੈਂ
ਰਵਿਦਾਸ ਰਹੇ ਪ੍ਰਸੰਨ ...

ਗੁਰੂ ਜੀ ਦਾ ਸਮੁੱਚਾ ਫਲਸਫਾ, ਦੁਨੀਆਂ ਦਾ ਮਹਾਨ ਮਾਨਵਵਾਦੀ ਜੀਵਨ ਫਸਲਫਾ ਹੈ। ਉਹਨਾਂ ਦੀ ਬਾਣੀ 'ਚ ਧਾਰਮਿਕ, ਸਮਾਜਿਕ, ਆਰਥਿਕ, ਰਾਜਸੀ ਅਤੇ ਸਭਿਆਚਾਰਕ ਪਹਿਲੂਆਂ ਨੂੰ ਸਮਝਣ ਦੀ ਜਾਂਚ ਸਿਖਾਉਂਦੀ ਹੈ। ਉਹਨਾਂ ਮਨੁੱਖ ਹੱਥੋਂ ਮਨੁੱਖ ਦੀ ਹੋ ਰਹੀ ਲੁੱਟ-ਖਸੁੱਟ, ਨਫਰਤ, ਛੂਆ-ਛਾਤ, ਜਾਤ-ਪਾਤ, ਵਰਣ ਵੰਡ ਨੂੰ ਆਪਣੇ ਗਿਆਨ ਤਰਕ ਅਤੇ ਦਲੀਲਾਂ ਨਾਲ ਭੰਡਿਆ ਹੀ ਨਹੀਂ ਸਗੋਂ ਬਗਾਵਤ ਕੀਤੀ। ਉਹਨਾਂ ਕਿਹਾ ਕਿ ਹਰ ਮਨੁੱਖ ਦਾ ਜਨਮ ਇਕ ਕੁਦਰਤੀ ਪ੍ਰਕਿਰਿਆ ਰਾਹੀਂ ਹੁੰਦਾ ਹੈ ਅਤੇ ਉਸ ਕੋਲ ਅੱਗੇ ਵਧਣ-ਫੁੱਲਣ ਦੇ ਮੌਕੇ ਹੁੰਦੇ ਹਨ। ਭਾਰਤ ਦੇਸ਼ ਜੋ ਕੁਦਰਤੀ ਸਾਧਨਾਂ ਨਾਲ ਭਰਪੂਰ ਹੈ, ਜਿੱਥੇ ਵੰਨ-ਸੁਵੰਨੀਆਂ ਰੁੱਤਾਂ ਆਉਂਦੀਆਂ ਹਨ। ਪਰ ਇੱਥੋਂ ਦੀ ਮਜ਼ਬੂਤ ਸਮਾਜਿਕ ਅਤੇ ਆਰਥਿਕ ਬਰਾਬਰੀ ਵਾਲੀ ਵਿਵਸਥਾ ਨੂੰ ਸ਼ੈਤਾਨ, ਚਲਾਕ, ਲੋਕਾਂ ਨੇ ਆਪਣੇ ਹਿੱਤਾਂ ਲਈ, ਆਪਣੇ ਲਈ ਸਾਰੇ ਹੱਕ ਰਾਖਵੇਂ ਕਰਕੇ, ਬਾਗੀਆਂ ਨੂੰ ਚਾਰ ਵਰਣਾਂ, ਜਾਤਾਂ 'ਚ ਵੰਡ ਕੇ ਗੈਰ ਬਰਾਬਰੀ ਵਾਲੀ ਵਿਵਸਥਾ 'ਚ ਤਬਦੀਲ ਕੀਤਾ। ਜਿਸ ਕਾਰਨ ਸਮੁੱਚਾ ਦੇਸ਼ ਸਦੀਆਂ ਤੱਕ ਲਹੂ-ਲੁਹਾਣ ਚੱਲਿਆ ਆ ਰਿਹਾ ਹੈ। ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਦੀਆਂ ਸਾਂਝਾਂ ਨੂੰ ਪੱਥਰ ਦਿਲਾਂ ਵਰਗੇ ਲੋਕਾਂ ਨੇ ਸਦੀਆਂ ਤੋਂ ਖਲਕਤ ਨੂੰ ਲੀਰਾਂ-ਲੀਰਾਂ ਕਰ ਸੁੱਟਿਆ।

14ਵੀਂ, 15ਵੀਂ ਸਦੀ 'ਚ ਸਤਿਗੁਰੂ ਰਵਿਦਾਸ, ਸਤਿਗੁਰੂ ਕਬੀਰ, ਸਤਿਗੁਰੂ ਨਾਨਕ ਆਦਿ ਮਹਾਂਪੁਰਸ਼ਾਂ ਗੁਰੂਆਂ ਵੱਲ ਇਸ ਅਮਾਨਵੀ ਵਿਤਕਰੇ ਦੇ ਖਿਲਾਫ ਜੋ ਮੁਹਿੰਮ ਆਰੰਭੀ ਗਈ, ਜਿਸ ਨੂੰ ਭਾਰਤੀ ਇਤਿਹਾਸ 'ਚ ਭਗਤੀ ਲਹਿਰ ਕਿਹਾ ਗਿਆ ਹੈ। ਇਹਨਾਂ ਮਹਾਂਪੁਰਸ਼ਾਂ ਦੇ ਆਦਰਸ਼ਾਂ ਦਾ ਸਮਾਜ ਅਤੇ ਬੇਗਮਪੁਰੇ ਵਿਚ ਉਨ੍ਹਾਂ ਸਾਰੇ ਮਨੁੱਖੀ ਅਧਿਕਾਰਾਂ ਦੇ ਸਭ ਨੂੰ ਬਰਾਬਰ ਮਿਲਣ ਦੀ ਗੱਲ ਕੀਤੀ ਗਈ ਹੈ, ਜੋ ਕਈਆਂ ਤੋਂ ਖੋਹ ਲਏ ਗਏ ਸਨ ਤੇ ਬਾਬਾ ਸਾਹਿਬ ਡਾ. ਅੰਬੇਡਕਰ ਨੇ ਵੀ ਇਹੀ ਮਨੁੱਖੀ ਅਧਿਕਾਰ ਹਰ ਇਕ ਲਈ ਅਤਿਅੰਤ ਜ਼ਰੂਰੀ ਮੰਨ ਕੇ ਇਹਨਾਂ ਨੂੰ ਸੰਵਿਧਾਨ ਦੇ ਮੁਢਲੇ ਅਧਿਕਾਰਾਂ 'ਚ ਸ਼ਾਮਲ ਕਰ ਦਿੱਤਾ।

ਇਨਕਲਾਬੀ ਯੋਧੇ ਗੁਰੂ ਜੀ ਨੇ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਊਚ-ਨੀਚ, ਲੁੱਟ-ਖਸੁੱਟ ਨੂੰ ਸਿਰੇ ਤੋਂ ਨਕਾਰਿਆ, ਉਥੇ ਤਰਕ, ਦਲੀਲਾਂ-ਵਿਖਿਆਨਾਂ ਰਾਹੀਂ ਸਮੇਂ ਦੇ ਹਾਕਮਾਂ ਨੂੰ ਆਪਣੇ ਗਿਆਨ-ਵਿਵੇਕ ਨਾਲ ਝੁਕਾਇਆ ਹੀ ਨਹੀਂ, ਸਗੋਂ ਉਹ ਹਾਕਮ ਉਹਨਾਂ ਦੇ ਮੁਰੀਦ ਵੀ ਬਣ ਗਏ। ਇਨਕਲਾਬੀ ਯੋਧੇ ਗੁਰੂ ਰਵਿਦਾਸ ਜੀ ਆਪਣੇ ਸਮੇਂ ਦੇ ਮਹਾਨ ਸੰਤਾਂ 'ਚੋਂ ਇਕ ਸਨ। ਭਾਵੇਂ ਅਖੌਤੀ ਸਮਾਜਿਕ ਵਿਵਸਥਾ 'ਚ ਆਪ ਜੀ ਦਾ ਜਨਮ ਚਮਾਰ ਨਾਮ ਦੀ ਅਛੂਤ ਜਾਤੀ 'ਚ ਹੋਇਆ। ਪਰ ਉਹਨਾਂ ਹੀਣ-ਭਾਵਨਾ ਮਹਿਸੂਸ ਨਹੀਂ ਕੀਤੀ ਸਗੋਂ ਲੋਕਾਂ ਅੰਦਰ ਸਵੈ-ਮਾਣ, ਸਵੈ-ਵਿਸ਼ਵਾਸ ਤੇ ਅਣਖ ਦੇ ਤੀਬਰ ਅਹਿਸਾਸ ਜਗਾਏ।

ਕਹਿ ਰਵਿਦਾਸ ਖਲਾਸ ਚਮਾਰਾ
ਜੋ ਹਮ ਸਹਰੀ ਸੁ ਮੀਤੁ ਹਮਾਰਾ।
ਉਪਜਿਉਂ ਗਿਆਨ ਹੂਆ ਪ੍ਰਗਾਸ।।

ਉਹਨਾਂ ਗੁਲਾਮੀ ਤੇ ਟਿੱਪਣੀ ਕਰਦਿਆਂ ਪਰਮਾਤਮਾ ਕੋਲ ਵੀ ਗਿਲਾ ਸ਼ਿਕਵਾ ਤੇ ਸ਼ਿਕਾਇਤ ਕੀਤੀ ਤੇ ਕਿਹਾ:-

ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ,
ਰਵਿਦਾਸ ਦਾਸ ਪਰਾਧੀਨ ਕੋ ਕੌਨ ਕਰੇ ਹੈ ਪ੍ਰੀਤ।

ਗੁਰੂ ਰਵਿਦਾਸ ਜੀ ਦੀ ਉਸਤਤ ਕਰਦੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਲਿਖਦੇ ਹਨ ਕਿ:

ਕਬੀਰ ਧਿਆਇਓ ਏਕ ਰੰਗ,
ਨਾਮਦੇਵ ਹਰਿ ਜੀਓ ਬਸਹਿ ਸੰਗ।
ਰਵਿਦਾਸ ਧਿਆਏ ਪ੍ਰਭ ਅਨੂਪ।
ਗੁਰੂ ਨਾਨਕ ਦੇਵ ਗੋਬਿੰਦ ਰੂਪ।।

ਗੁਰੂ ਰਾਮ ਦਾਸ ਜੀ ਲਿਖਦੇ ਹਨ ਕਿ:

ਰਵਿਦਾਸ ਚਮਾਰ ਉਸਤਤਿ ਕਰੇ,
ਹਰਿ ਕੀਰਤਿ ਨਿਮਖ ਇਕ ਗਾਇ।
ਪਤਿਤ ਜਾਤ ਉਤਮ ਭਇਆ।
ਚਾਰਿ ਵਰਨ ਪਏ ਪਗਿ ਆਇ।

ਕਬੀਰ ਸਾਹਿਬ ਕਹਿੰਦੇ ਹਨ:
''ਸਾਧਨ ਮੇਂ ਰਵਿਦਾਸ ਸੰਤ ਹੈ ....।।

ਗੁਰਬਾਣੀ ਦੀ ਕੁੰਜੀ ਕਹੇ ਜਾਂਦੇ ਭਾਈ ਗੁਰਦਾਸ, ਗੁਰੂ ਰਵਿਦਾਸ ਜੀ ਬਾਰੇ ਲਿਖਦੇ ਹਨ ਕਿ:

''ਭਗਤ ਭਗਤੁ ਜਗਿ ਵਜਿਆ ਚਹੁੰ ਚਕਾਂ
ਦੇ ਵਿਚਿ ਚਮਿਰੇਟਾ''
ਅਤੇ
ਜਨੁ ਰਵਿਦਾਸੁ ਚਮਾਰੁ ਹੋਇ।
ਚਹੁ ਵਰਨਾ ਵਿਚਿ ਕਰਿ ਵਡਿਆਈ।।

(ਸੰਤ ਮੀਰਾਂ ਬਾਈ)
ਖੋਜਤ ਫਿਰੋਂ ਭੇਦ ਵਾ ਘਰ ਕੋ, ਕੋਈ ਨਾ
ਕਰਤ ਬਖਾਨੀ।
ਰੈਦਾਸ ਸੰਤ ਮਿਲੇ ਮੋਹਿ ਸਤਿਗੁਰ, ਦੀਨਹੀ
ਸੁਰਤ ਸਹਦਾਨੀ।

ਵਿਸ਼ਵ ਗਿਆਨ ਦੇ ਪ੍ਰਤੀਕ, ਭਾਰਤੀ ਸੰਵਿਧਾਨ ਅਤੇ ਆਧੁਨਿਕ ਭਾਰਤ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਜੀ ਨੇ ਆਪਣੀ ਸੰਸਾਰ ਪ੍ਰਸਿੱਧ ਪੁਸਤਕ ''ਅਛੂਤ ਕੌਣ?'' ਗੁਰੂ ਰਵਿਦਾਸ ਜੀ ਨੂੰ ਸਮਰਪਿਤ ਕੀਤੀ। ਬੇਗਮਪੁਰੇ ਵਿਚ ਗੁਰੂ ਜੀ ਨੇ ਸਾਰੇ ਮਨੁੱਖਾਂ ਨੂੰ ਬਰਾਬਰ ਹੱਕ ਮਿਲਣ ਦੀ ਗੱਲ ਕੀਤੀ ਹੈ ਜੋ ਕਈਆਂ ਤੋਂ ਖੋਹ ਲਏ ਸਨ, ਬਾਬਾ ਸਾਹਿਬ ਨੇ ਵੀ ਇਹੀ ਮਨੁੱਖੀ ਅਧਿਕਾਰ ਹਰ ਇਕ ਲਈ ਜ਼ਰੂਰੀ ਮੰਨਕੇ ਇਹਨਾਂ ਨੂੰ ਸੰਵਿਧਨ ਦੇ ਮੁਢਲੇ ਅਧਿਕਾਰਾਂ ਵਿਚ ਸ਼ਾਮਲ ਕਰ ਦਿੱਤਾ। ਜੇ ਇਹਨਾਂ ਅਧਿਕਾਰਾਂ ਨੂੰ ਅੱਜ ਦੇ ਲੋਕ ਰਾਜ ਵਿਚ ਇਮਾਨਦਾਰੀ ਨਾਲ ਲਾਗੂ ਕੀਤਾ ਜਾਵੇ ਤਾਂ ਆਦਰਸ਼ ਸਮਾਜ ਹੋਵੇਗਾ ਤੇ ਆਦਰਸ਼ ਸਮਾਜਵਾਦ ਹੋਵੇਗਾ। ਇਹੀ ਗੁਰੂ ਜੀ ਦਾ ਬੇਗਮਪੁਰਾ ਹੈ। ਜੋ ਬਾਬਾ ਸਾਹਿਬ ਦੇ ਸੰਵਿਧਾਨ ਵਿਚ ਉਲੀਕੇ ਸੰਭਾਲੀ ਲੋਕਤੰਤਰ ਨਾਲ ਮੇਲ ਖਾਂਦਾ ਹੈ।

ਮਨੁੱਖਤਾ ਨੂੰ ਮੰਨਣ, ਸਮਝਣ ਵਾਲਿਓ, ਸਰਬੱਤ ਦੇ ਭਲੇ ਵਾਲਿਓ, ਭਾਈਓ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਵਾਲੇ ਸਾਰੇ ਸਾਡੇ ਮਹਾਂਪੁਰਸ਼ ਹਨ। ਸਭ ਦਾ ਸਾਨੂੰ ਬਰਾਬਰ ਮਾਣ-ਸਨਮਾਨ ਕਰਨਾ ਚਾਹੀਦਾ ਹੈ। ਜਿਸ ਮਹਾਂਪੁਰਸ਼ ਦੇ ਅੰਗ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ, ਉਹ ਸਾਰੇ ਸਾਡੇ ਗੁਰੂ ਹਨ, ਮਹਾਂਪੁਰਸ਼ ਹਨ, ਸੰਤ ਹਨ, ਗੁਰੂ ਪ੍ਰੇਮੀ ਹਨ। ਗੁਰੂ ਰਵਿਦਾਸ ਪ੍ਰਤੀ ਸੌੜੀ, ਨੀਵੀਂ, ਘਟੀਆ, ਸੰਕੀਰਣ ਸੋਚ ਰੱਖਣੀ, ਅਸਲ ਵਿਚ ਇਹ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਦੇ ਬਰਾਬਰਤਾ ਦੇ ਸਿਧਾਂਤ ਦੇ ਖਿਲਾਫ ਹੈ। ਇਹੀ ਉਹ ਸੋਚ ਹੈ ਜਿਸ ਖਿਲਾਫ ਗੁਰੂ ਸਾਹਿਬ ਨੇ ਸਾਨੂੰ ਏਕਤਾ ਦਾ ਪਾਠ ਪੜ੍ਹਾਇਆ ਪਰ ਅਸੀਂ ਜਾਤ ਅਭਿਮਾਨੀ 21ਵੀਂ ਸਦੀ ਦੇ 24ਵੇਂ ਸਾਲ ਵੀ ਉਹੀ ਵਤੀਰਾ ਅਪਣਾ ਰਹੇ ਹਾਂ। ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਤੇ ਸਮੁੱਚੇ ਸਿੱਖ ਇਤਿਹਾਸ ਤੇ ਜ਼ਰਾ ਗੌਰ ਕਰੀਏ 'ਨੀਚਾ ਅੰਦਰ ਨੀਚ ਹੂੰ, ਨੀਚ ਹੂੰ ਅਤਿ ਨੀਚ, ਨਾਨਕ ਤਿਨ ਕੇ ਸੰਗਿ ਸਾਥ ਵਡਿਆਂ ਸਿਉਂ ਕੀ ਰੀਸ।।'

ਇਹੀ ਸੱਚ ਹੈ ਕਿ ਗੁਰੂ ਰਵਿਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਵਜੋਂ ਮਾਨਤਾ ਹੈ ਪਰ ਇਹ ਵੀ ਸੱਚ ਹੈ ਕਿ ਉਹਨਾਂ ਦੀ ਕੌਮ ਉਹਨਾਂ ਨੂੰ ਗੁਰੂ ਮੰਨਦੀ ਹੈ ਤੇ ਰੱਬ ਦਾ ਭਗਤ ਕਹਿੰਦੀ ਹੈ। ਭਾਰਤ ਵਿਚ ਕਰੀਬ 33 ਹਜਾਰ ਅਤੇ ਵਿਦੇਸ਼ਾਂ ਵਿਚ ਕਰੀਬ 1800 ਗੁਰਦੁਆਰਿਆਂ ਅਤੇ ਧਾਰਮਿਕ ਸਥਾਨਾਂ ਵਿਚ ਸਿਰ ਝੁਕਾਉਂਦੇ ਹਨ। ਪੰਜਾਬ ਤੇ ਉਤਰੀ ਭਾਰਤ ਦੇ ਕਰੀਬ 300 ਤੋਂ ਵੱਧ ਡੇਰਿਆਂ 'ਚ ਗੁਰੂ ਗ੍ਰੰਥ ਸਾਹਿਬ ਸਾਹਮਣੇ ਨਤਮਸਤਕ ਹੁੰਦੇ ਹਨ। ਸਿੱਖ ਧਰਮ 7 ਧਰਮਾਂ ਤੋਂ ਸਭ ਤੋਂ ਆਧੁਨਿਕ ਧਰਮ ਹੈ। ਤਰਕ, ਦਲੀਲ, ਸੱਚੇ-ਸੁੱਚੇ ਮਨੁੱਖ ਦੀ ਗੱਲ ਕਰਦਾ ਹੈ।

ਆਪਾ ਵਾਰ ਕੇ ਦੁਨੀਆਂ ਨੂੰ ਜ਼ਿੰਦਗੀ ਜਿਊਣ ਦਾ ਚੱਜ ਅਚਾਰ ਸਿਖਾਉਂਦਾ ਹੈ। ਘਰ ਆਏ ਹਰ ਪ੍ਰਾਣੀ, ਚਾਹੇ ਉਹ ਅਮੀਰ-ਗਰੀਬ, ਪੁਰਸ਼-ਇਸਤਰੀ ਹੋਵੇ ਸਭ ਦਾ ਆਦਰ ਸਤਿਕਾਰ ਅਤੇ ਮਦਦ ਕੀਤੀ ਅਤੇ ਦਿੱਤੀ ਜਾਂਦੀ ਹੈ। ਇਸ ਲਈ ਖਾਲਸਾ, ਖਾਲਸਾ ਪੰਥ ਨਿਆਰਾ ਹੈ। ਜਿੰਨਾ ਸਿੱਖ ਧਰਮ ਪਿਆਰਾ, ਨਿਵੇਕਲਾ ਤੇ ਮਨੁੱਖੀ ਹੱਕਾ ਦਾ ਅਲੰਬਰਦਾਰ ਹੈ, ਜੇਕਰ ਸੱਚਮੁਚ ਅੱਜ ਦੇ ਆਗੂ ਗੁਰੂ ਸਾਹਿਬ ਜੀ ਦੀ ਸੋਚ ਤੇ ਸਹੀ ਢੰਗ ਤਰੀਕੇ ਅਪਣਾ ਕੇ ਕੰਮ ਕਰਨ ਤਾਂ ਧਰਤੀ 'ਤੇ ਸਵਰਗ ਬਣ ਸਕਦਾ ਹੈ।

ਆਓ ਗੁਰੂ ਰਵਿਦਾਸ ਜੀ ਦੇ 647ਵੇਂ ਜਨਮ ਦਿਹਾੜੇ 'ਤੇ ਸਮਾਨਤਾ, ਸੁਤੰਤਰਤਾ, ਆਜ਼ਾਦੀ ਤੇ ਖੁਸ਼ਹਾਲੀ ਦਾ ਰਾਹ ਦਿਖਾਉਂਦੇ ਗੁਰੂ ਜੀ ਨੂੰ ਸਤਿ-ਸਤਿ ਨਮਨ ਕਰੀਏ।

# ਪ੍ਰੇਮ ਕੁਮਾਰ ਸਾਹਿਲ "ਉਤਰਾਖੰਡ ਸਾਹਿਤ ਗੌਰਵ ਸਨਮਾਨ" ਨਾਲ ਸਨਮਾਨਿਤ

ਉਤਰਾਖੰਡ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਵਿੱਚ ਸਾਹਿਤ ਸਿਰਜਣ ਬਦਲੇ ਹਰ ਸਾਲ ਪ੍ਰੋ. ਪੂਰਨ ਸਿੰਘ ਦੇ ਨਾਂ 'ਤੇ "ਉਤਰਾਖੰਡ ਸਾਹਿਤ ਗੌਰਵ ਸਨਮਾਨ" ਦਿੱਤਾ ਜਾਂਦਾ ਹੈ। ਇਸ ਸਨਮਾਨ ਵਿੱਚ ਇੱਕ ਲੱਖ ਰੁਪਏ ਦੀ ਰਾਸ਼ੀ, ਸਨਮਾਨ ਪੱਤਰ, ਸ਼ਾਲ ਅਤੇ ਮੋਮੈਂਟੋ ਸ਼ਾਮਿਲ ਹੁੰਦਾ ਹੈ।ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸ਼੍ਰੀਮਤੀ ਕੋਮਲ ਮਿੱਤਲ ਨੇ ਦੱਸਿਆ ਕਿ ਸਾਡੇ ਹੁਸ਼ਿਆਰਪੁਰ ਵਾਸੀਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਸ ਵਾਰ ਦਾ ਉਤਰਾਖੰਡ ਸਾਹਿਤ ਗੌਰਵ ਸਨਮਾਨ ਹੁਸ਼ਿਆਰਪੁਰ ਦੇ ਪਿੰਡ ਸਕਰੂਲੀ ਦੇ ਵਾਸੀ ਪ੍ਰੇਮ ਕੁਮਾਰ ਸਾਹਿਲ ਦੇ ਹਿੱਸੇ ਆਇਆ ਹੈ।ਜ਼ਿਲ੍ਹਾ ਪ੍ਰਸ਼ਾਸਨ ਇਸ ਸਨਮਾਨ ਲਈ ਪ੍ਰੇਮ ਕੁਮਾਰ ਸਾਹਿਲ ਦੀਆਂ ਲਿਖਤਾਂ ਨੂੰ ਨਤਮਸਤਕ ਹੁੰਦਾ ਹੋਇਆ ਵਧਾਈ ਦਿੰਦਾ ਹੈ।ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਪ੍ਰੇਮ ਕੁਮਾਰ ਸਾਹਿਲ ਦੇਹਰਾਦੂਨ ਵਿਖੇ ਅਧਿਆਪਨ ਦੇ ਖਿੱਤੇ ਨਾਲ ਜੁੜਿਆ ਹੋਇਆ ਬਤੌਰ ਪ੍ਰਿੰਸੀਪਲ ਤਾਂ ਸੇਵਾਮੁਕਤ ਹੋ ਗਿਆ ਹੈ ਪਰ ਬਤੌਰ ਕਾਵਿ ਸਿਰਜਕ ਕਾਰਜਸ਼ੀਲ ਹੈ। ਸਾਹਿਲ ਦੀ ਕਲਮ ਨੇ ਹੁਣ ਤੱਕ ਸੱਤ ਕਾਵਿ ਸੰਗ੍ਰਹਿ ਪੰਜਾਬੀ ਵਿੱਚ, ਚਾਰ ਹਿੰਦੀ ਵਿੱਚ ਅਤੇ ਇੱਕ ਨਾਮਵਰ ਹਿੰਦੀ ਕਵੀ ਲੀਲਾਧਰ ਜਗੂੜੀ ਦੀ ਸਾਹਿਤ ਅਕਾਦਮੀ ਜੇਤੂ ਕਾਵਿ ਪੁਸਤਕ ਦਾ ਪੰਜਾਬੀ ਵਿੱਚ ਅਨੁਵਾਦ ਕੀਤਾ ਹੈ। ਇਨ੍ਹਾਂ ਪੁਸਤਕਾਂ ਤੋਂ ਇਲਾਵਾ ਸਾਹਿਲ ਦੀਆਂ ਕਵਿਤਾਵਾਂ ਪੰਜਾਬੀ ਅਤੇ ਹਿੰਦੀ ਦੇ ਮੈਗਜ਼ੀਨਾਂ ਤੋਂ ਇਲਾਵਾ ਅਖ਼ਬਾਰਾਂ ਵਿੱਚ ਵੀ ਛਪਦੀਆਂ ਰਹਿੰਦੀਆਂ ਹਨ।ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਸਾਹਿਤ ਦੇ ਖੇਤਰ ਵਿੱਚ ਜ਼ਿਲ੍ਹੇ ਦਾ ਨਾਂ ਰੌਸ਼ਨ ਕਰਨ ਬਦਲੇ ਪ੍ਰੇਮ ਕੁਮਾਰ ਸਾਹਿਲ ਨੂੰ ਭਾਸ਼ਾ ਵਿਭਾਗ ਦੇ ਪ੍ਰਮਾਣ ਪੱਤਰ ਅਤੇ ਅੱਠ ਸਦੀਆਂ ਪਹਿਲਾਂ ਲਿਖੀ ਤੇ ਦੁਨੀਆ ਭਰ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਹੋਈ ਸ਼ੇਖ਼ ਸਾਅਦੀ ਦੀ ਪੁਸਤਕ 'ਗੁਲਿਸਤਾਂ ਬੋਸਤਾਂ' ਨਾਲ ਸਨਮਾਨਤ ਕੀਤਾ।ਇਸ ਸਮੇਂ ਸਾਹਿਲ ਦੇ ਛੋਟੇ ਭਰਾਤਾ ਪਰਮਜੀਤ ਸਿੰਘ ਵੀ ਹਾਜ਼ਰ ਸਨ।







ਪ੍ਰੈਸ ਕਲੱਬ ਅੰਮ੍ਰਿਤਸਰ ਦੀਆਂ ਚੋਣਾਂ ਉਮੀਦਵਾਰਾ ਅਤੇ ਸਮਰਥਕਾਂ ਵਿੱਚ ਭਾਰੀ ਜੋਸ਼ ਦੂਜੇ ਦਿਨ 9 ਉਮੀਦਵਾਰਾਂ ਨੇ ਭਰੇ ਨਾਮਜ਼ਦਗੀ ਕਾਗਜ਼, ਕੱਲ ਲਏ ਜਾ ਸਕਦੇ ਹਨ 12 ਵਜੇ ਤੱਕ ਨਾਮ ਵਾਪਿਸ ਕਮੇਟੀ ਮੈਂਬਰਾਂ ਨੇ ਕੁੱਝ ਪੱਤਰਕਾਰਾਂ ਦੀ ਮੰਗ ਉਤੇ ਇਹ ਵੀ ਫੈਸਲਾ ਕੀਤਾ ਕਿ ਜਿਹਨਾ ਪੱਤਰਕਾਰਾਂ ਨੇ ਵੋਟ ਲਈ ਅਪਲਾਈ ਕੀਤਾ ਸੀ ਅਤੇ ਉਹ ਵੋਟਰ ਬਣਨ ਦੀਆਂ ਸ਼ਰਤਾਂ ਵੀ ਪੂਰੀਆਂ ਕਰਦੇ ਹਨ, ਪਰ ਕਿਸੇ ਕਾਰਨ ਉਨਾਂ ਦੀ ਵੋਟ ਨਹੀਂ ਬਣ ਸਕੀ।

**– ਜਸਪਾਲ ਕੁਮਾਰ (ਆਜਾਦ)– ਪ੍ਰੈਸ ਕਲੱਬ ਅੰਮ੍ਰਿਤਸਰ**

ਕਾਂਸ਼ੀ ਰਾਮ ਜੀ ਦੇ ਜਨਮ ਦਿਨ 'ਤੇ

# ਬਹੁਜਨ ਸਮਾਜ ਲਹਿਰ ਦੇ ਪਿਛੋਕੜ ਅਤੇ ਇਸ ਵਿਚ ਪੰਜਾਬੀ ਸਪਤਾਹਿਕ 'ਬਹੁਜਨ ਸੰਦੇਸ਼' ਦਾ ਯੋਗਦਾਨ



**ਫਤਿਹਜੰਗ ਸਿੰਘ**
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

1980ਵਿਆਂ ਵਿਚ ਭਾਰਤ ਦੇ ਸਮਾਜਿਕ ਤੇ ਰਾਜਨੀਤਿਕ ਨਕਸ਼ੇ 'ਤੇ ਡਾ. ਅੰਬੇਡਕਰ ਦੇ ਫਲਸਫੇ ਦੀ ਰੌਸ਼ਨੀ ਵਿਚ ਕਾਂਸ਼ੀ ਰਾਮ ਜੀ ਦੀ ਅਗਵਾਈ ਵਿਚ ਇਕ ਨਵੀਂ ਕ੍ਰਾਂਤੀ ਨੇ ਜਨਮ ਲਿਆ, ਜਿਸਨੂੰ 'ਬਹੁਜਨ ਕ੍ਰਾਂਤੀ' ਦਾ ਨਾਂ ਦਿੱਤਾ ਜਾ ਸਕਦਾ ਹੈ ਕਿਉਂਕਿ ਇਸ ਲਹਿਰ ਨੇ ਦੇਸ਼ ਦੀ ਬਹੁਗਿਣਤੀ ਦੇ ਸੁੱਤੇ ਹੋਏ ਲੋਕਾਂ ਵਿਚ ਇਕ ਹਲਚਲ, ਹਲੂਣਾ ਤੇ ਜਾਗ੍ਰਤੀ ਦਾ ਤਿੱਖਾ ਅਹਿਸਾਸ ਕਰਵਾਇਆ ਸੀ। ਕਾਂਸ਼ੀ ਰਾਮ ਜੀ ਨੇ ਆਪਣੇ ਸਮਾਜ ਦੇ ਪੁਰਖਿਆਂ ਦੇ ਨਾਂ ਅਤੇ ਕੰਮ ਜੋ ਉਹਨਾਂ ਨੇ ਆਪਣੇ-ਆਪਣੇ ਸਮਿਆਂ ਵਿਚ ਇਸ ਦੱਬੇ-ਕੁਚਲੇ ਸਮਾਜ ਲਈ ਕੀਤੇ ਸਨ। ਉਹ ਜਨ-ਜਨ ਤੱਕ ਪਹੁੰਚਾ ਦਿੱਤੇ। ਇਹ ਕਿੱਡੀ ਵਿਡੰਬਨਾ ਹੈ ਕਿ ਇਹਨਾਂ ਪੁਰਖਿਆਂ ਨੂੰ ਇਕ ਲੰਬੇ ਸਮੇਂ ਤੋਂ ਉਹਨਾਂ ਦੇ ਸਮਾਜ ਤੋਂ ਦੂਰ ਰੱਖਿਆ ਗਿਆ ਸੀ। ਪਰ ਇਸ ਸਮਾਜਿਕ ਲਹਿਰ ਨੇ ਇਹਨਾਂ ਪੁਰਖਿਆਂ ਨੂੰ ਬਹੁਜਨ ਸਮਾਜ ਲਈ ਓਪਰਾ ਨਾ ਰਹਿਣ ਦਿੱਤਾ। 'ਬਹੁਜਨ ਲਹਿਰ' ਦੀ ਯੋਜਨਾਬੰਦੀ ਅਤੇ ਪ੍ਰਗਤੀ ਨੇ ਇਕ ਵਾਰੀ ਤਾਂ ਵਿਰੋਧੀ ਖੇਮਿਆਂ ਵਿਚ ਭਾਜੜਾਂ ਪਾ ਦਿੱਤੀਆਂ ਸਨ।

ਬਹੁਜਨ ਸ਼ਬਦ ਭਾਵ ਬਹੁਗਿਣਤੀ ਭਾਵੇਂ ਹੈ ਤਾਂ ਬਹੁਤ ਪੁਰਾਣਾ ਪਰ ਇਸਦੀ ਇੰਝ ਵਿਆਪਕ ਤੌਰ 'ਤੇ ਵਰਤੋਂ ਪਹਿਲਾਂ ਕਦੇ ਨਹੀਂ ਸੀ ਹੋਈ। ਤਥਾਗਤ ਬੁੱਧ ਨੇ ਛੇਵੀਂ ਪੂਰਵ ਇਸਵੀ ਵਿਚ ਅੱਜ ਤੋਂ ਲੱਗਭੱਗ 2500 ਸਾਲ ਪਹਿਲਾਂ 'ਬਹੁਜਨ ਹਿਤਾਇ ਬਹੁਜਨ ਸੁਖਾਇ' ਦੇ ਤੌਰ ਤੇ ਇਸਦੀ ਵਰਤੋਂ ਕੀਤੀ ਸੀ। ਅਰਥਾਤ ਜੋ ਗੱਲ ਬਹੁਗਿਣਤੀ ਲੋਕਾਂ ਦੇ ਹਿੱਤ ਵਿਚ ਹੋਵੇ ਉਹ ਹੀ ਸੁਖਦਾਈ ਹੁੰਦੀ ਹੈ। ਬੁੱਧ ਮੱਤ ਦਾ ਜਨਮ ਹੀ ਇਸ ਕਾਰਨ ਹੋਇਆ ਸੀ ਕਿ ਇਸਤੋਂ ਪਹਿਲਾਂ ਜੋ ਵੀ ਧਰਮ ਹੋਂਦ ਵਿਚ ਸਨ, ਉਹ ਸਮੁੱਚੇ ਜਾਂ ਬਹੁਗਿਣਤੀ ਮਨੁੱਖ ਦੇ ਹਿੱਤ ਦੀ ਗੱਲ ਨਹੀਂ ਸੀ ਕਰਦੇ ਸਗੋਂ ਇਕ ਖਾਸ ਵਰਗ (ਸਵਰਣ) ਉਭਾਰਨ ਅਤੇ ਬਾਕੀਆਂ ਦਾ ਸ਼ੋਸ਼ਣ ਕਰਨ 'ਤੇ ਕੇਂਦਰਿਤ ਹੁੰਦੇ ਸਨ। ਨਤੀਜੇ ਵਜੋਂ ਬਹੁਗਿਣਤੀ ਪੀੜਤ ਰਹਿੰਦੀ ਸੀ। ਆਮ ਲੋਕਾਂ ਵਿਚ ਗਰੀਬੀ, ਦੁਖ-ਦਰਦ, ਲਾਚਾਰੀ, ਤਰ੍ਹਾਂ-ਤਰ੍ਹਾਂ ਦੇ ਵਹਿਮ-ਭਰਮ ਤੇ ਕਰਮਕਾਂਡਾਂ ਦੀ ਭਰਮਾਰ ਸੀ। ਇਹਨਾਂ ਦੇ ਕਾਰਨਾਂ ਦੀ ਡੂੰਘੀ ਖੋਜ ਕਰਕੇ ਹੀ ਸਿਧਾਰਥ ਗੌਤਮ ਨੇ ਬੁੱਧ ਦਾ ਦਰਜਾ ਪਾਇਆ ਅਤੇ ਲੋਕਾਈ ਨੂੰ ਧਰਮਾਂ ਦੀ ਸੰਕੀਰਣਤਾ, ਸੋਸ਼ਣ ਅਤੇ ਫੋਕਟ ਭਰਮਾਂ ਵਹਿਮਾਂ ਤੋਂ ਵੱਡੀ ਰਾਹਤ ਦਿਲਵਾਈ। ਇਹੀ ਕਾਰਨ ਸੀ ਕਿ ਬੁੱਧ ਧਰਮ ਜੰਗਲ ਦੀ ਅੱਗ ਵਾਂਗ ਫੈਲਿਆ। ਅਸ਼ੋਕ ਦੇ ਰਾਜ ਵੇਲੇ ਤਾਂ ਭਾਰਤ ਦਾ ਰਾਜ ਧਰਮ ਹੀ ਬੁੱਧ ਧਰਮ ਬਣ ਗਿਆ। ਅਸ਼ੋਕ ਦੇ ਪੜਪੋਤਰੇ ਬ੍ਰਹਿਦਰਥ ਦਾ ਉਸਦੇ ਸੈਨਾਪਤੀ ਪੁਸ਼ਿਆਮਿੱਤਰ ਵੱਲੋਂ ਕਤਲ ਕਰਕੇ ਰਾਜਪਾਟ ਹਥਿਆ ਲੈਣ ਨਾਲ ਬੁੱਧ ਧਰਮ ਦਾ ਪਤਨ ਸ਼ੁਰੂ ਹੋਇਆ ਅਤੇ ਮਨੂੰ ਸਿਮ੍ਰਿਤੀ ਦਾ ਰਾਜ ਆਇਆ, ਜਿਸਨੇ ਫਿਰ ਤੋਂ ਸਮਾਜ ਨੂੰ ਅੱਗੋ ਵੰਡਣ ਅਤੇ ਇਸ ਵੰਡ ਨੂੰ ਪੱਕਿਆਂ ਕਰਨ ਦਾ ਘਿਨਾਉਣਾ ਕੰਮ ਕੀਤਾ। ਮਨੂੰ ਸਿਮ੍ਰਿਤੀ ਨੇ ਚਾਰ-ਵਰਣ ਵੰਡ ਨੂੰ ਧਰਮ ਤੇ ਰੱਬ ਦੇ ਡੰਡੇ ਦੇ ਜ਼ੋਰ ਨਾਲ ਅਜਿਹਾ ਪੱਕਾ ਕੀਤਾ ਕਿ ਅੱਜ ਤੱਕ ਵੀ ਇਹ ਗੈਰ-ਮਨੁੱਖੀ ਵੰਡ ਸਮਾਜ ਨੂੰ ਲਹੂ-ਲੁਹਾਣ ਕਰ ਰਹੀ ਹੈ। ਹੁਣ ਇਹ ਜਾਤੀ ਦੀ ਅੱਗੋਂ ਵੰਡ ਦਰ ਵੰਡ ਛੇ ਹਜ਼ਾਰ ਤੋਂ ਵੀ ਵੱਧ ਟੁਕੜਿਆਂ ਵਿਚ ਤਕਸੀਮ ਹੋ ਚੁੱਕੀ ਹੈ।

ਅਤੀਤ ਵਿਚ ਇਹ ਵਰਣ/ਜਾਤੀ ਵੰਡ ਸਮਾਜ ਅਤੇ ਦੇਸ਼ ਦੀ ਗਰੀਬੀ, ਕਮਜ਼ੋਰੀ ਅਤੇ ਗੁਲਾਮੀ ਦਾ ਮੁੱਖ ਕਾਰਨ ਰਹੀ ਹੈ। ਵਿਦੇਸ਼ੀ ਹਮਲਾਵਰ ਆਉਂਦੇ ਰਹੇ ਅਤੇ ਆਸਾਨੀ ਨਾਲ ਲੁੱਟ ਕੇ ਚਲੇ ਜਾਂਦੇ ਰਹੇ। ਖੇਤਾਂ, ਖਲਿਆਣਾਂ ਵਿਚ ਕਿਸਾਨ ਅਤੇ ਮਜ਼ਦੂਰ ਲੁੱਟ ਦਾ ਮਾਲ ਲਈ ਜਾਂਦਿਆਂ ਲੁਟੇਰਿਆਂ ਨੂੰ ਖਲੋਤੇ ਬੇਵੱਸ ਵੇਖਦੇ ਰਹੇ ਕਿਉਂਕਿ ਕਸ਼ੱਤਰੀ ਤੋਂ ਬਿਨਾਂ ਹੋਰ ਕਿਸੇ ਕੋਲ ਹਥਿਆਰ ਰੱਖਣ ਜਾਂ ਵਰਤਣ ਦਾ ਅਧਿਕਾਰ ਹੀ ਨਹੀਂ ਸੀ ਹੁੰਦਾ। ਅਸੀਂ ਵਾਰ-ਵਾਰ (ਸੋਮਨਾਥ ਮੰਦਰ 17 ਵਾਰ) ਆਪਣੇ ਧਾਰਮਿਕ ਸਥਾਨ ਲੁਟਵਾਉਂਦੇ ਰਹੇ, ਧੀਆਂ-ਬਹੁਆਂ ਦੀ ਆਬਰੂ ਤਾਰ-ਤਾਰ ਕਰਵਾਉਂਦੇ ਰਹੇ ਪਰ ਇਸ ਭਿਆਨਕ ਬਿਮਾਰੀ ਜਾਤੀ-ਵਿਵਸਥਾ ਨੂੰ ਖਤਮ ਕਰਨ ਵੱਲ ਕੋਈ ਕਦਮ ਨਹੀਂ ਪੁੱਟਿਆ। ਕਿੰਨੇ ਹੀ ਸੰਤ, ਮਹਾਤਮਾ, ਗੁਰੂਆਂ ਅਤੇ ਮਹਾਂਪੁਰਖਾਂ ਨੇ ਇਸ ਵਿਰੁੱਧ ਸਮੇਂ-ਸਮੇਂ ਤੇ ਆਪਣੀ ਆਵਾਜ਼ ਬੁਲੰਦ ਕੀਤੀ ਵੀ ਪਰ ਥੋੜ੍ਹੇ ਸਮੇਂ ਲਈ ਠੱਲ੍ਹ ਪੈਂਦੀ ਤੇ ਫਿਰ ਹੋਰ ਵਧੇਰੇ ਤਾਕਤਵਰ ਰੂਪ ਵਿਚ ਇਹ ਭਿਆਨਕ ਦੈਂਤ ਸਾਹਮਣੇ ਆ ਖਲੋਂਦਾ। ਇਸ ਦੈਂਤ ਦੇ ਦੰਦ ਇੰਨੇ ਤਿੱਖੇ ਹਨ ਕਿ ਵੀਹਵੀਂ ਸਦੀ ਵਿਚ ਆਜ਼ਾਦੀ, ਲੋਕਤੰਤਰ ਅਤੇ ਵਿਗਿਆਨਕ ਯੁੱਗ ਹੋਣ ਉਪਰੰਤ ਵੀ ਇਹ ਖਤਮ ਹੋਣ ਦੀ ਬਜਾਏ ਹੋਰ ਤਿੱਖੇ ਹੁੰਦੇ ਜਾ ਰਹੇ ਹਨ। ਜਦੋਂ ਤੀਕਰ ਇਹ ਜਾਤੀ ਵੰਡ ਸਮਾਪਤ ਨਹੀਂ ਹੁੰਦੀ, ਉਦੋਂ ਤੱਕ ਸਮਾਜ ਤੇ ਦੇਸ਼ ਉਤੇ ਸਭ ਕੁਝ ਦੇ ਹੁੰਦਿਆਂ-ਸੁੰਦਿਆਂ ਖੁਸ਼ਹਾਲ ਤੇ ਅਗਾਂਹ ਵਧੂ ਹੋਣ 'ਤੇ ਸਵਾਲੀਆ ਚਿੰਨ੍ਹ ਲੱਗਿਆ ਰਹੇਗਾ। ਇਹ ਵੱਖਰੀ ਗੱਲ ਹੈ ਕਿ ਇੱਕੜ-ਦੁੱਕੜ ਕੁਝ ਵਿਸ਼ੇਸ਼ ਵਰਗ ਦੇ ਅਮੀਰ ਦੁਨੀਆਂ ਦੇ ਮੁੱਖ ਅਮੀਰਾਂ ਵਿਚ ਸ਼ੁਮਾਰ ਹੋ ਜਾਣ ਪਰ ਸਮੁੱਚਾ ਸਮਾਜ ਪਿਛੜਿਆ, ਅੰਧ-ਵਿਸ਼ਵਾਸੀ, ਗਰੀਬੀ ਅਤੇ ਦਲਿਦਰਤਾ ਵਿਚ ਪਿਸਦਾ ਆਪਣੇ ਦੇਸ਼ ਨੂੰ ਵਿਕਸਿਤ ਦੇਸ਼ਾਂ ਦੀ ਕਤਾਰ ਵਿਚ ਖਿਲਾਰ ਸਕਣ ਦੇ ਸਮਰੱਥ ਨਹੀਂ ਬਣਾ ਸਕੇਗਾ।

ਮਹਾਤਮਾ ਬੁੱਧ ਵੱਲੋਂ ਪੇਸ਼ 'ਬਹੁਜਨ' ਫਲਸਫੇ ਦੇ ਇਤਿਹਾਸ ਦੀਆਂ ਪੈੜਾਂ ਲੱਭਦਿਆਂ ਬਾਬਾ ਸਾਹਿਬ ਡਾ. ਅੰਬੇਡਕਰ ਨੇ ਮਹਾਤਮਾ ਜੋਤੀਬਾ ਫੂਲੇ, ਪੈਰੀਆਰ ਰਾਮਾ-ਸੁਆਮੀ, ਸ਼ਾਹੂ ਜੀ ਮਹਾਰਾਜ, ਨਰਾਇਣਾ ਗੁਰੂ ਵੱਲੋਂ ਕੀਤੇ ਸਮਾਜ ਸੁਧਾਰਕ ਕੰਮਾਂ ਨੂੰ ਮਾਰਗ ਦਰਸ਼ਕ ਬਣਾ ਕੇ ਇਸ ਲਹਿਰ ਦਾ ਆਗਾਜ਼ ਕੀਤਾ। ਇਸ ਲਹਿਰ ਦੇ ਸੰਗਠਨ ਲਈ ਉਹਨਾਂ ਨੇ ਪਹਿਲਾਂ ਹੋ ਚੁੱਕੇ ਸੰਤ, ਗੁਰੂ ਅਤੇ ਮਹਾਂਪੁਰਖ ਚੋਖਾਮੇਲਾ, ਨਾਮਦੇਵ, ਕਬੀਰ, ਰਵਿਦਾਸ ਸਮੇਤ ਸਿੱਖ ਗੁਰੂ ਨਾਨਕ ਆਦਿ ਕਿੰਨੀਆਂ ਹੀ ਧਾਰਮਿਕ ਹਸਤੀਆਂ ਦਾ ਪ੍ਰਭਾਵ ਵੀ ਕਬੂਲਿਆ ਅਤੇ ਉਹਨਾਂ ਦੇ ਸਮੁੱਚੇ ਪ੍ਰਭਾਵ ਨੂੰ ਸਮਰੱਥਾ ਅਨੁਸਾਰ ਭਾਰਤ ਦੇ ਸੰਵਿਧਾਨ ਨਿਰਮਾਣ ਵੇਲੇ ਉਸ ਵਿਚ ਉਤਾਰਨ ਦੇ ਯਤਨ ਵੀ ਕੀਤੇ। ਉਹਨਾਂ ਤੋਂ ਬਾਅਦ ਕਾਂਸ਼ੀ ਰਾਮ ਜੀ ਵੱਲੋਂ ਇਸ ਲਹਿਰ ਨੂੰ ਬੜੇ ਯੋਜਨਾਬੱਧ ਢੰਗ ਨਾਲ ਅਗਾਂਹ ਤੋਰਿਆ ਗਿਆ, ਜਿਸ ਸਦਕਾ ਭਾਰਤ ਦੇ ਸਮਾਜਿਕ ਅਤੇ ਸਿਆਸੀ ਨਕਸ਼ੇ ਤੇ ਮਹੱਤਵਪੂਰਨ ਤਬਦੀਲੀਆਂ ਵੇਖਣ ਨੂੰ ਮਿਲੀਆਂ।

ਕਾਂਸ਼ੀ ਰਾਮ ਉਹਨਾਂ ਨੇ ਸਭ ਤੋਂ ਪਹਿਲਾਂ ਦੇਸ਼ ਭਰ ਦਾ ਭ੍ਰਮਣ ਕਰਕੇ ਬਹੁਜਨ ਸਮਾਜ ਦਾ ਚਿਹਰਾ ਮੁਹਰਾ ਤਿਆਰ ਕੀਤਾ। ਇਸ ਕੰਮ ਲਈ ਸੰਵਿਧਾਨ ਵੱਲੋਂ ਪ੍ਰਮਾਣਿਤ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ ਅਤੇ ਹੋਰ ਪਿਛੜੇ ਵਰਗਾਂ ਦੇ



ਬਹੁਜਨ ਸੰਦੇਸ਼

ਨਾਲ ਨਾਲ ਸਿੱਖ, ਇਸਾਈ ਅਤੇ ਮੁਸਲਮਾਨ ਧਾਰਮਿਕ ਘੱਟ ਗਿਣਤੀਆਂ ਦੇ ਲੱਗਭੱਗ 85-90 ਫੀਸਦੀ ਲੋਕਾਂ ਨੂੰ ਜਾਗ੍ਰਿਤ ਕਰਨ ਦਾ ਬੀੜਾ ਚੁੱਕਿਆ। ਦੇਸ਼ ਦੀ ਪ੍ਰਚੱਲਿਤ ਵਰਣ ਵਿਵਸਥਾ ਨੇ ਇਹਨਾਂ ਵਰਗਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਨੀਤੀਆਂ-ਬਦਲੀਤੀਆਂ ਨਾਲ ਹਰ ਖੇਤਰ ਵਿਚ ਪਿਛਾੜਨ ਦਾ ਕੰਮ ਕੀਤਾ ਸੀ। ਇਹਨਾਂ ਵਰਗਾਂ ਵਿਚੋਂ ਗਾਹੇ-ਬਗਾਹੇ ਇੱਕੜ-ਦੁੱਕੜ ਨੂੰ ਕਿਸੇ ਨਾ ਕਿਸੇ ਲਾਲਚ ਵੱਸ ਨਾਲ ਰੱਖਣ ਲਈ ਉਚੇ ਤੋਂ ਉਚੇ ਅਹੁਦੇ 'ਤੇ ਬਿਰਾਜਮਾਨ ਰੱਖਿਆ ਪਰ ਸਮੁੱਚੇ ਤੌਰ ਤੇ ਇਹ ਵਰਗ ਬੁਰੀ ਤਰ੍ਹਾਂ ਪੱਛੜ ਗਏ।

ਬਹੁਜਨ ਲਹਿਰ ਨੂੰ ਸੰਗਠਿਤ ਕਰਨ ਲਈ ਕਾਂਸ਼ੀ ਰਾਮ ਉਹਨਾਂ ਨੇ ਬਾਬਾ ਸਾਹਿਬ ਦੇ ਪ੍ਰੀਨਿਰਵਾਣ ਦਿਵਸ 6 ਦਸੰਬਰ 1978 ਨੂੰ ਦੇਸ਼ ਪੱਧਰ 'ਤੇ ਇਹਨਾਂ ਪ੍ਰਭਾਵਿਤ ਵਰਗਾਂ ਦਾ ਪਹਿਲਾ ਸੰਗਠਨ 'ਬਾਮਸੇਫ' ਤਿਆਰ ਕਰਕੇ ਲਾਂਚ ਕੀਤਾ। ਇਸ ਵਿਚ ਇਹਨਾਂ ਵਰਗਾਂ ਦੇ ਪੜ੍ਹੇ-ਲਿਖੇ ਅਤੇ ਨੌਕਰੀ ਪੇਸ਼ਾ ਲੋਕ ਸਮਾਜਿਕ ਜਾਗ੍ਰਿਤੀ ਲਈ ਕੰਮ ਕਰਨ ਵਾਸਤੇ ਸੰਗਠਿਤ ਕੀਤੇ ਗਏ। ਬਾਮਸੇਫ ਅੰਗਰੇਜ਼ੀ ਦੇ ਬੀ. ਏ. ਐਮ. ਸੀ. ਈ. ਐਫ. ਅੱਖਰਾਂ ਦਾ ਬਣਾਇਆ ਸ਼ਬਦ ਹੈ, ਜਿਸਦਾ ਪੂਰਾ ਵੇਰਵਾ ਹੈ ਬੇਕਵਰਡ (ਅਰਥਾਤ ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲੇ ਅਤੇ ਹੋਰ ਪੱਛੜੀਆਂ ਜਾਤੀਆਂ) ਐਂਡ ਮਾਇਨਾਰਟੀ (ਅਰਥਾਤ ਸਿੱਖ, ਮੁਸਲਮਾਨ ਤੇ ਇਸਾਈ ਆਦਿ) ਕਮਿਊਨਿਟੀਜ਼ ਇੰਪਲਾਈਜ਼ ਫੈਡਰੇਸ਼ਨ। ਇਹ ਇਕ ਗੈਰ-ਰਾਜਨੀਤਿਕ, ਗੈਰ-ਧਾਰਮਿਕ ਸੰਸਥਾ ਸੀ ਜੋ ਰਜਿਸਟਰਡ ਵੀ ਨਹੀਂ ਸੀ ਕਰਵਾਈ ਗਈ ਪਰ ਇਸਦੇ ਸਾਰੇ ਦੇਸ਼ (ਬਹੁਤਾ ਕਰਕੇ ਮਹਾਂਰਾਸ਼ਟਰ ਅਤੇ ਉਤਰੀ ਭਾਰਤ) ਵਿਚ ਲਗਭਗ ਦੋ ਲੱਖ ਮੈਂਬਰ ਬਣੇ। ਇਹਨਾਂ ਮੈਂਬਰਾਂ ਨੇ ਆਪਣੇ ਪੈਸੇ, ਦਿਮਾਗ ਅਤੇ ਸਮੇਂ ਨੂੰ ਵਿਧੀਵਤ ਸੰਗਠਿਤ ਕਰਕੇ ਇਕ ਜ਼ਬਰਦਸਤ ਲਹਿਰ ਪੈਦਾ ਕਰ ਦਿੱਤੀ, ਜਿਸਨੇ ਇਹਨਾਂ ਵਰਗਾਂ ਵਿਚ ਜਿੱਥੇ ਜਾਗ੍ਰਿਤੀ ਦਾ ਕੰਮ ਕੀਤਾ, ਉਥੇ ਦੇਸ਼ ਭਰ ਦੇ ਦੂਜੇ ਕਾਬਜ਼ ਵਰਗਾਂ ਵਿਚ ਵੀ ਹਲਚਲ ਪੈਦਾ ਕਰ ਦਿੱਤੀ। ਪਰ ਇਹਨਾਂ ਸਮੁੱਚੇ ਵਰਗਾਂ ਦੀਆਂ ਸਮੱਸਿਆਵਾਂ ਇੰਨੀਆਂ ਵਿਆਪਕ ਸਨ ਕਿ ਉਹਨਾਂ ਨਾਲ ਨਜਿੱਠਣ ਲਈ ਇਕ ਵੱਖਰੀ ਸੰਘਰਸ਼ਾਤਮਕ ਜਥੇਬੰਦੀ ਤੋਂ ਬਿਨਾਂ ਉਹਨਾਂ ਦਾ ਹੱਲ ਹੋਣਾ ਸੰਭਵ ਨਹੀਂ ਸੀ। ਬਾਮਸੇਫ ਨੌਕਰੀ ਪੇਸ਼ਾ ਨਾਲ ਸਬੰਧਤ ਸੰਗਠਨ ਹੋਣ ਕਰਕੇ ਉਸ ਲਈ ਸੰਘਰਸ਼ ਕਰਨਾ ਸੰਭਵ ਨਹੀਂ ਸੀ ਇਸ ਲਈ ਕਾਂਸ਼ੀ ਰਾਮ ਜੀ ਵੱਲੋਂ ਠੀਕ ਤਿੰਨ ਸਾਲਾਂ ਮਗਰੋਂ 6 ਦਸੰਬਰ 1981 ਨੂੰ ਡੀ. ਐਸ. ਫੋਰ ਨਾ ਦੀ ਸੰਘਰਸ਼ਆਤਮਕ ਜਥੇਬੰਦੀ ਦਾ ਆਗਾਜ਼ ਕਰ ਦਿੱਤਾ। ਡੀ. ਐਸ. ਫੋਰ ਵੀ ਅੰਗਰੇਜੀ ਦੇ ਅੱਖਰਾਂ ਤੋਂ ਸ਼ੁਰੂ ਹੋਣ ਵਾਲਾ ਸ਼ਬਦ ਹੈ ਅਰਥਾਤ ਦਲਿਤ, ਸ਼ੋਸ਼ਿਤ, ਸਮਾਜ, ਸੰਘਰਸ਼, ਸੰਮਤੀ। ਇਹ ਜਥੇਬੰਦੀ ਧਰਨੇ ਦੇਣੇ, ਜੇਲ੍ਹ ਜਾਣਾ ਤੇ ਹੜਤਾਲਾਂ ਕਰਨ ਵਰਗੀਆਂ ਗਤੀਵਿਧੀਆਂ ਲਈ ਬਣਾਈ ਗਈ ਸੀ। ਇਸ ਜਥੇਬੰਦੀ ਨੇ ਇਨੀ ਮੁਸ਼ਤੇਦੀ ਨਾਲ ਆਪਣਾ ਰੋਲ ਨਿਭਾਇਆ ਕਿ ਨਾਲ ਦੀ ਨਾਲ ਹੀ ਰਾਜਨੀਤਿਕ ਘੋਲ ਦੀ ਵੀ ਮੁਹਾਰਤ ਹਾਸਲ ਕਰ ਲਈ। ਸਿਰਫ ਢਾਈ ਕੁ ਸਾਲ ਦੇ ਅਰਸੇ ਮਗਰੋਂ ਹੀ 14 ਅਪ੍ਰੈਲ 1984 ਨੂੰ ਇਕ ਰਾਜਨੀਤਿਕ ਪਾਰਟੀ 'ਬਹੁਜਨ ਸਮਾਜ ਪਾਰਟੀ' ਦੇਸ਼ ਦੇ ਰਾਜਨੀਤਿਕ ਪਿੜ ਵਿਚ ਦਾਗ ਦਿੱਤੀ। ਲੋਕਾਂ ਵਿਚ 'ਬੇਮਸੇਫ' ਅਤੇ 'ਡੀ. ਐਸ. ਫੋਰ' ਰਾਹੀਂ ਕਾਂਸ਼ੀ ਰਾਮ ਜੀ ਨੇ ਆਪਣਾ ਸਥਾਨ ਬਣਾ ਲਿਆ ਸੀ, ਇਸ ਲਈ ਲੋਕਾਂ ਨੇ ਬਹੁਤ ਜਲਦੀ ਇਸ ਨਵੀਂ ਪਾਰਟੀ ਨੂੰ ਵੀ ਉਹਨਾਂ ਦੀਆਂ ਬਾਕੀ ਜਥੇਬੰਦੀਆਂ ਵਾਂਗ ਭਰਵਾਂ ਹੁੰਗਾਰਾ ਦਿੱਤਾ। ਜਲਦੀ ਹੀ ਇਸ ਦੇਸ਼ ਪੱਧਰ ਦੀ ਤੀਜੇ ਨੰਬਰ ਦੀ ਪਾਰਟੀ ਹੋ ਨਿੱਬੜੀ। ਇਸਦਾ ਸਿਖਰ ਇਹ ਸੀ ਕਿ ਭਾਰਤ ਦੇ ਸਭ ਤੋਂ ਵੱਡੇ ਸੂਬੇ ਉਤਰ ਪ੍ਰਦੇਸ਼ ਦੀ ਇਕ ਦਲਿਤ ਔਰਤ ਕੁਮਾਰੀ ਮਾਇਆਵਤੀ ਚਾਰ ਵਾਰੀ ਮੁੱਖ ਮੰਤਰੀ ਬਣੀ।

ਇਸ ਸਾਰੀ ਕਾਮਯਾਬੀ ਦਾ ਸਿਹਰਾ ਕਾਂਸ਼ੀ ਰਾਮ ਜੀ ਦੀ ਵਿਉਂਤਬੰਦੀ ਅਤੇ ਸਖਤ ਮਿਹਨਤ ਨੂੰ ਜਾਂਦਾ ਹੈ ਜਿਸ ਸਦਕਾ ਲੋਕਾਂ ਨੇ ਬਿਨਾਂ ਕਿਸੇ ਲਾਲਚ ਦੇ ਹੁੰਮ ਹੁੰਮਾ ਕੇ ਉਹਨਾਂ ਦਾ ਸਾਥ ਦਿੱਤਾ। ਇਸ ਵਿਉਂਤਬੰਦੀ ਵਿਚ ਕਾਂਸ਼ੀ ਰਾਮ ਜੀ ਨੇ




ਅਖਬਾਰਾਂ ਨੂੰ ਬਹੁਤ ਮਹੱਤਤਾ ਦਿੱਤੀ। ਉਹਨਾਂ ਦਾ ਮੰਨਣਾ ਸੀ ਕਿ ਜਿੰਨਾ ਕੁ ਵੀ ਕੰਮ ਕਰੋ ਉਸਨੂੰ ਲੋਕਾਂ ਦੀ ਕਚਹਿਰੀ ਵਿਚ ਰੱਖਣ ਲਈ ਅਖਬਾਰਾਂ ਦਾ ਪ੍ਰਬੰਧ ਜ਼ਰੂਰ ਕੀਤਾ ਜਾਵੇ, ਭਾਵੇਂ ਇਹ ਮਾਸਿਕ, ਪੰਦਰਵਾੜਾ ਜਾਂ ਸਪਤਾਹਿਕ ਕੋਈ ਵੀ ਹੋਵੇ। ਬਾਬਾ ਸਾਹਿਬ ਡਾ. ਅੰਬੇਡਕਰ ਵੀ ਸਮੇਂ-ਸਮੇਂ ਤੇ ਅਖਬਾਰਾਂ ਕੱਢਣ ਨੂੰ ਮਾਨਤਾ ਦਿੰਦੇ ਰਹੇ ਸਨ। ਉਹਨਾਂ ਦਾ ਵੀ ਇਹੀ ਮੰਨਣਾ ਸੀ ਕਿ ਪ੍ਰਚੱਲਿਤ ਮੀਡੀਆ ਕਿਉਂਕਿ ਇਕ ਵਰਗ ਵਿਸ਼ੇਸ਼ ਦੀ ਮਲਕੀਅਤ ਹੈ ਅਤੇ ਉਸਦੇ ਹਿੱਤ ਆਪਣੇ ਵਰਗ ਨਾਲ ਜੁੜੇ ਹੋਣ ਕਾਰਨ ਉਹ ਬਹੁਜਨ ਸਮਾਜ ਦੇ ਹਿੱਤ ਦੀ ਗੱਲ ਨਹੀਂ ਕਰਨਗੇ। ਇਸ ਗੱਲ ਦੀ ਲੋਕਾਂ ਨੂੰ ਸਮਝ ਪਈ ਤਾਂ ਉਹਨਾਂ ਦਾ ਵਿਸ਼ਵਾਸ ਬਹੁਜਨ ਦੀਆਂ ਅਖਬਾਰਾਂ ਵਿਚ ਬਣਨਾ ਸ਼ੁਰੂ ਹੋ ਗਿਆ, ਭਾਵੇਂ ਇਹ ਦੂਜਿਆਂ ਦੇ ਮੁਕਾਬਲੇ ਵਿਚ ਬਹੁਤ ਉਚੇ ਪੱਧਰ ਦੀਆਂ ਵੀ ਨਹੀਂ ਸਨ। ਇਕ ਸਮੇਂ ਤੇ ਭਾਰਤ ਦੀ ਗੱਲ ਨਹੀਂ ਕਰਨਗੇ। ਇਸ ਗੱਲ ਦੀ ਲੋਕਾਂ ਨੂੰ ਸਮਝ ਪਈ ਤਾਂ ਉਹਨਾਂ ਦਾ ਵਿਸ਼ਵਾਸ ਬਹੁਜਨ ਦੀਆਂ ਅਖਬਾਰਾਂ ਵਿਚ ਬਣਨਾ ਸ਼ੁਰੂ ਹੋ ਗਿਆ ਭਾਵੇਂ ਇਹ ਦੂਜਿਆਂ ਦੇ ਮੁਕਾਬਲੇ ਵਿਚ ਬਹੁਤ ਉਚੇ ਪੱਧਰ ਦੀਆਂ ਵੀ ਨਹੀਂ ਸਨ। ਇਕ ਸਮੇਂ ਤੇ ਭਾਰਤ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਸਪਤਾਹਿਕ ਪੇਪਰ ਨਿਕਲਣ ਲੱਗ ਪਏ ਸਨ। ਅੰਗਰੇਜ਼ੀ ਅਤੇ ਹਿੰਦੀ ਵਿਚ ਤਾਂ 'ਬਹੁਜਨ ਟਾਈਮਜ਼' ਰੋਜ਼ਾਨਾ ਪੇਪਰ ਵੀ ਸੀਮਤ ਸਮੇਂ ਤੱਕ ਚਲਦੇ ਰਹੇ। ਦਿੱਲੀ ਤੋਂ ਅੰਗਰੇਜ਼ੀ ਮਾਸਿਕ ਦਾ 'ਔਪਰੈਸਡ ਇੰਡੀਅਨ', ਹਿੰਦੀ ਦਾ ਸਪਤਾਹਿਕ 'ਬਹੁਜਨ ਮਾਸਿਕ ਬਾਮਸੇਫ ਬੁਲਿਟਨ (ਅੰਗਰੇਜ਼ੀ), ਮਾਸਿਕ ਅਨਟਚਏਬਲ (ਅੰਗਰੇਜ਼ੀ), ਸਪਤਾਹਿਕ ਬਹੁਜਨ ਨਾਇਕ ਸੰਗਠਕ (ਮਰਾਠੀ) ਬੜੀ ਵੱਡੀ ਗਿਣਤੀ ਵਿਚ ਬੜੀ ਕਾਮਯਾਬੀ ਨਾਲ ਚਲਦੇ ਰਹੇ। ਸਪਤਾਹਿਕ ਬਹੁਜਨ ਏਕਤਾ (ਗੁਜਰਾਤੀ), ਮਾਸਿਕ ਆਰਥਿਕ ਉਥਾਨ (ਅੰਗਰੇਜ਼ੀ), ਆਰਥਿਕ ਉਥਾਨ (ਹਿੰਦੀ) ਪੇਪਰਾਂ ਵਿਚ ਖਬਰਾਂ ਦੇ ਨਾਲ ਨਾਲ ਬਹੁਜਨ ਦਾ ਇਤਿਹਾਸ, ਸਭਿਅਤਾ ਅਤੇ ਸਮਾਜਿਕ ਗਿਆਨ ਭਰਪੂਰ ਮਾਤਰਾ ਵਿਚ ਹੁੰਦਾ ਸੀ, ਜਿਸਨੂੰ ਲੋਕੀ ਬਹੁਤ ਚਾਅ ਨਾਲ ਪੜ੍ਹਦੇ। ਇੰਝ ਜਾਪਦਾ ਸੀ ਕਿ ਹੁਣ ਉਹਨਾਂ ਨੂੰ ਹੋਰ ਦੂਜੇ ਪੇਪਰਾਂ ਦੀ ਜ਼ਰੂਰਤ ਹੀ ਨਹੀਂ ਰਹੀ।

ਦਿੱਲੀ ਤੋਂ ਅੰਗਰੇਜ਼ੀ ਦਾ ਮਾਸਿਕ 'ਔਪਰੈਸਡ ਇੰਡੀਅਨ', ਹਿੰਦੀ ਦਾ ਸਪਤਾਹਿਕ 'ਬਹੁਜਨ ਸੰਗਠਕ', ਮਾਸਿਕ ਬਾਮਸੇਫ ਬੁਲਿਟਨ (ਅੰਗਰੇਜ਼ੀ), ਮਾਸਿਕ ਅਨਟਚਏਬਲ (ਅੰਗਰੇਜ਼ੀ), ਸਪਤਾਹਿਕ ਬਹੁਜਨ ਨਾਇਕ (ਮਰਾਠੀ), ਸਪਤਾਹਿਕ ਬਹੁਜਨ ਏਕਤਾ (ਗੁਜਰਾਤੀ), ਮਾਸਿਕ ਆਰਥਿਕ ਉਥਾਨ (ਅੰਗਰੇਜ਼ੀ), ਆਰਥਿਕ ਉਥਾਨ (ਹਿੰਦੀ) ਬੜੀ ਵੱਡੀ ਗਿਣਤੀ ਵਿਚ ਬੜੀ ਕਾਮਯਾਬੀ ਨਾਲ ਚਲਦੇ ਰਹੇ। ਸਪਤਾਹਿਕ ਪੇਪਰਾਂ ਵਿਚ ਖਬਰਾਂ ਦੇ ਨਾਲ ਨਾਲ ਬਹੁਜਨ ਦਾ ਇਤਿਹਾਸ .. ਇਸੇ ਲੜੀ ਵਿਚ ਚੰਡੀਗੜ੍ਹ ਤੋਂ ਪੰਜਾਬੀ ਵਿਚ 'ਬਹੁਜਨ ਸੰਦੇਸ਼' ਸਪਤਾਹਿਕ ਨਿਕਲਦਾ ਰਿਹਾ ਹੈ। ਇਸ ਪੇਪਰ ਨੇ ਲਗਭਗ ਇਕ ਦਹਾਕਾ ਬਹੁਜਨ ਸਮਾਜ ਦੀ ਅਗਵਾਈ ਦਾ ਕੰਮ ਬਾਖੂਬੀ ਨਿਭਾਇਆ। ਇਸਦੀ ਵਿਸ਼ਵਾਸਪਾਤਰਤਾ ਵਿਚ ਲਗਾਤਾਰ ਵਾਧਾ ਹੁੰਦਾ ਰਿਹਾ ਹੈ ਤੇ ਇਸਦੀ ਗਿਣਤੀ ਛਾਲਾਂ ਮਾਰਦੀ ਵਧਦੀ ਗਈ। ਇਕ ਮੁਕਾਮ 'ਤੇ ਆ ਕੇ ਇਸਦੀ ਗਿਣਤੀ ਦਸ ਹਜ਼ਾਰ ਉਤੇ ਸਥਿਰ ਰੱਖਣੀ ਪਈ। ਇਸਦੇ ਕਈ ਕਾਰਨ ਸਨ। ਪਹਿਲਾਂ ਤਾਂ ਇਹ ਕਿ ਲਹਿਰ ਦਾ ਮਕਸਦ ਅਖਬਾਰ ਹੀ ਚਲਾਉਣਾ ਨਹੀਂ ਸੀ ਸਗੋਂ ਲਹਿਰ ਨੂੰ ਅੱਗੇ ਵਧਣ ਵਿਚ ਅਖਬਾਰ ਦੀ ਮਦਦ ਦੀ ਲੋੜ ਸੀ। ਲਹਿਰ ਨਾਲ ਸਬੰਧਤ ਗਤੀਵਿਧੀਆਂ ਅਤੇ ਲੋੜੀਂਦਾ ਹੋਰ ਮੈਟਰ ਲੋਕਾਂ ਨਾਲ ਸਾਂਝਾ ਹੁੰਦਾ ਰਹੇ ਇੰਨਾ ਕਾਫੀ ਸੀ। ਨਿਰਾ ਅਖਬਾਰ ਚਲਾਉਣ ਵਿਚ ਜੋ ਮਨੁੱਖੀ ਸ਼ਕਤੀ ਇਸਤੇਮਾਲ ਹੁੰਦਾ ਸੀ ਉਸਦੀ ਹਾਲੇ ਹੋਰ ਪਾਸੇ ਬਹੁਤੀ ਲੋੜ ਸੀ। ਤੀਜੇ ਉਹਨਾਂ ਦਿਨਾਂ ਵਿਚ ਪ੍ਰੈਸ ਵੀ ਬਹੁਤੀਆਂ ਉਨਤ ਨਹੀਂ ਸਨ। ਅਖਬਾਰ ਦੀ ਐਡੀਟਿੰਗ, ਪਰੂਫ ਪੜ੍ਹਨ ਤੋਂ ਇਲਾਵਾ ਫੋਲਡਿੰਗ, ਟਿਕਟਾਂ ਲਾਉਣੀਆਂ, ਐਡਰੈਸ ਲਿਖਣੇ, ਡਾਕ ਵਿਚ ਪਾਉਣੇ, ਬੰਡਲ ਬਣਾਉਣੇ ਤੇ ਹੋਰ ਸਾਧਨਾਂ ਰਾਹੀਂ ਫੀਲਡ ਵਿਚ ਭੇਜਣੇ ਆਦਿ ਬਹੁਤ ਕੰਮ ਹੋ ਜਾਂਦਾ ਸੀ। ਦਫਤਰ ਵਿਚ ਮੇਰੇ ਤੋਂ ਇਲਾਵਾ ਸਰਵ ਸ੍ਰੀ ਤਜਿੰਦਰ ਸਿੰਘ ਝੱਲੀ, ਅੰਮ੍ਰਿਤ ਲਾਲ ਗੰਗੜ, ਰਾਜਾ ਰਾਮ ਸਿਆਣ, ਜਰਨੈਲ ਸਿੰਘ ਖੋਖਰ, ਹਰੀ ਕ੍ਰਿਸ਼ਨ ਸੈਂਪਲਾ, ਭਗਤ ਰਾਮ ਵਿਰਦੀ, ਜੀਵਨ ਸਿੰਘ, ਪਾਲਾ ਰਾਮ, ਤਰਸੇਮ ਲਾਲ, ਅਜਾਇਬ ਸਿੰਘ ਮਹਿਮੀ, ਤਰਸੇਮ ਬੈਂਸ, ਐਲ. ਡੀ. ਪੰਛੀ, ਭੁਪਿੰਦਰ ਸਿੰਘ ਆਦਿ ਦਾ ਗਰੁੱਪ ਸੀ। ਇਹਨਾਂ ਵਿਚੋਂ ਹੀ ਸਮੇਂ ਸਿਰ ਲੇਖਕ, ਕਵੀ ਪੈਦਾ ਹੋ ਜਾਂਦੇ ਸਨ, ਇਹਨਾਂ ਵਿਚੋਂ ਹੀ ਦਾਨੀ ਸੱਜਣ ਮਿੱਤਰ ਆਉਂਦੇ ਸਨ, ਇਹ ਹੀ ਐਡੀਟਰ, ਪਰੂਫ ਰੀਡਰ, ਸਰਕੁਲੇਸ਼ਨ ਮੈਨੇਜਰ ਤੇ ਡਾਕ ਬਾਬੂ ਸਨ, ਇਹੀ ਕੈਡਰ ਕੈਂਪਾਂ ਦੇ ਗੁਰੂ ਸਨ, ਇਹੀ ਬਾਮਸੇਫ ਵੱਲੋਂ ਬਣਾਈ ਕਰਿਆਨੇ ਦੀ ਦੁਕਾਨ ਵੀ ਚਲਾਉਂਦੇ ਸਨ। ਕੈਡਰ ਕੈਂਪ ਦਾ ਕੰਮ ਤਜਿੰਦਰ ਸਿੰਘ ਝੱਲੀ, ਅੰਮ੍ਰਿਤ ਲਾਲ ਅਤੇ ਰਾਜਾ ਰਾਮ ਸਿਆਣ ਵੱਲੋਂ ਕੀਤਾ ਜਾਂਦਾ ਸੀ। ਸ਼ੁੱਕਰਵਾਰ ਅਖਬਾਰ ਛਾਪ ਕੇ ਦਫਤਰ (ਮਕਾਨ ਨੰ: 1069, ਸੈਕਟਰ 21) ਪਹੁੰਚ ਜਾਂਦਾ ਤੇ ਗਰੁੱਪ ਮੈਂਬਰ ਸ਼ਨਿਚਰਵਾਰ ਤੇ ਐਤਵਾਰ ਲਗਾ ਕੇ ਸਾਰਾ ਕੰਮ ਨਿਬੇੜ ਲੈਂਦੇ ਅਤੇ ਸੋਮਵਾਰ ਡਾਕਖਾਨੇ ਪਹੁੰਚਾ ਆਉਂਦੇ। ਇਹਨਾਂ ਦੋ ਦਿਨਾਂ ਵਿਚ ਖੂਬ ਰੌਣਕ ਲਗਦੀ। ਬਾਮਸੇਫ ਯੂਨਿਟ ਪਿੰਜੌਰ (ਹਰਿਆਣਾ) ਅਤੇ ਪੀ. ਜੀ. ਆਈ ਯੂਨਿਟ ਚੰਡੀਗੜ੍ਹ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ। ਦਫਤਰ ਅਤੇ ਪੰਜਾਬ ਰਾਜ ਸਮੇਤ ਉਤਰੀ ਭਾਰਤ ਦੇ ਇੰਚਾਰਜ ਅਤੇ ਪੇਪਰ ਸਮੇਤ ਕੁੱਲ ਜ਼ਿੰਮੇਵਾਰੀ ਸ. ਤਜਿੰਦਰ ਸਿੰਘ ਦੀ ਸੀ। ਉਹ ਦਿੱਲੀ ਕੇਂਦਰ ਅਤੇ ਪੰਜਾਬ ਵਿਚਕਾਰ ਕੋਆਰਡੀਨੇਟਰ ਵੀ ਸਨ।

'ਬਹੁਜਨ ਸੰਦੇਸ਼'ਦਾ 9 ਨਵੰਬਰ 1980 ਨੂੰ ਪੰਚਾਇਤ ਭਵਨ ਸੈਕਟਰ-18 ਚੰਡੀਗੜ੍ਹ ਵਿਚ ਇਕ ਪ੍ਰਭਾਵਸ਼ਾਲੀ ਸਮਾਗਮ ਵਿਚ ਉਦਘਾਟਨ ਕੀਤਾ ਗਿਆ ਸੀ। ਕਾਂਸ਼ੀ ਰਾਮ ਜੀ ਆਪ ਵੀ ਉਸ ਦਿਨ ਹਾਜ਼ਰ ਸਨ। ਉਹ ਹੀ ਇਸ ਪੇਪਰ ਦੇ ਐਡੀਟਰ, ਪ੍ਰਕਾਸ਼ਕ ਅਤੇ ਮਾਲਕ ਸਨ। ਇਸਦੀ ਛਪਾਈ ਭਾਟੀਆ ਪ੍ਰਿੰਟਿੰਗ ਪ੍ਰੈਸ ਸੈਕਟਰ-21 ਤੋਂ ਸ਼ੁਰੂ ਕੀਤੀ ਗਈ ਅਤੇ ਅਖੀਰ ਤੱਕ ਉਥੋਂ ਹੀ ਛਪਦਾ ਰਿਹਾ। ਇਸਦਾ ਮਾਲਕ ਇਕ ਸ਼ਰੀਫ ਅਤੇ ਮਿਹਨਤੀ ਇਨਸਾਨ ਸੀ ਜੋ ਨਿਰਾ-ਪੁਰਾ ਸਿੱਖੀ ਨੂੰ ਪ੍ਰਨਾਇਆ ਹੋਇਆ ਸੀ। ਅਖਬਾਰ ਵਿਚੋਂ ਸਿੱਖੀ ਬਾਰੇ ਮੈਟਰ ਪੜ੍ਹ ਕੇ ਉਹ ਬੜੇ ਖੁਸ਼ ਹੁੰਦੇ। ਅਤਿਵਾਦ ਦੇ ਦਿਨਾਂ ਵਿਚ ਕੋਈ ਤਿੱਖੀ ਗੱਲ ਛਾਪਣ ਤੋਂ ਉਹ ਅੜ ਜਾਂਦੇ। ਉਹਨਾਂ ਨੂੰ ਬਥੇਰਾ ਸਮਝਾਉਣ ਦੀ ਕੋਸ਼ਿਸ਼ ਹੁੰਦੀ ਕਿ ਇਸ ਦੇ ਛਾਪਣ ਲਈ ਕਾਂਸ਼ੀ ਰਾਮ ਜੀ ਖੁਦ ਜ਼ਿੰਮੇਵਾਰ ਹਨ, ਤੁਹਾਡੇ ਤੇ ਕੋਈ ਗੱਲ ਨਹੀਂ ਆਵੇਗੀ ਪਰ ਉਹ ਅਕਸਰ ਅੜ ਹੀ ਜਾਂਦੇ। ਕੁੱਲ ਮਿਲਾ ਕੇ ਉਹਨਾਂ ਨਾਲ ਸਬੰਧ ਸੁਖਾਵੇਂ ਹੀ ਰਹੇ।

'ਬਹੁਜਨ ਸੰਦੇਸ਼' ਦਾ ਉਦਘਾਟਨ ਇਕ ਕ੍ਰਿਸਚੀਅਨ ਸਮਾਜ ਸੇਵੀ ਸੁਰਜਨ ਦਾਸ ਗਿੱਲ ਤੋਂ ਕਰਵਾਇਆ ਗਿਆ। ਉਹਨਾਂ ਨੇ ਆਪਣੇ ਉਦਘਾਟਨੀ ਭਾਸ਼ਣ ਵਿਚ ਆਖਿਆ ਕਿ ''ਇਹ ਅਖਬਾਰ ਦੁਖੀ ਅਤੇ ਦਲਿਤ ਲੋਕਾਂ ਦੇ ਖਿਆਲ ਅਤੇ ਭਾਵਨਾਵਾਂ ਪ੍ਰਗਟ ਕਰਨ ਲਈ ਇਕ ਬਹੁਤ ਲੋੜੀਂਦਾ ਕਦਮ ਹੈ।'' ਇਸ ਮੌਕੇ ਤੇ ਸ. ਅਜਾਇਬ ਸਿੰਘ ਮਹਿਮੀ, ਅੰਮ੍ਰਿਤ ਲਾਲ ਗੰਗੜ ਅਤੇ ਦੇਸ ਰਾਜ ਵੱਲੋਂ ਕਵਿਤਾਵਾਂ ਵੀ ਸੁਣਾਈਆਂ ਗਈਆਂ। ਕਾਂਸ਼ੀ ਰਾਮ ਜੀ ਨੇ ਆਪਣੇ ਭਾਸ਼ਣ ਵਿਚ ਦੱਸਿਆ ਕਿ ''ਇਸ ਅਖਬਾਰ ਰਾਹੀਂ ਅਸੀਂ ਆਪਣੇ ਦੁਖੜੇ ਅਤੇ ਉਹਨਾਂ ਦੇ ਸਮਾਧਾਨ ਦੀ ਵਿਥਿਆ ਆਮ ਜਨਤਾ ਤੱਕ ਪਹੁੰਚਾ ਸਕਾਂਗੇ।'' ਅਖਬਾਰ ਦੀ ਪਹਿਲੀ ਕਾਪੀ ਕਾਂਸ਼ੀ ਰਾਮ ਜੀ ਵੱਲੋਂ ਮਹਾਂਰਾਸ਼ਟਰ ਦੇ ਇਕ ਸਮਾਜਿਕ ਕਾਰਕੁੰਨ ਐਸ. ਐਲ. ਯੋਗਦੰਡੇ ਨੂੰ ਭੇਂਟ ਕੀਤੀ ਜੋ ਉਹਨਾਂ ਨੇ ਬੜੇ ਪਿਆਰ ਅਤੇ ਸਤਿਕਾਰ ਨਾਲ ਕਬੂਲ ਕੀਤੀ। ਉਹਨਾਂ ਨੇ ਆਖਿਆ, "ਭਾਵੇਂ ਮੈਨੂੰ ਪੰਜਾਬੀ ਨਹੀਂ ਆਉਂਦੀ ਪਰ ਮੈਂ ਪੰਜਾਬੀ ਭਰਾਵਾਂ ਰਾਹੀਂ ਪੜ੍ਹ ਕੇ ਪੰਜਾਬ ਦੇ

**(ਬਾਕੀ ਅਗਲੇ ਸਫੇ 'ਤੇ)**

# ਬਹੁਜਨ ਸਮਾਜ ਲਹਿਰ ਦੇ ਪਿਛੋਕੜ ਅਤੇ ਇਸ ਵਿਚ ਪੰਜਾਬੀ ਸਪਤਾਹਿਕ 'ਬਹੁਜਨ ਸੰਦੇਸ਼' ਦਾ ਯੋਗਦਾਨ

(ਸਫਾ 26 ਦੀ ਬਾਕੀ)

ਹਾਲਾਤ ਅਤੇ ਗਤੀਵਿਧੀਆਂ ਜਾਣਦਾ ਰਹਾਂਗਾ। ਮੈਂ ਅੱਜ ਤੋਂ ਇਸ ਪੇਪਰ ਦਾ ਲਾਈਫ ਮੈਂਬਰ ਬਣ ਰਿਹਾ ਹਾਂ ਅਤੇ ਇਸਦੀ ਪ੍ਰਗਤੀ ਲਈ ਕਾਮਨਾ ਕਰਦਾ ਹਾਂ।'' ਅਖਬਾਰ ਦੀ ਦੂਜੀ ਕਾਪੀ ਇਕ ਮੁਸਲਮਾਨ ਸਾਥੀ ਐਫ. ਯੂ. ਖਾਨ ਨੂੰ ਭੇਂਟ ਕੀਤੀ ਗਈ ਜੋ ਉਹਨਾਂ ਵੱਲੋਂ ਵੀ ਬੜੇ ਸਤਿਕਾਰ ਸਹਿਤ ਸਵੀਕਾਰ ਕੀਤੀ ਗਈ। ਔਰਤਾਂ ਦੀ ਤਰਫੋਂ ਪਹਿਲੀ ਕਾਪੀ ਮੇਰੀ ਪਤਨੀ ਸ੍ਰੀਮਤੀ ਤਰ-ਲੋਚਨ ਕੌਰ ਨੂੰ ਭੇਂਟ ਕੀਤੀ ਗਈ। ਇਸ ਤੋਂ ਬਾਅਦ ਹੋਰ ਵੀ ਬਹੁਤ ਸਾਰਿਆਂ ਨੇ ਕਾਂਸ਼ੀ ਰਾਮ ਜੀ ਵੱਲੋਂ ਭੇਂਟ ਕੀਤੀ ਕਾਪੀ ਪ੍ਰਾਪਤ ਕੀਤੀ ਅਤੇ ਨਾਲ ਹੀ ਪੰਜ ਰੁਪਏ ਪ੍ਰਤੀ ਕਾਪੀ ਸਹਾਇਤਾ ਰਾਸ਼ੀ ਵਜੋਂ ਕਾਂਸ਼ੀ ਰਾਮ ਜੀ ਨੂੰ ਭੇਂਟ ਕੀਤੀ। ਪੇਪਰ ਦੀ ਕੀਮਤ ਸਿਰਫ ਪੰਜਾਹ ਪੈਸੇ ਰੱਖੀ ਗਈ ਸੀ।

'ਬਹੁਜਨ ਸੰਦੇਸ਼' ਦੀ ਐਡੀਟਿੰਗ ਦਾ ਕੰਮ ਪਹਿਲਾਂ ਅਜਾਇਬ ਸਿੰਘ ਮਹਿਮੀ ਨੂੰ ਦਿੱਤਾ ਗਿਆ ਸੀ, ਫਿਰ ਜਲਦੀ ਹੀ ਇਸ ਕੰਮ ਦੀ ਜ਼ਿੰਮੇਵਾਰੀ ਮੈਨੂੰ ਸੌਂਪ ਦਿੱਤੀ ਗਈ। ਹੋਇਆ ਇੰਝ ਕਿ ਕਾਂਸ਼ੀ ਰਾਮ ਜੀ ਇਕ ਵਾਰੀ ਮੈਨੂੰ ਪੁੱਛਣ ਲੱਗੇ ਕਿ ''ਪੇਪਰ ਦਾ ਕੰਮ ਕਿਵੇਂ ਚੱਲ ਰਿਹਾ ਹੈ? ਮੈਨੂੰ ਤਾਂ ਪੰਜਾਬੀ ਪੜ੍ਹਨੀ ਨਹੀਂ ਆਉਂਦੀ, ਮੈਟਰ ਵਗੈਰਾ ਕਿਵੇਂ ਹੈ?'' ਮੈਂ ਕਿਹਾ ਕਿ ''ਮੈਟਰ ਕਈ ਵਾਰੀ ਸਾਡੀ ਲਹਿਰ ਦੇ ਅਨੁਕੂਲ ਨਹੀਂ ਹੁੰਦਾ ਜਿਸਦੀ ਮੈਂ ਇਕ ਦੋ ਉਦਾਹਰਣਾਂ ਵੀ ਦੇ ਦਿੱਤੀਆਂ। ਮੈਂ ਇਹ ਵੀ ਕਿਹਾ ਕਿ ਅਸੀਂ ਆਪਣੇ ਪੁਰਖਿਆਂ ਬਾਰੇ ਲਿਖਦਿਆਂ ਕਈ ਵਾਰੀ ਉਹਨਾਂ ਦੀ ਫਿਲਾਸਫੀ ਨਾਲ ਇਨਸਾਫ ਨਹੀਂ ਕਰਦੇ।''

ਇਸਦਾ ਕਾਂਸ਼ੀ ਰਾਮ ਜੀ ਨੇ ਸਖਤ ਨੋਟਿਸ ਲਿਆ ਅਤੇ ਆਖਿਆ ਇਹ ਕੰਮ ਤੁਸੀਂ ਆਪਣੇ ਜ਼ਿੰਮੇ ਲਓ। ਮੈਂ ਕਿਹਾ ਮੈਨੂੰ ਤਾਂ ਇਸ ਤਰ੍ਹਾਂ ਦਾ ਕੋਈ ਤਜਰਬਾ ਨਹੀਂ ਹੈ। ਉਹ ਕਹਿਣ ਲੱਗੇ ਅਸੀਂ ਸਾਰੇ ਹੀ ਜੋ ਕੰਮ ਕਰਨ ਜਾ ਰਹੇ ਹਾਂ, ਇਸਦਾ ਕਿਸੇ ਨੂੰ ਕੋਈ ਤਜਰਬਾ ਨਹੀਂ। ਤੁਸੀਂ ਕੰਮ ਸ਼ੁਰੂ ਕਰੋ ਤਜਰਬਾ ਆਪੇ ਹੋ ਜਾਵੇਗਾ ਤੇ ਬੱਸ ਮੈਂ ਸ਼ੁਰੂ ਕਰ ਦਿੱਤਾ। ਅਖੀਰ ਤੱਕ ਮੇਰਾ ਰਿਸ਼ਤਾ ਫਿਰ 'ਬਹੁਜਨ ਸੰਦੇਸ਼' ਨਾਲ ਬਣਿਆ ਰਿਹਾ। ਮੇਰੀ ਉਸ ਨਾਲ ਇਕ ਭਾਵੁਕ ਜਿਹੀ ਸਾਂਝ ਬਣ ਗਈ ਸੀ। ਇਸਦਾ ਬਾਕੀ ਕੰਮ ਹਰੀ ਕ੍ਰਿਸ਼ਨ ਦੀ ਦੇਖ-ਰੇਖ ਵਿਚ ਹੁੰਦਾ ਸੀ। ਪਰੂਫ ਰੀਡਿੰਗ ਜੀਵਨ ਸਿੰਘ ਕਰਦਾ ਸੀ।

'ਬਹੁਜਨ ਸੰਦੇਸ਼' ਦਾ ਸਾਈਜ਼ ਰੋਜ਼ਾਨਾ ਪੇਪਰ ਦੇ ਅੱਧੇ ਸਫੇ ਜਿੰਨਾ ਰੱਖਿਆ ਗਿਆ ਸੀ ਤੇ ਕੁੱਲ ਅੱਠ ਸਫੇ ਹੁੰਦੇ ਸਨ। ਕਦੇ-ਕਦੇ ਕੋਈ ਵਿਸ਼ੇਸ਼ ਅੰਕ ਕੱਢਦਿਆਂ ਸਫੇ ਵੱਧ ਵੀ ਜਾਂਦੇ ਸਨ। ਚੋਣਾਂ ਦੇ ਦਿਨਾਂ ਵਿਚ ਚਾਰ ਸਫਿਆਂ ਦਾ ਪੇਪਰ ਇਕ ਦਿਨ ਛੱਡ ਕੇ ਵੀ ਛਪਦਾ ਰਿਹਾ। ਪੇਪਰ ਦੀ ਚੜ੍ਹਤ ਅਤੇ ਨਾਲ ਦੀ ਨਾਲ ਲਹਿਰ ਦਾ ਕੰਮ ਪੂਰੇ ਜੋਬਨ 'ਤੇ ਪਹੁੰਚਦਾ ਜਾ ਰਿਹਾ ਸੀ। ਕਾਂਸ਼ੀ ਰਾਮ ਜੀ ਨਾਲ ਲੋਕੀ ਭਾਵੁਕ ਤੌਰ 'ਤੇ ਵੀ ਜੁੜਦੇ ਜਾ ਰਹੇ ਸਨ। ਉਹਨਾਂ ਦਾ ਨਾਂ ਕੁਰਬਾਨੀ ਅਤੇ ਕੰਮ ਲੋਕਾਂ ਦੇ ਰੋਮ ਰੋਮ ਵਿਚ ਵਸਦਾ ਜਾ ਰਿਹਾ ਸੀ। ਜੋ ਵੀ ਉਹਨਾਂ ਬਾਰੇ ਸੁਣਦਾ ਉਹਨਾਂ ਦੀ ਮਿਹਨਤ ਅਤੇ ਕੁਰਬਾਨੀ ਬਾਰੇ ਜਾਣਦਾ ਤਾਂ ਉਹ ਉਹਨਾਂ ਲਈ ਕੁਝ ਨਾ ਕੁਝ ਆਪਣੇ ਵਿੱਤ ਅਨੁਸਾਰ ਕਰਨਾ ਚਾਹੁੰਦਾ ਸੀ। ਇਕ ਵਾਰੀ ਕੀ ਹੋਇਆ ਕਿ ਹਰੀ ਕ੍ਰਿਸ਼ਨ ਜੋ ਸਰਕੁਲੇਸ਼ਨ ਮੈਨੇਜਰ ਸਨ, ਉਹ ਪੇਪਰ ਵੱਡੇ ਥੈਲੇ ਵਿਚ ਪਾ ਕੇ ਸਾਇਕਲ ਤੇ ਰੱਖ ਕੇ ਡਾਕਖਾਨੇ ਲਿਜਾ ਰਹੇ ਸਨ। ਇਕ ਰਿਕਸ਼ੇ ਵਾਲਾ ਜੋ ਅਕਸਰ ਦਫਤਰ ਦੇ ਕੋਲ ਹੀ ਖੜ੍ਹਦਾ ਹੁੰਦਾ ਸੀ, ਉਹ ਪੁੱਛਣ ਲੱਗਾ ਕਿ ''ਬਾਬੂ ਜੀ ਯੇਹ ਪੇਪਰ ਕਾਂਸ਼ੀ ਰਾਮ ਕਾ ਹੈ ਕਿਆ?'' ਉਸਨੂੰ ਕਿਤੋਂ ਪਤਾ ਲੱਗਿਆ ਹੋਵੇਗਾ। ਹਰੀ ਕ੍ਰਿਸ਼ਨ ਦੇ ਹਾਂ ਕਹਿਣ 'ਤੇ ਉਸਨੇ ਆਪਣਾ ਰਿਕਸ਼ਾ ਅੱਗੇ ਕਰਕੇ ਕਿਹਾ ਕਿ ਲਿਆਓ ਫਿਰ ਇਹ ਕੰਮ ਮੈਨੂੰ ਕਰਨ ਦਿਓ। ਉਸਨੇ ਕਿਹਾ ਕਿ ਅੱਗੋਂ ਮੈਂ ਹਰ ਸੋਮਵਾਰ ਆ ਜਾਇਆ ਕਰਾਂਗਾ। ਉਹ ਸਮੇਂ ਸਿਰ ਆ ਜਾਂਦਾ, ਪੇਪਰ ਰਿਕਸ਼ੇ ਤੇ ਲੱਦ ਕੇ ਲੈ ਜਾਂਦਾ ਪਰ ਕਦੇ ਇਕ ਵੀ ਪੈਸਾ ਉਸਨੇ ਨਾ ਲਿਆ।

ਪੇਪਰ ਦਾ ਕੰਮ ਮੇਰੇ ਲਈ ਬਿਲਕੁਲ ਨਵਾਂ ਸੀ। ਕਾਲਜ ਵੇਲੇ ਵੀ ਭਾਵੇਂ ਮੈਂ ਕਾਲਜ ਦੇ ਮੈਗਜ਼ੀਨ ਦਾ ਐਡੀਟਰ ਰਿਹਾ ਸੀ ਪਰ ਦੋਹਾਂ ਵਿਚ ਬਹੁਤ ਫਰਕ ਸੀ। ਅੱਠ ਸਫਿਆਂ ਦਾ ਮੈਟਰ ਤਿਆਰ ਕਰਕੇ ਹਰ ਹਫਤੇ ਛਪਣ ਲਈ ਸਮੇਂ ਸਿਰ ਦੇਣਾ ਬੜਾ ਔਖਾ ਸੀ। ਨੌਕਰੀ ਅਤੇ ਘਰ ਦੀ ਜ਼ਿੰਮੇਵਾਰੀ ਵਿਚੋਂ ਸਮਾਂ ਕੱਢ ਕੇ ਰਾਤੀ ਦੇਰ ਤੱਕ ਬੈਠਣਾ, ਸ਼ਨਿਚਰਵਾਰ ਅਤੇ ਐਤਵਾਰ ਦਿਨੇ ਵੀ ਇਹੀ ਕੰਮ ਕਰਨਾ ਰੂਟੀਨ ਬਣ ਗਿਆ ਸੀ। ਅਸਲ ਵਿਚ ਇਕ ਤਾਂ ਮੈਟਰ ਬਹੁਤ ਘੱਟ ਆਉਂਦਾ ਸੀ, ਦੂਜੇ ਬਹੁਤਾ ਮੈਟਰ ਬੜੀ ਕੱਚੀ ਕਿਸਮ ਦਾ ਹੁੰਦਾ ਸੀ। ਮੇਰੀ ਕੋਸ਼ਿਸ਼ ਹੁੰਦੀ ਸੀ ਕਿ ਮੈਟਰ ਨੂੰ ਕੱਟ ਵੱਢ ਕੇ ਜਾਂ ਸੋਧ ਕੇ ਦੁਬਾਰਾ ਲਿਖ ਕੇ ਛਾਪਣਯੋਗ ਜ਼ਰੂਰ ਬਣਾਇਆ ਜਾਵੇ ਤਾਂ ਜੋ ਲਿਖਣ ਵਾਲੇ ਨੂੰ ਹੌਸਲਾ ਮਿਲੇ ਤੇ ਉਹ ਦੁਬਾਰਾ ਫਿਰ ਲਿਖ ਕੇ ਕੁਝ ਭੇਜੇ। ਜਿਸਦਾ ਨਾਂ ਇਕ ਵਾਰੀ ਅਖਬਾਰ ਵਿਚ ਛਪ ਜਾਂਦਾ ਸੀ, ਸੱਚੀਂ ਉਹ ਦੁਬਾਰਾ ਕੁਝ ਨਾ ਕੁਝ ਲਿਖ ਕੇ ਜ਼ਰੂਰ ਭੇਜਦਾ। ਮੇਰੀ ਇਕ ਕੋਸ਼ਿਸ਼ ਹੋਰ ਹੁੰਦਾ ਸੀ ਕਿ ਮੈਂ ਐਡੀਟਰ ਵੱਲੋਂ ਹੌਸਲਾ ਦੇਣ ਲਈ ਨਿੱਜੀ ਤੌਰ 'ਤੇ ਇਕ ਚਿੱਠੀ ਵੀ ਲਿਖਦਾ ਸੀ। ਇਸਦਾ ਵੀ ਬਹੁਤ ਚੰਗਾ ਪ੍ਰਭਾਵ ਪੈ ਰਿਹਾ ਸੀ। ਕੱਚੀਆਂ ਰਚਨਾਵਾਂ ਭੇਜਣ ਵਾਲਿਆਂ ਵਿਚ ਬਹੁਤ ਸੁਧਾਰ ਹੋ ਰਿਹਾ ਸੀ। ਅੱਛਾ ਲਿਖਣ ਵਾਲੇ ਵੀ ਕਈ ਤਾਂ ਬਹੁਤ ਅੱਛਾ ਲਿਖਣ ਲੱਗ ਪਏ ਸਨ। ਇਸਦੀ ਇਕ ਉਦਾਹਰਣ ਯਾਦ ਆ ਰਹੀ ਹੈ। ਬਹੁਜਨ ਸੰਦੇਸ਼ ਤੋਂ ਕੋਈ 35-40 ਸਾਲਾਂ ਬਾਅਦ ਜਦੋਂ ਮੈਂ ਮੈਗਜ਼ੀਨ 'ਅੰਬੇਡਕਰੀ ਦੀਪ' ਪੜ੍ਹਨਾ ਸ਼ੁਰੂ ਕੀਤਾ ਤਾਂ ਮੈਨੂੰ ਉਸਦਾ ਮੈਟਰ ਤੇ ਸੰਪਾਦਕੀਆਂ ਇੰਨੀਆਂ ਚੰਗੀਆਂ ਲੱਗੀਆਂ ਕਿ ਇਕ ਦਿਨ ਮੈਂ ਉਸਦੇ ਐਡੀਟਰ ਸ. ਦਰਸ਼ਨ ਸਿੰਘ ਬਾਜਵਾ ਨੂੰ ਤਾਰੀਫ ਲਈ ਫੋਨ ਕਰ ਦਿੱਤਾ। ਅੱਗੋਂ ਐਡੀਟਰ ਸਾਹਿਬ ਕਹਿਣ ਲੱਗੇ ਕਿ ਇਹ ਸਭ ਤੁਹਾਡੇ ਵੱਲੋਂ ਕੀਤੀ ਹੌਸਲਾ ਅਫਜ਼ਾਈ ਕਰਕੇ ਹੀ ਹੈ। ਤੁਹਾਡੇ ਵੱਲੋਂ ਭੇਜੀ ਚਿੱਠੀ ਮੈਂ ਅੱਜ ਵੀ ਸਤਿਕਾਰ ਸਹਿਤ ਸੰਭਾਲ ਕੇ ਰੱਖੀ ਹੋਈ ਹੈ। ਇਹ ਜਾਣ ਕੇ ਬਹੁਤ ਖੁਸ਼ੀ ਹੋਈ। ਹੋਰ ਵੀ ਕਈ ਨਵੀਆਂ ਕਲਮਾਂ ਸਾਹਮਣੇ ਆ ਰਹੀਆਂ ਸਨ ਅਤੇ ਕਾਫਲਾ ਬਣਦਾ ਜਾ ਰਿਹਾ ਸੀ।

'ਬਹੁਜਨ ਸੰਦੇਸ਼' ਨੂੰ ਮਾਣ ਰਹੇਗਾ ਕਿ ਅੱਜ ਦੇ ਕਈ ਜਾਣੇ ਪਛਾਣੇ ਲੇਖਕ ਆਪਣੇ ਮੁਢਲੇ ਸਮੇਂ ਵਿਚ ਇਸ ਵਿਚ ਛਪਦੇ ਰਹੇ ਹਨ। ਇਹ ਨਾਂ ਹਨ ਪ੍ਰੋ. ਗੁਰਨਾਮ ਸਿੰਘ ਮੁਕਤਸਰ, ਡਾ. ਗੁਰਮੀਤ ਕੱਲਰ ਮਾਜਰੀ, ਡਾ. ਐਸ. ਐਲ. ਵਿਰਦੀ ਐਡਵੋਕੇਟ, ਮੋਹਨ ਲਾਲ ਫਿਲੌਰੀਆ, ਸਰੂਪ ਸਿਆਲਵੀ, ਡਾ. ਕੇ. ਕੇ. ਰੱਤੂ, ਪ੍ਰੇਮ ਗੋਰਖੀ, ਪ੍ਰੀਤਮ ਸਿੰਘ ਮੁਹਾਲੀ, ਦਰਸ਼ਨ ਸਿੰਘ ਬਾਜਵਾ, ਜਗਰੂਪ ਸਿੰਘ ਰੂਪ, ਨਵਲ ਵਿਯੋਗੀ, ਪ੍ਰੀਤਮ ਲੁਧਿਆਣਵੀ, ਸਾਗਰ ਸਿੰਘ ਸਾਗਰ, ਲਾਲ ਸਿੰਘ ਸੁਲਹਾਣੀ, ਐਸ. ਐਸ. ਕੈਂਥ, ਲਸ਼ਮੀਰ ਸਿੰਘ ਰਾਇ, ਰਣਜੀਤ ਆਜਾਦ ਕਾਂਝਲਾ, ਬਲਦੇਵ ਸਿੰਘ ਬੰਬੀਹਾ, ਗੁਰਮੁਖ ਸਿੰਘ ਦਲੇਰ, ਹਰਬੰਸ ਸਿੰਘ ਪਿੰਜੋਰ।




ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੇ ਵੀ ਆਪਣੀ ਮੂਵਮੈਂਟ ਨੂੰ ਅੱਗੇ ਤੋਰਨ ਲਈ ਅਖਬਾਰਾਂ ਨੂੰ ਜ਼ਰੂਰੀ ਸਮਝਦਿਆਂ ਇਸਤੇ ਵਿਸ਼ੇਸ਼ ਧਿਆਨ ਦਿੱਤਾ ਸੀ। ਸਭ ਤੋਂ ਪਹਿਲਾਂ ਉਹਨਾਂ ਨੇ 1920 ਵਿਚ 'ਮੂਕ ਨਾਇਕ' ਮਰਾਠੀ ਵਿਚ ਕੱਢਿਆ, ਜਿਸਦਾ ਭਾਵ ਹੈ ਗੂੰਗਿਆਂ ਦਾ ਬੁਲਾਰਾ/ਆਗੂ। ਉਸ ਵਲੇ ਭਾਵੇਂ ਉਹਨਾਂ ਕੋਲ ਨਾ ਇੰਨੇ ਸਾਧਨ ਸਨ ਤੇ ਨਾ ਹੀ ਪ੍ਰੈਸ ਆਮ ਸੀ ਪਰ ਉਹ ਤਾਂ ਇਕ ਪਿਰਤ ਪਾਉਣੀ ਚਾਹੁੰਦੇ ਸਨ। ਲੋਕਾਂ ਵੱਲੋਂ ਚੰਗਾ ਹੁੰਗਾਰਾ ਮਿਲਿਆ। ਜਦੋਂ ਤੱਕ ਅਗਲਾ ਅੰਕ ਨਹੀਂ ਸੀ ਆਉਂਦਾ, ਉਦੋਂ ਤੱਕ ਉਸੇ ਅੰਕ ਨੂੰ ਲੋਕਾਂ ਵਿਚ ਪੜ੍ਹ-ਪੜ੍ਹ ਕੇ ਸੁਣਾਇਆ ਜਾਂਦਾ ਸੀ। ਲੋਕਾਂ ਵਿਚ ਪੜ੍ਹਾਈ ਵੀ ਆਮ ਨਹੀਂ ਸੀ। ਇਸ ਪੇਪਰ ਰਾਹੀਂ ਉਹ ਗੂੰਗਿਆ ਦੀ ਆਵਾਜ਼ ਬਣਨਾ ਚਾਹੁੰਦੇ ਸਨ। ਫਿਰ 1927 ਵਿਚ ਉਹਨਾਂ ਨੇ 'ਬਹਿਸ਼ਕ੍ਰਿਤ ਭਾਰਤ' ਨਾਂ ਦੇ ਕੇ ਪੇਪਰ ਚਾਲੂ ਕੀਤਾ। ਇਸਦਾ ਭਾਵ ਸੀ ਕਿ ਭਾਰਤ ਵਹਿਸ਼ੀ, ਨਿਰਦਈ ਅਤੇ ਅਛੂਤ ਹੈ ਕਿਉਂਕਿ ਵੱਡੀ ਵਸੋਂ ਨੂੰ ਨੀਚ ਤੇ ਅਛੂਤ ਬਣਾ ਕੇ ਘਿਰਣਾ ਦੇ ਪਾਤਰ ਬਣਾਇਆ ਜਾਂਦਾ ਸੀ। ਫਿਰ 1927 ਵਿਚ ਇਸਦਾ ਨਾਂ 'ਪ੍ਰਬੁੱਧ ਭਾਰਤ' ਰੱਖਿਆ, ਜਿਸਦੇ ਅਰਥ ਹਨ ਕਿ ਭਾਰਤ ਇਹਨਾਂ ਜ਼ਿਆਦਤੀਆਂ ਨੂੰ ਸਮਝ ਕੇ ਛੁਟਕਾਰਾ ਪਾਉਣ ਲਈ ਬੁੱਧੀਵਾਨ ਬਣਨ ਵੱਲ ਆਗਰਸਰ ਹੋ ਰਿਹਾ ਹੈ। 1930 ਵਿਚ 'ਜਨਤਾ' ਨਾਂ ਰੱਖਿਆ ਤਾਂ ਇਸਦਾ ਭਾਵ ਸੀ ਕਿ ਸਮਾਜ ਨੂੰ ਗੂੰਗੇ ਭਾਰਤ ਤੇ ਅਛੂਤ ਭਾਰਤ ਤੋਂ ਬੁੱਧੀਵਾਨ ਜਨਤਾ ਤੱਕ ਦਾ ਸਫਰ ਤਹਿ ਕਰਨਾ ਹੋਵੇਗਾ। ਕਾਂਸ਼ੀ ਰਾਮ ਜੀ ਨੇ ਵੀ ਇਸੇ ਤਰ੍ਹਾਂ ਲਹਿਰ ਦੀ ਪ੍ਰਗਤੀ ਦੇ ਨਾਲ ਨਾਲ ਮਾਸਿਕ, ਸਪਤਾਹਿਕ ਤੇ ਰੋਜ਼ਾਨਾ ਪੇਪਰ ਕੱਢੇ।

'ਬਹੁਜਨ ਸੰਦੇਸ਼' ਵਿਚ ਮੈਟਰ ਦੀ ਵੰਨਗੀ ਲਈ ਮੇਰੇ ਵੱਲੋਂ ਕੁਝ ਕਿਤਾਬਾਂ ਦੇ ਅਨੁਵਾਦ ਵੀ ਛਾਪੇ ਗਏ, ਜਿਹਨਾਂ ਵਿਚ ਕਾਸ਼ੀ ਰਾਮ ਜੀ ਵੱਲੋਂ ਲਿਖਿਆ ਪਹਿਲਾ ਕਿਤਾਬਚਾ 'ਬਾਮਸੇਫ ਇਕ ਜਾਣਕਾਰੀ' ਅਤੇ 'ਚਮਚਾ ਯੁੱਗ' ਪੁਸਤਕ, ਬਾਬਾ ਸਾਹਿਬ ਦੀਆਂ 'ਜਾਤਪਾਤ ਦਾ ਬੀਜ ਨਾਸ਼' ਅਤੇ 'ਭਾਰਤ ਵਿਚ ਜਾਤਾਂ' ਪੁਸਤਕਾਂ ਸ਼ਾਮਲ ਹਨ। ਇਹਨਾਂ ਤੋਂ ਇਲਾਵਾ ਦਿੱਲੀ ਤੋਂ ਛਪਦੇ ਹਿੰਦੀ ਸਪਤਾਹਿਕ 'ਬਹੁਜਨ ਸੰਗਠਕ' ਵਿਚੋਂ ਜ਼ਰੂਰੀ ਲੇਖ ਲੈ ਕੇ ਵੀ ਅਨੁਵਾਦ ਕਰਕੇ ਛਾਪੇ ਜਾਂਦੇ। ਇਸੇ ਲਈ ਮੇਰਾ ਵਾਧੂ ਟਾਈਮ ਲਗਦਾ ਸੀ ਪਰ ਕੁੱਲ ਮਿਲਾ ਕੇ ਪੇਪਰ ਵਿਚ ਪੜ੍ਹਨ ਲਈ ਅੱਡਾ ਮੈਟਰ ਮਿਲ ਜਾਂਦਾ ਸੀ ਤੇ ਪਾਠਕ ਦਿਲਚਸਪੀ ਨਾਲ ਪੜ੍ਹਦੇ ਸਨ ਤੇ ਬਹੁਜਨ ਲਹਿਰ ਨੂੰ ਵੀ ਅੱਛਾ ਹੁੰਗਾਰਾ ਮਿਲਦਾ ਰਿਹਾ। ਲੋਕਾਂ ਦਾ ਵਿਸ਼ਵਾਸ 'ਬਹੁਜਨ ਸੰਦੇਸ਼' ਵਿਚ ਡੂੰਘਾ ਹੁੰਦਾ ਜਾ ਰਿਹਾ ਸੀ। ਇੱਥੇ ਕੁਝ ਘਟਨਾਵਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ, ਜਿਹਨਾਂ ਤੋਂ ਪਤਾ ਚਲਦਾ ਹੈ ਕਿ 'ਬਹੁਜਨ ਸੰਦੇਸ਼' ਨੇ ਸਭਿਆਚਾਰਕ ਤਬਦੀਲੀ ਵਿਚ ਵੀ ਭਰਵਾਂ ਯੋਗਦਾਨ ਪਾਇਆ।

ਬਹੁਜਨ ਸੰਦੇਸ਼ ਵਿਚ ਤਿੱਥ ਤਿਉਹਾਰਾਂ 'ਤੇ ਜਾਂ ਪੁਰਖਿਆਂ ਦੇ ਦਿਹਾੜਿਆਂ ਤੇ ਅਕਸਰ ਸਚਾਈ ਪੇਸ਼ ਕਰਨ ਵਾਲੇ ਲੇਖ ਛਪਦੇ ਰਹਿੰਦੇ ਸਨ। ਇਕ ਵਾਰੀ ਜਦੋਂ ਦੁਸਹਿਰੇ ਦੇ ਸਬੰਧ ਵਿਚ ਲੇਖ ਛਾਪੇ ਗਏ ਤਾਂ ਬਹੁਜਨ ਸਮਾਜ ਨੂੰ ਪਤਾ ਚੱਲਿਆ ਕਿ ਰਾਵਣ ਉਹਨਾਂ ਦਾ ਹੀ ਵਡ-ਵਡੇਰਾ ਸੀ, ਜਿਸਨੂੰ ਹਰ ਸਾਲ ਬਦੀ ਦਾ ਪ੍ਰਤੀਕ ਬਣਾ ਕੇ ਸਾੜਿਆ ਜਾਂਦਾ ਹੈ ਜਦੋਂ ਕਿ ਬਹੁਤ ਵਿਦਵਾਨ, ਚਰਿਤਰਵਾਨ ਤੇ ਬਹਾਦਰ ਯੋਧਾ ਸੀ। ਤੇ ਬਹੁਜਨ ਸਮਾਜ ਨੂੰ ਉਸ ਦਿਨ ਖੁਸ਼ੀ ਨਹੀਂ, ਸਗੋਂ ਉਸ ਦਿਨ ਸੋਗ ਮਨਾਉਣਾ ਚਾਹੀਦਾ ਹੈ। ਲੋਕਾਂ 'ਤੇ ਅਸਰ ਹੋਇਆ। 'ਬਹੁਜਨ ਸੰਦੇਸ਼' ਵਿਚ ਖਬਰਾਂ ਛਪਣ ਲਈ ਆਈਆਂ ਕਿ ਪੰਜਾਬ ਵਿਚ ਕਈ ਥਾਈਂ ਲੋਕਾਂ ਨੇ ਦੁਸਹਿਰੇ ਦੇ ਦਿਨ ਸੋਗ ਮਨਾਇਆ। ਇਕ ਖਬਰ ਆਈ ਕਿ 25 ਪਿੰਡਾਂ ਨੇ ਇਕੱਤਰ ਹੋ ਕੇ ਇਕ ਥਾਂ ਤੇ ਸੋਗ ਮਨਾਇਆ। ਸ਼ੋਕ ਰਸਮ ਦੇ ਤੌਰ ਤੇ ਨਿੰਮ ਚੱਬਿਆ ਗਿਆ ਅਤੇ ਮਤਾ ਪਕਾਇਆ ਗਿਆ ਕਿ ਅੱਗੋਂ ਉਹ ਖੁਸ਼ੀ ਦੀ ਬਜਾਏ ਇੰਝ ਹੀ ਸੋਗ ਮਨਾਇਆ ਕਰਨਗੇ।




ਇਸੇ ਤਰ੍ਹਾਂ ਸ਼ਿੰਗਾਰਾ ਰਾਮ ਸਹੂੰਗੜਾ (ਦੋ ਵਾਰ ਬਸਪਾ ਦੇ ਐਮ. ਐਲ. ਏ. ਰਹਿ ਚੁੱਕੇ ਹਨ) ਨੇ ਆਪਣੇ ਕਾਲਜ ਦੇ ਦਿਨਾਂ ਵਿਚ 'ਬਹੁਜਨ ਸੰਦੇਸ਼' ਵਿਚੋਂ ਇਹੋ ਜਿਹੇ ਲੇਖ ਪੜ੍ਹ ਕੇ, ਆਪਣੇ ਦੋਸਤਾਂ ਨਾਲ ਮਿਲ ਕੇ ਸਲਾਹ ਕੀਤੀ ਕਿ ਉਹ ਇਸ ਵਾਰੀ ਆਪਣੇ ਸ਼ਹਿਰ ਰਾਵਣ ਦਾ ਪੁਤਲਾ ਨਹੀਂ ਸਾੜਨ ਦੇਣਗੇ। ਪੁਲਿਸ ਨੂੰ ਸੂਹ ਮਿਲੀ ਤਾਂ ਉਹ ਪਕੜਨ ਆ ਗਈ ਪਰ ਮੌਕੇ ਤੋਂ ਸ਼ਿੰਗਾਰਾ ਰਾਮ ਭੱਜ ਗਏ। ਪੁਲਿਸ ਉਹਨਾਂ ਦੇ ਪਿਤਾ ਜੀ ਨੂੰ ਪਕੜ ਕੇ ਥਾਣੇ ਲੈ ਗਈ। ਸਹੂੰਗੜਾ ਉਹਨਾਂ ਨੂੰ ਇਹ ਪਤਾ ਚਲਿਆ ਤਾਂ ਉਹ ਛੁਡਾਉਣ ਲਈ ਥਾਣੇ ਪਹੁੰਚਗਏ। ਕਹਿਣ ਲੱਗੇ ਕਿ ਇਹਨਾਂ ਨੂੰ ਛੱਡ ਦਿਓ ਕਸੂਰ ਮੇਰਾ ਹੈ ਤੇ ਮੈਨੂੰ ਪਕੜ ਲਓ। ਥਾਣੇਦਾਰ ਨੇ ਪਿਆਰ ਨਾਲ ਬਿਠਾ ਕੇ ਪੁੱਛਿਆ ਕਿ ਤੁਹਾਨੂੰ ਇਹਨਾਂ ਗੱਲਾਂ ਦਾ ਕਿੱਥੋਂ ਪਤਾ ਲੱਗਿਆ ਹੈ ਕਿ ਰਾਵਣ ਚੰਗਾ ਇਨਸਾਨ ਸੀ, ਉਸਦਾ ਪੁਤਲਾ ਨਹੀਂ ਸਾੜਨਾ ਚਾਹੀਦਾ। ਕਹਿਣ ਲੱਗੇ ਸਾਡੇ ਆਪਣੇ ਪੇਪਰ (ਬਹੁਜਨ ਸੰਦੇਸ਼) ਤੋਂ ਪਤਾ ਚੱਲਿਆ ਹੈ। ਥਾਣੇਦਾਰ ਕੱਟੜ ਨਹੀਂ ਸੀ ਉਸਨੇ ਸਮਝਾ ਕੇ ਬਾਅਦ ਵਿਚ ਉਹਨਾਂ ਨੂੰ ਵੀ ਛੱਡ ਦਿੱਤਾ। ਇਹ ਘਟਨਾ ਸਹੂੰਗੜਾ ਉਹਨਾਂ ਨੇ ਆਪ ਇਕ ਇੰਟਰਵਿਊ ਵਿਚ ਦੱਸੀ ਸੀ।

'ਬਹੁਜਨ ਸੰਦੇਸ਼' ਨੇ ਲੋਕਾਂ ਵਿਚ ਇੰਨਾ ਵਿਸ਼ਵਾਸ ਬਣਾ ਲਿਆ ਸੀ ਕਿ ਇਸ ਵਿਚ ਲਿਖੀ ਗੱਲ ਤੇ ਵਿਸ਼ਵਾਸ ਕਰਦੇ ਸਨ, ਵਿਰੋਧੀ ਭਾਵੇਂ ਜੋ ਮਰਜ਼ੀ ਆਖਣ ਲੋਕੀਂ ਨਹੀਂ ਸੀ ਮੰਨਦੇ। ਚੋਣਾਂ ਦੇ ਦਿਨਾਂ ਵਿਚ ਵਿਰੋਧੀ ਪਾਰਟੀ ਵੱਲੋਂ ਇਕ ਥਾਂ ਇਹ ਅਫਵਾਹ ਉਡਾ ਦਿੱਤੀ ਗਈ ਕਿ ਬਸਪਾ ਦਾ ਉਮੀਦਵਾਰ ਉਹਨਾਂ ਦੇ ਹੱਕ ਵਿਚ ਬੈਠ ਗਿਆ ਹੈ। ਪਰ ਲੋਕੀਂ ਨਾ ਮੰਨੇ। ਕਹਿਣ ਲੱਗੇ ਜਦੋਂ ਸਾਡੇ ਪੇਪਰ ਵਿਚ ਖਬਰ ਆਵੇਗੀ ਅਸੀਂ ਤਾਂ ਮੰਨਾਂਗੇ।

ਇਕ ਵਾਰੀ ਅਕਾਲੀ ਲੀਡਰਾਂ ਵੱਲੋਂ ਵੀ ਇੰਕਸ਼ਾਫ ਕੀਤਾ ਗਿਆ ਸੀ ਕਿ ਉਹ ਜੇਲ੍ਹਾਂ ਵਿਚ 'ਬਹੁਜਨ ਸੰਦੇਸ਼' ਪੜ੍ਹਦੇ ਰਹੇ ਹਨ, ਇਸਦਾ ਮੈਟਰ ਪੜ੍ਹਨਯੋਗ ਹੁੰਦਾ ਹੈ। ਉਹਨਾਂ ਦਿਨਾਂ ਵਿਚ ਦਰਬਾਰ ਸਾਹਿਬ 'ਤੇ ਫੌਜ ਵੱਲੋਂ ਕੀਤਾ ਹਮਲਾ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਕਾਰਨ ਬਦਲੇ ਹਾਲਾਤ ਵਿਚ ਅਕਾਲੀ ਲੀਡਰਾਂ ਨੂੰ ਜੇਲ੍ਹਾਂ ਵਿਚ ਡੱਕਿਆ ਹੋਇਆ ਸੀ। ਵੱਡੀਆਂ ਅਖਬਾਰਾਂ 'ਤੇ ਵੀ ਇਕ ਦਹਿਸ਼ਤ ਸੀ ਪਰ 'ਬਹੁਜਨ ਸੰਦੇਸ਼' ਨਿਡਰਤਾ ਨਾਲ ਸਚਾਈ ਲਿਖਦਾ ਰਿਹਾ। ਕਈ ਵਾਰੀ ਪ੍ਰੈਸ ਦਾ ਮਾਲਕ ਵੀ ਦਹਿਸ਼ਤ ਦੇ ਪ੍ਰਛਾਵੇਂ ਹੇਠ ਕੁਝ ਖਬਰਾਂ/ਲੇਖ ਨਾ ਛਾਪਣ ਲਈ ਅੜ ਜਾਂਦਾ। ਉਸਨੂੰ ਬਹੁਤ ਸਮਝਾਇਆ ਜਾਂਦਾ ਪਰ ਉਹ ਅੜ ਹੀ ਜਾਂਦਾ। ਕਈ ਵਾਰੀ ਜਦੋਂ ਪੈਸਿਆਂ ਦੀ ਕਮੀ ਕਾਰਨ ਜਾਂ ਕਿਸੇ ਹੋਰ ਕਾਰਨ ਕਰਕੇ ਪੇਪਰ ਦੀ ਅਦਾਇਗੀ ਲੇਟ ਹੋ ਜਾਂਦੀ ਉਹ ਤਾਂ ਵੀ ਅੜ ਜਾਂਦਾ ਸੀ ਪਰ ਕੁੱਲ ਮਿਲਾ ਕੇ ਉਹ ਇਨਸਾਨ ਦੇ ਤੌਰ 'ਤੇ ਠੀਕ ਸੀ।

ਦਹਿਸ਼ਤ ਦੇ ਦਿਨਾਂ ਵਿਚ ਇਕ ਘਟਨਾ ਹੋਰ ਵਾਪਰੀ। 'ਬਹੁਜਨ ਸੰਦੇਸ਼' ਵਿਚ ਇਕ ਐਮ. ਬੀ. ਬੀ. ਐਸ. ਕਰ ਰਹੇ ਵਿਦਿਆਰਥੀ ਦੇ ਛਪੇ ਲੇਖ ਤੋਂ ਇਕ ਕੱਟੜਵਾਦੀ ਸੰਗਠਨ ਨੂੰ ਕੁਝ ਜ਼ਿਆਦਾ ਹੀ ਇਤਰਾਜ਼ ਹੋ ਗਿਆ। ਉਹਨਾਂ ਨੇ ਜਾਨੋਂ ਮਾਰਨ ਦੀ ਧਮਕੀ ਭਰਿਆ ਖਤ 'ਬਹੁਜਨ ਸੰਦੇਸ਼' ਨੂੰ ਲਿਖ ਦਿੱਤਾ। ਉਸ ਵਿਦਿਆਰਥੀ ਨੂੰ ਮਾਰਨ ਦੀ ਤਰੀਕ ਵੀ ਲਿਖ ਦਿੱਤੀ। ਚਿੱਠੀ 'ਬਹੁਜਨ ਸੰਦੇਸ਼ ਵਿਚ ਛਾਪ ਦਿੱਤੀ ਗਈ ਤਾਂ ਪੂਰੇ ਪੰਜਾਬ ਤੋਂ ਗੁੱਸੇ ਭਰੀਆਂ ਚਿੱਠੀਆਂ ਦਾ ਹੜ੍ਹ ਆ ਗਿਆ ਅਤੇ ਸੰਗਠਨ ਦਾ ਚੈਲੰਜ ਕਬੂਲ ਕਰਕੇ ਉਸ ਦਿਨ ਸਾਰੀ ਰਾਤ ਬਹੁਜਨ ਲਹਿਰ ਨਾਲ ਸਬੰਧਤ ਮੁੰਡਿਆਂ ਨੇ ਉਸ ਵਿਦਿਆਰਥੀ ਲੇਖਕ ਨੂੰ ਸੁਰੱਖਿਆ ਦਿੱਤੀ ਰੱਖੀ ਪਰ ਕੋਈ ਨਾ ਆਇਆ।

ਇੰਝ ਖੱਟੇ ਮਿੱਠੇ ਤੇ ਕੌੜੇ ਤਜਰਬਿਆਂ ਨਾਲ 'ਬਹੁਜਨ ਸੰਦੇਸ਼' ਔਝੜੇ ਰਾਹਾਂ ਤੋਂ ਤੁਰਦਾ ਹੋਇਆ 11. 5. 1986 ਤੱਕ ਸੁਹਾਵਣੇ ਸਫਰ ਤੇ ਰਿਹਾ, ਸਮੱਗਰੀ ਪ੍ਰਦਾਨ ਕਰਦਾ ਰਿਹਾ। ਇਸਦੇ ਲੇਖਕ ਬਹੁਤਾ ਕਰਕੇ 'ਬਹੁਜਨ ਸੰਦੇਸ਼' ਵਾਲੇ ਹੀ ਸਨ। ਪਰ ਫਿਰ ਕੁਝ ਕਾਰਨਾਂ ਕਰਕੇ 'ਜਨਤਕ ਲਹਿਰ' 1990 ਵਿਚ ਬੰਦ ਕਰਨਾ ਪਿਆ। ਅਸਲ ਵਿਚ ਇਸ ਸਮੇਂ 'ਜਨਤਕ ਲਹਿਰ' ਨੂੰ ਮਦਦ ਦੇ ਕੇ ਰੋਜ਼ਾਨਾ ਵਿਚ ਤਬਦੀਲ ਕਰ ਦਿੱਤਾ ਗਿਆ ਸੀ, ਫਿਰ ਇਹ ਪੇਪਰ ਬਹੁਜਨ ਸਮਾਜ ਨੂੰ ਕਾਫੀ ਉੱਚ ਪੱਧਰ ਦੇ ਆਰਟੀਕਲ, ਖਬਰਾਂ ਦਾ ਵਿਸ਼ਲੇਸ਼ਣ ਅਤੇ ਹੋਰ ਪੜ੍ਹਨਯੋਗ ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਸਮੱਗਰੀ ਪ੍ਰਦਾਨ ਕਰਦਾ ਰਿਹਾ ਪਰ ਫਿਰ ਕੁਝ ਕਾਰਨਾਂ ਕਰਕੇ ਇਸਦੇ ਲੇਖਕ ਬਹੁਤਾ ਕਰਕੇ 'ਬਹੁਜਨ ਸੰਦੇਸ਼' ਵਾਲੇ ਹੀ ਸਨ। 'ਜਨਤਕ ਲਹਿਰ'1990 ਵਿਚ ਬੰਦ ਹੋ ਗਿਆ। ਨਤੀਜੇ ਦੇ ਤੌਰ ਤੇ ਅਖਬਾਰਾਂ ਦੀ ਮਹੱਤਤਾ ਸਮਝਦਿਆਂ ਹੋਇਆਂ 'ਬਹੁਜਨ ਸੰਦੇਸ਼' ਮੁੜ 13. 8. 1990 ਤੋਂ ਮੈਦਾਨ ਵਿਚ ਆ ਗਿਆ। ਮੁੜ ਕੇ ਫਿਰ ਇਹ ਕੰਮ ਮੈਨੂੰ ਹੀ ਸੰਭਾਲਣਾ ਪਿਆ। ਤੇ ਫਿਰ ਇਹ ਮਿਤੀ 27. 8. 92 ਤੱਕ ਛਪਦਾ ਰਿਹਾ। ਪਰ ਇਸ ਵੇਲੇ ਤੱਕ ਇਕ ਰੋਜ਼ਾਨਾ ਪੇਪਰ ਦੀ ਲੋੜ ਮਹਿਸੂਸ ਹੋਣ ਲੱਗ ਪਈ ਸੀ।

ਕਾਂਸ਼ੀ ਰਾਮ ਜੀ ਮੀਡੀਆ ਦੀ ਮਹੱਤਤਾ ਪੂਰੀ ਤਰ੍ਹਾਂ ਸਮਝਦੇ ਸਨ। ਇਸੇ ਲਈ ਉਹ ਇਕ ਪੂਰਾ ਸੂਰਾ ਮੀਡੀਆ ਹਾਊਸ ਬਣਾਉਣ ਦੇ ਚਾਹਵਾਨ ਸਨ। ਬਾਬਾ ਸਾਹਿਬ ਵੀ ਇਹ ਗੱਲ ਜਾਣਦੇ ਸਨ ਅਤੇ ਕਾਂਸ਼ੀ ਰਾਮ ਜੀ ਵੀ ਸਪਸ਼ਟ ਸਨ ਕਿ ਵਰਤਮਾਨ ਮੀਡੀਆ ਕਦੇ ਵੀ ਬਹੁਜਨ ਸਮਾਜ ਨਾਲ ਇਨਸਾਫ ਨਹੀਂ ਕਰੇਗਾ ਕਿਉਂਕਿ ਸਮੁੱਚੇ ਮੀਡੀਆ ਵਿਚ ਬਹੁਜਨ ਸਮਾਜ ਦਾ ਹਿੱਸਾ ਜ਼ੀਰੋ ਹੈ। ਸਮੁੱਚਾ ਮੀਡੀਆ ਆਪਣੇ ਮਾਲਕਾਂ ਦੇ ਇਸ਼ਾਰੇ ਨੂੰ ਜ਼ਿਆਦਾ ਮਹੱਤਤਾ ਦਿੰਦਾ ਹੈ ਜੋ ਬਹੁਜਨ ਸਮਾਜ ਤੋਂ ਉਲਟ ਹੈ। ਕਾਂਸ਼ੀ ਰਾਮ ਜੀ ਚੰਗੀ ਤਰ੍ਹਾਂ ਜਾਣਦੇ ਸਨ ਕਿ ਇਹ ਮੀਡੀਆ 'ਬਹੁਜਨ ਲਹਿਰ' ਨੂੰ ਕਿਸੇ ਵੇਲੇ ਵੀ ਬਲੈਕ ਆਊਟ ਜਾਂ ਬਲੈਕਮੇਲ ਕਰ ਸਕਦਾ ਹੈ। ਇਸ ਨਾਲ ਸਬੰਧਤ ਇਕ ਘਟਨਾ ਅਜਿਹੀ ਸੀ ਜੋ ਸਾਡੀ ਅੱਖਾਂ ਦੇ ਸਾਹਮਣੇ ਵਾਪਰੀ। ਹੋਇਆ ਇੰਝ ਕਿ 1985 ਵਿਚ ਚੰਡੀਗੜ੍ਹ ਵਿਚ ਇਕ ਵੱਡੀ ਕਾਨਫਰੰਸ ਸੀ। ਕਾਂਸ਼ੀ ਰਾਮ ਜੀ ਮੀਡੀਆ ਦੀ ਅਸਲੀਅਤ ਪਛਾਣਦੇ ਸਨ, ਇਸ ਲਈ ਉਹ ਆਪਣੀਆਂ ਮੀਟਿੰਗਾਂ ਜਾਂ ਕਾਨਫਰੰਸਾਂ ਵਿਚ ਮੀਡੀਆ ਨੂੰ ਨਹੀਂ ਸੀ ਬੁਲਾਉਂਦੇ ਪਰ ਉਸ ਦਿਨ ਉਹ ਆਪ ਹੀ ਇੰਟਰਵਿਊ ਲੈਣ ਆ ਗਏ। ਬੜੇ ਚੰਗੇ ਮਾਹੌਲ ਵਿਚ, ਖੁੱਲ੍ਹੇ-ਡੁੱਲ੍ਹੇ ਵਾਤਾਵਰਣ ਵਿਚ ਖਾਂਦਿਆਂ ਪੀਂਦਿਆਂ ਹੱਸਦਿਆਂ ਕਾਂਸ਼ੀ ਰਾਮ ਉਹਨਾਂ ਨੂੰ ਮੀਡੀਆ ਸਵਾਲ ਕੀਤਾ ਕਿ "ਕੀ ਉਹ ਰਿਜ਼ਰਵੇਸ਼ਨ ਵਧਾਉਣ ਦੇ ਹੱਕ ਵਿਚ ਹਨ?'' ਉਹਨਾਂ ਦਿਨਾਂ ਵਿਚ ਰਿਜ਼ਰਵੇਸ਼ਨ ਵਧਾਉਣ ਦੀ ਮੰਗ ਕਾਫੀ ਸਰਗਰਮ ਸੀ। ਜਵਾਬ ਵਿਚ ਕਾਂਸ਼ੀ ਰਾਮ ਉਨ੍ਹਾਂ ਨੇ ਹੱਸਦਿਆਂ ਜਵਾਬ ਦਿੱਤਾ ਕਿ ''ਤੁਸੀਂ ਵਧਾਉਣ ਦੀ ਗੱਲ ਛੱਡੋ ਜੋ ਹੈ ਉਹੀ ਪੂਰੀ ਕਰਵਾ ਦਿਓ ਤੁਹਾਡਾ ਸ਼ੁਕਰਗੁਜ਼ਾਰ ਹੋਵਾਗਾ।'' ਤੇ ਬੱਸ ਅਗਲੇ ਦਿਨ ਸਾਰੇ ਅਖਬਾਰਾਂ ਦੀ ਸੁਰਖੀ ਇਹੀ ਸੀ ਕਿ ਕਾਂਸ਼ੀ ਰਾਮ ਰਿਜ਼ਰਵੇਸ਼ਨ ਦੇ ਵਿਰੋਧੀ ਹਨ। ਅਸੀਂ ਸਾਰੇ ਜੋ ਇਹ ਪ੍ਰੈਸ ਕਾਨਫਰੰਸ ਵੇਖ ਰਹੇ ਸੀ ਇਹ ਖਬਰ ਪੜ੍ਹ ਕੇ ਬਹੁਤ ਹੈਰਾਨ ਹੋਏ। ਸਾਨੂੰ ਕਾਂਸ਼ੀ ਰਾਮ ਜੀ ਦੀ ਚਿਤਾਵਨੀ ਯਾਦ ਆਈ ਕਿ ਵਰਤਮਾਨ ਮੀਡੀਆ ਕਿਸੇ ਵੇਲੇ ਵੀ ਧੋਖਾ, ਬਲੈਕਮੇਲ ਜਾਂ ਬਲੈਕ ਆਊਟ ਕਰ ਸਕਦਾ ਹੈ। ਇਸੇ ਲਈ ਉਹ ਜ਼ੋਰ ਦਿੰਦੇ ਸਨ ਕਿ ਆਪਣਾ ਮੀਡੀਆ ਤਿਆਰ ਕਰੋ।

ਜਦੋਂ ਕਦੇ ਬਹੁਜਨ ਸਮਾਜ ਆਪਣਾ ਇਤਿਹਾਸ ਬਣਾਏਗਾ, ਜਦੋਂ ਪੰਜਾਬੀ ਸਾਹਿਤ ਵਿਚ ਇਕ ਨਵੇਂ ਵਿਚਾਰਾਂ ਦੇ ਆਗਮਨ ਦੀ ਗੱਲ ਹੋਵੇਗੀ ਅਤੇ ਇਹਨਾਂ ਦੇ ਝੰਡਾ ਬਰਦਾਰ ਲੇਖਕਾਂ ਦੀ ਗੱਲ ਚੱਲੇਗੀ ਤਾਂ 'ਬਹੁਜਨ ਸੰਦੇਸ਼' ਦੀ ਇਕ ਮੁਢਲੇ ਚੈਂਪੀਅਨ ਦੇ ਤੌਰ ਤੇ ਚਰਚਾ ਵੀ ਹੋਵੇਗੀ, ਜਿਸਨੇ ਕਦੇ ਇਹਨਾਂ ਲੇਖਕਾਂ ਨੂੰ ਲਿਖਣ ਲਈ ਇਕ ਵਿਚਾਰ ਮੰਚ ਪ੍ਰਦਾਨ ਕੀਤਾ ਸੀ। 'ਬਹੁਜਨ ਸੰਦੇਸ਼' ਦੀ ਚਰਚਾ ਉਦੋਂ ਵੀ ਹੋਵੇਗੀ ਜਦੋਂ ਬਹੁਜਨ ਸਮਾਜ ਦੇ ਉਥਾਨ ਲਈ ਕਾਂਸ਼ੀ ਰਾਮ ਜੀ ਦੀ ਰਹਿਨੁਮਾਈ ਵਿਚ ਠਾਠਾਂ ਮਾਰਦੀ ਉਠੀ ਲਹਿਰ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ, ਜਿਸ ਵਿਚ 'ਬਹੁਜਨ ਸੰਦੇਸ਼' ਨੇ ਭਰਵਾਂ ਯੋਗਦਾਨ ਪਾਇਆ ਸੀ। ਇਸ ਬਹੁਜਨ ਲਹਿਰ ਨੂੰ ਨਾਂ 'ਬਹੁਜਨ ਸੰਦੇਸ਼' ਤੋਂ ਵੱਖ ਕੀਤਾ ਜਾ ਸਕਦਾ ਹੈ ਨਾਂ 'ਬਹੁਜਨ ਸੰਦੇਸ਼' ਨੂੰ ਲਹਿਰ ਤੋਂ ਵੱਖ ਕੀਤਾ ਜਾ ਸਕੇਗਾ।

# ਮਹਿਲਾ ਦਿਵਸ 'ਤੇ ਭਾਰਤੀ ਮਹਿਲਾ ਵਿਗਿਆਨੀਆਂ ਨੇ ਆਪਣੀ ਸ਼ਾਨਦਾਰ ਪ੍ਰਾਪਤੀ ਨਾਲ ਦੇਸ਼ ਦਾ ਮਾਣ ਵਧਾਇਆ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਭਾਰਤ ਵਿੱਚ ਔਰਤਾਂ ਵਿਗਿਆਨੀਆਂ ਦਾ ਇੱਕ ਅਮੀਰ ਇਤਿਹਾਸ ਹੈ, ਜਿਨ੍ਹਾਂ ਨੇ ਵਿਗਿਆਨ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਹਾਲਾਂਕਿ, ਹਾਲ ਹੀ ਦੇ ਸਾਲਾਂ ਵਿੱਚ ਹੋਈ ਤਰੱਕੀ ਦੇ ਬਾਵਜੂਦ, ਵਿਗਿਆਨ ਵਿੱਚ ਔਰਤਾਂ ਨੂੰ ਅਜੇ ਵੀ ਭਾਰਤ ਵਿੱਚ ਬਹੁਤ ਸਾਰੀਆਂ ਚੁਣੌਤੀਆਂ ਅਤੇ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨੈਸ਼ਨਲ ਸਾਇੰਸ ਫਾਊਂਡੇਸ਼ਨ ਦੀ ਇੱਕ ਰਿਪੋਰਟ ਦੇ ਅਨੁਸਾਰ, ਭਾਰਤ ਵਿੱਚ ਸਟੈਮ ਖੇਤਰਾਂ ਵਿੱਚ ਔਰਤਾਂ ਦੀ ਕੁੱਲ ਕਾਰਜਬਲ ਦਾ ਸਿਰਫ 14% ਹੈ। ਇਸ ਤੋਂ ਇਲਾਵਾ, ਯੂਨੈਸਕੋ ਦੁਆਰਾ ਕਰਵਾਏ ਗਏ ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਭਾਰਤ ਵਿੱਚ ਉੱਚ ਸਿੱਖਿਆ ਵਿੱਚ ਸਿਰਫ 35% ਸਟੈਮ ਵਿਦਿਆਰਥੀ ਔਰਤਾਂ ਹਨ। ਇਹਨਾਂ ਚੁਣੌਤੀਆਂ ਦੇ ਬਾਵਜੂਦ, ਵਿਗਿਆਨ ਵਿੱਚ ਬਹੁਤ ਸਾਰੀਆਂ ਪ੍ਰੇਰਨਾਦਾਇਕ ਔਰਤਾਂ ਅਤੇ ਲੜਕੀਆਂ ਹਨ ਜਿਨ੍ਹਾਂ ਨੇ ਰੁਕਾਵਟਾਂ ਨੂੰ ਪਾਰ ਕੀਤਾ ਹੈ ਅਤੇ ਸਟੈਮ ਖੇਤਰਾਂ ਵਿੱਚ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਹੈ। ਵਿਗਿਆਨ ਵਿੱਚ ਔਰਤਾਂ ਅਤੇ ਲੜਕੀਆਂ ਦਾ ਅੰਤਰਰਾਸ਼ਟਰੀ ਦਿਵਸ ਵਿਗਿਆਨ ਵਿੱਚ ਔਰਤਾਂ ਅਤੇ ਲੜਕੀਆਂ ਦਾ ਅੰਤਰਰਾਸ਼ਟਰੀ ਦਿਵਸ, ਸੰਯੁਕਤ ਰਾਸ਼ਟਰ ਦੁਆਰਾ ਹਰ ਸਾਲ ਮਨਾਇਆ ਜਾਂਦਾ ਹੈ, ਸਟੈਮ ਖੇਤਰਾਂ ਤੱਕ ਬਰਾਬਰ ਪਹੁੰਚ ਨੂੰ ਉਤਸ਼ਾਹਿਤ ਕਰਦਾ ਹੈ। ਇਸ ਸਾਲ ਨੌਵੀਂ ਅਸੈਂਬਲੀ ਦੀ ਨਿਸ਼ਾਨਦੇਹੀ ਕਰਦਾ ਹੈ, 'ਵਿਗਿਆਨ ਲੀਡਰਸ਼ਿਪ ਵਿੱਚ ਔਰਤਾਂ ਅਤੇ ਕੁੜੀਆਂ, ਸਥਿਰਤਾ ਲਈ ਇੱਕ ਨਵਾਂ ਯੁੱਗ' 'ਤੇ ਧਿਆਨ ਕੇਂਦਰਿਤ ਕਰਦਾ ਹੈ।

ਔਰਤਾਂ ਨੂੰ ਬਦਲਾਅ ਦੇ ਏਜੰਟ ਵਜੋਂ ਮਾਨਤਾ ਦਿੰਦੇ ਹੋਏ, ਥੀਮ SDGs 16 ਅਤੇ 17 ਦੇ ਨਾਲ ਇਕਸਾਰ ਹੈ, 'ਵਿਗਿਆਨ ਬਾਰੇ ਸੋਚੋ... ਸ਼ਾਂਤੀ ਬਾਰੇ ਸੋਚੋ' 'ਤੇ ਜ਼ੋਰ ਦਿੰਦਾ ਹੈ। 2011 ਵਿੱਚ ਸਥਾਪਿਤ, ਦਿਵਸ ਦਾ ਉਦੇਸ਼ ਸਿੱਖਿਆ ਅਤੇ ਤਕਨਾਲੋਜੀ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਵਧਾਉਣਾ ਹੈ। 9ਵੀਂ ਅਸੈਂਬਲੀ ਆਰਥਿਕ ਖੁਸ਼ਹਾਲੀ, ਸਮਾਜਿਕ ਨਿਆਂ ਅਤੇ ਵਾਤਾਵਰਣ ਦੀ ਅਖੰਡਤਾ ਨੂੰ ਪ੍ਰਾਪਤ ਕਰਨ ਵਿੱਚ ਔਰਤਾਂ ਦੀਆਂ ਭੂਮਿਕਾਵਾਂ 'ਤੇ ਚਰਚਾ ਕਰਨ ਲਈ ਵਿਸ਼ਵ ਨੇਤਾਵਾਂ ਨੂੰ ਬੁਲਾਏਗੀ। ਇੱਥੇ ਪੰਜ ਅਸਾਧਾਰਨ ਮਹਿਲਾ ਵਿਗਿਆਨੀਆਂ ਹਨ ਜਿਨ੍ਹਾਂ ਨੇ ਆਪਣੀਆਂ ਨਵੀਨਤਾਕਾਰੀ ਖੋਜਾਂ ਅਤੇ ਸ਼ਾਨਦਾਰ ਖੋਜਾਂ ਨਾਲ ਭਾਰਤ ਨੂੰ ਮਾਣ ਦਿਵਾਇਆ ਹੈ:

1. ਗਗਨਦੀਪ ਕੰਗ ਗਗਨਦੀਪ ਕੰਗ, ਇੱਕ ਪ੍ਰਸਿੱਧ ਭਾਰਤੀ ਮਾਈਕ੍ਰੋਬਾਇਓਲੋਜਿਸਟ, ਨੇ 2019 ਵਿੱਚ ਰਾਇਲ ਸੁਸਾਇਟੀ ਦੀ ਫੈਲੋ ਵਜੋਂ ਚੁਣੀ ਗਈ ਪਹਿਲੀ ਭਾਰਤੀ ਔਰਤ ਵਜੋਂ ਇਤਿਹਾਸ ਰਚਿਆ। ਉਸਦੀ ਮਹੱਤਵਪੂਰਨ ਖੋਜ ਬੱਚਿਆਂ ਵਿੱਚ ਵਾਇਰਲ ਇਨਫੈਕਸ਼ਨਾਂ 'ਤੇ ਕੇਂਦ੍ਰਿਤ ਹੈ, ਖਾਸ ਤੌਰ 'ਤੇ ਰੋਟਾਵਾਇਰਲ ਵੈਕਸੀਨ ਦੀ ਜਾਂਚ 'ਤੇ। ਕੰਗ WHO SEAR ਦੇ ਖੇਤਰੀ ਟੀਕਾਕਰਨ ਤਕਨੀਕੀ ਸਲਾਹਕਾਰ ਸਮੂਹ ਦੀ ਪ੍ਰਧਾਨਗੀ ਕਰਦਾ ਹੈ ਅਤੇ ਉਸਨੇ 300 ਤੋਂ ਵੱਧ ਵਿਗਆਨਕ ਖੋਜ ਪੱਤਰ ਲਿਖੇ ਹਨ। ਉਸਨੇ 2016 ਵਿੱਚ ਜੀਵਨ ਵਿਗਿਆਨ ਵਿੱਚ ਵੱਕਾਰੀ ਇਨਫੋਸਿਸ ਪੁਰਸਕਾਰ ਪ੍ਰਾਪਤ ਕੀਤਾ ਅਤੇ ਕਈ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ, ਜਿਸ ਵਿੱਚ ਰਾਇਲ ਕਾਲਜ ਆਫ਼ ਪੈਥੋਲੋਜਿਸਟਸ ਅਤੇ ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ ਵਰਗੀਆਂ ਸਨਮਾਨਿਤ ਸੰਸਥਾਵਾਂ ਤੋਂ ਫੈਲੋਸ਼ਿਪਾਂ ਸ਼ਾਮਲ ਹਨ।



2. ਟੈਸੀ ਥਾਮਸ ਟੈਸੀ ਥਾਮਸ, ਜਿਸ ਨੂੰ "ਭਾਰਤ ਦੀ ਮਿਜ਼ਾਈਲ ਵੂਮੈਨ" ਕਿਹਾ ਜਾਂਦਾ ਹੈ, ਨੇ ਭਾਰਤ ਦੇ ਬੈਲਿਸਟਿਕ ਮਿਜ਼ਾਈਲ ਰੱਖਿਆ ਪ੍ਰੋਗਰਾਮ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ। ਉਹ ਭਾਰਤ ਵਿੱਚ ਇੱਕ ਮਿਜ਼ਾਈਲ ਪ੍ਰੋਜੈਕਟ ਦੀ ਅਗਵਾਈ ਕਰਨ ਵਾਲੀ ਪਹਿਲੀ ਮਹਿਲਾ ਵਿਗਿਆਨੀ ਹੋਣ ਦਾ ਮਾਣ ਪ੍ਰਾਪਤ ਕਰਦੀ ਹੈ, ਜਿਸ ਨੇ ਏਰੋਸਪੇਸ ਇੰਜੀਨੀਅਰਿੰਗ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਥਾਮਸ ਨੇ ਐਮਆਈਟੀ ਟੈਕਨਾਲੋਜੀ ਰਿਵਿਊ ਅਤੇ ਦ ਸਾਇੰਟਿਸਟ ਵਰਗੀਆਂ ਸੰਸਥਾਵਾਂ ਤੋਂ ਮਾਨਤਾ ਪ੍ਰਾਪਤ ਕਰਦੇ ਹੋਏ ਖੇਤਰ ਵਿੱਚ ਆਪਣੇ ਸ਼ਾਨਦਾਰ ਯੋਗਦਾਨ ਲਈ ਕਈ ਪੁਰਸਕਾਰ ਪ੍ਰਾਪਤ ਕੀਤੇ ਹਨ। ਉਸ ਦੀ ਬੇਮਿਸਾਲ ਅਗਵਾਈ ਅਤੇ ਮੁਹਾਰਤ ਨੇ ਭਾਰਤ ਦੀ ਰੱਖਿਆ ਸਮਰੱਥਾ ਨੂੰ ਅੱਗੇ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

3. ਸੁਨੀਤਾ ਸਰਾਵਗੀ ਸੁਨੀਤਾ ਸਰਾਵਾਗੀ, ਆਈਆਈਟੀ ਬੰਬੇ ਦੀ ਇੱਕ ਵਿਸ਼ਿਸ਼ਟ ਪ੍ਰੋਫੈਸਰ, ਡੇਟਾਬੇਸ ਅਤੇ ਡੇਟਾ ਮਾਈਨਿੰਗ ਵਿੱਚ ਉਨ੍ਹਾਂ ਦੀ ਸ਼ਾਨਦਾਰ ਖੋਜ ਲਈ ਮਸ਼ਹੂਰ ਹੈ। ਉਸਦਾ ਕੰਮ ਵੱਡੇ ਡੇਟਾਸੇਟਾਂ ਤੋਂ ਕੀਮਤੀ ਸੂਝ ਕੱਢਣ, ਡੇਟਾ ਪ੍ਰਬੰਧਨ ਪ੍ਰਣਾਲੀਆਂ ਵਿੱਚ ਕ੍ਰਾਂਤੀ ਲਿਆਉਣ 'ਤੇ ਕੇਂਦ੍ਰਤ ਕਰਦਾ ਹੈ। ਸਰਾਵਗੀ ਦੇ ਯੋਗਦਾਨਾਂ ਨੇ 2019 ਵਿੱਚ ਇੰਜਨੀਅਰਿੰਗ ਅਤੇ ਕੰਪਿਊਟਰ ਸਾਇੰਸ ਵਿੱਚ ਇਨਫੋਸਿਸ ਪੁਰਸਕਾਰ ਸਮੇਤ ਉਸ ਨੂੰ ਵੱਕਾਰੀ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ। ਆਪਣੇ ਖੇਤਰ ਵਿੱਚ ਇੱਕ ਪ੍ਰਮੁੱਖ ਅਥਾਰਟੀ ਵਜੋਂ ਮਾਨਤਾ ਪ੍ਰਾਪਤ, ਉਸਨੂੰ ਇੰਡੀਅਨ ਨੈਸ਼ਨਲ ਅਕੈਡਮੀ ਆਫ਼ ਇੰਜੀਨੀਅਰਿੰਗ ਅਤੇ ਐਸੋਸੀਏਸ਼ਨ ਫਾਰ ਕੰਪਿਊਟਿੰਗ ਮਸ਼ੀਨਰੀ ਵਰਗੀਆਂ ਸਨਮਾਨਿਤ ਸੰਸਥਾਵਾਂ ਦੇ ਇੱਕ ਸਾਥੀ ਵਜੋਂ ਚੁਣਿਆ ਗਿਆ ਹੈ।

4. ਸੁਧਾ ਭੱਟਾਚਾਰੀਆ ਸਕੂਲ ਆਫ ਐਨਵਾਇਰਮੈਂਟਲ ਸਾਇੰਸਿਜ਼ ਦੀ ਪ੍ਰੋਫੈਸਰ ਸੁਧਾ ਭੱਟਾਚਾਰੀਆ ਨੇ ਡਾ. ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (JNU), ਅਤੇ The Naitonal Academy of Sicences, Inida, the Inidan Academy of Sicences, and Inidan Naitonal Sicences Academy (2014), ਦੇ ਇੱਕ ਸਾਥੀ ਨੇ ਅਣੂ ਪਰਜੀਵੀ ਵਿਗਿਆਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। Entamoeba ihstolyitca 'ਤੇ ਉਸ ਦੀ ਮੋਹਰੀ ਖੋਜ ਨੇ ਜੀਨ ਰੈਗੂਲੇਸ਼ਨ ਅਤੇ ਪੈਰਾਸਾਈਟ ਬਾਇਓਲੋਜੀ ਵਿੱਚ ਸ਼ਾਨਦਾਰ ਖੋਜਾਂ ਕੀਤੀਆਂ ਹਨ। ਭੱਟਾਚਾਰੀਆ ਦੇ ਕੰਮ ਨੇ ਵਿਸ਼ਵ ਪੱਧਰ 'ਤੇ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ, ਜਿਸ ਵਿਚ ਭਾਰਤੀ ਵਿਗਿਆਨ ਅਕਾਦਮੀ ਅਤੇ ਨੈਸ਼ਨਲ ਅਕੈਡਮੀ ਆਫ਼ ਸਾਇੰਸਿਜ਼, ਭਾਰਤ ਤੋਂ ਮਾਨਤਾ ਸਮੇਤ, ਉਸ ਨੂੰ ਸਨਮਾਨਿਤ ਫੈਲੋਸ਼ਿਪਾਂ ਅਤੇ ਪੁਰਸਕਾਰ ਮਿਲੇ ਹਨ। ਉਸਦੀਆਂ ਨਵੀਨਤਾਕਾਰੀ ਖੋਜਾਂ ਨੇ ਪਰਜੀਵੀ ਰੋਗਾਂ ਬਾਰੇ ਸਾਡੀ ਸਮਝ ਨੂੰ ਡੂੰਘਾ ਕੀਤਾ ਹੈ, ਨਵੇਂ ਇਲਾਜ ਸੰਬੰਧੀ ਦਖਲਅੰਦਾਜ਼ੀ ਲਈ ਰਾਹ ਪੱਧਰਾ ਕੀਤਾ ਹੈ।

5. ਨਿਗਾਰ ਸ਼ਾਜੀ ਭਾਰਤੀ ਏਰੋਸਪੇਸ ਇੰਜੀਨੀਅਰ ਨਿਗਾਰ ਸ਼ਾਜੀ 1987 ਵਿੱਚ ਇਸਰੋ ਵਿੱਚ ਸ਼ਾਮਲ ਹੋਣ ਤੋਂ ਬਾਅਦ ਦੇਸ਼ ਦੀ ਪੁਲਾੜ ਖੋਜ ਦਾ ਅਨਿੱਖੜਵਾਂ ਅੰਗ ਹੈ। ਖਾਸ ਤੌਰ 'ਤੇ, ਉਹ ਭਾਰਤ ਦੇ ਪਹਿਲੇ ਸੂਰਜੀ ਮਿਸ਼ਨ ਆਦਿਤਿਆ-ਐਲ1 ਦੀ ਪ੍ਰੋਜੈਕਟ ਡਾਇਰੈਕਟਰ ਸੀ।

ਇਸਰੋ ਵਿੱਚ ਉਸਦਾ 35 ਸਾਲਾਂ ਤੋਂ ਵੱਧ ਦਾ ਵਿਸਤ੍ਰਿਤ ਕੈਰੀਅਰ, ਉਸਦੀ ਬਹੁਪੱਖੀ ਪੇਸ਼ੇਵਰ ਸਮਰੱਥਾਵਾਂ ਦਾ ਪ੍ਰਦਰਸ਼ਨ ਕਰਦਾ ਹੈ, ਜਿਸ ਵਿੱਚ ਰਾਸ਼ਟਰੀ ਸਰੋਤ ਨਿਗਰਾਨੀ ਅਤੇ ਪ੍ਰਬੰਧਨ ਲਈ ਸਮਰਪਿਤ ਇੱਕ ਪ੍ਰਮੁੱਖ ਭਾਰਤੀ ਰਿਮੋਟ ਸੈਂਸਿੰਗ ਸੈਟੇਲਾਈਟ, ਰਿਸੋਰਸਸੈਟ-2ਏ ਦੇ ਐਸੋਸੀਏਟ ਪ੍ਰੋਜੈਕਟ ਡਾਇਰੈਕਟਰ ਵਜੋਂ ਉਸਦੀ ਭੂਮਿਕਾ ਸ਼ਾਮਲ ਹੈ। ਉਸਦੇ ਅਕਾਦਮਿਕ ਪਿਛੋਕੜ ਵਿੱਚ ਇਲੈਕਟ੍ਰੋਨਿਕਸ ਅਤੇ ਸੰਚਾਰ ਵਿੱਚ ਬੈਚਲਰ ਅਤੇ BIT ਰਾਂਚੀ ਤੋਂ ਇਲੈਕਟ੍ਰਾਨਿਕਸ ਵਿੱਚ ਮਾਸਟਰ ਸ਼ਾਮਲ ਹੈ। ਸ਼ਾਜੀ ਦੇ ਯੋਗਦਾਨ ਭਾਰਤ ਦੇ ਪੁਲਾੜ ਮਿਸ਼ਨਾਂ ਵਿੱਚ ਉਸਦੀ ਮਹੱਤਵਪੂਰਣ ਭੂਮਿਕਾ ਨੂੰ ਉਜਾਗਰ ਕਰਦੇ ਹਨ, ਰਾਸ਼ਟਰ ਦੇ ਪੁਲਾੜ ਖੋਜ ਯਤਨਾਂ ਨੂੰ ਅੱਗੇ ਵਧਾਉਣ ਲਈ ਉਸਦੀ ਵਚਨਬੱਧਤਾ 'ਤੇ ਜ਼ੋਰ ਦਿੰਦੇ ਹਨ। ਭਾਰਤ ਵਿੱਚ ਵਿਗਿਆਨ ਵਿੱਚ ਔਰਤਾਂ ਅਤੇ ਲੜਕੀਆਂ ਦੇ ਪ੍ਰਭਾਵ ਨੂੰ ਵੱਧ ਤੋਂ ਵੱਧ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਦੇ ਸਮਰਪਣ, ਲਗਨ ਅਤੇ ਚਤੁਰਾਈ ਨੇ ਦੇਸ਼ ਨੂੰ ਵਿਗਿਆਨਕ ਉੱਤਮਤਾ ਵੱਲ ਪ੍ਰੇਰਿਤ ਕੀਤਾ ਹੈ ਅਤੇ ਵਿਸ਼ਵ ਲਈ ਇੱਕ ਚਮਕਦਾਰ ਮਿਸਾਲ ਕਾਇਮ ਕੀਤੀ ਹੈ। ਜਿਵੇਂ ਕਿ ਅਸੀਂ ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਂਦੇ ਹਾਂ, ਇਹ ਲਾਜ਼ਮੀ ਹੈ ਕਿ ਵਿਗਿਆਨ ਵਿੱਚ ਔਰਤਾਂ ਅਤੇ ਲੜਕੀਆਂ ਲਈ ਨਿਰੰਤਰ ਸਹਾਇਤਾ ਅਤੇ ਮੌਕੇ ਪ੍ਰਦਾਨ ਕੀਤੇ ਜਾਣ, ਇਹ ਯਕੀਨੀ ਬਣਾਉਂਦੇ ਹੋਏ ਕਿ ਸਮਾਜ ਦੇ ਲਾਭ ਅਤੇ ਗਿਆਨ ਦੀ ਤਰੱਕੀ ਲਈ ਉਹਨਾਂ ਦੀਆਂ ਸੰਭਾਵਨਾਵਾਂ ਨੂੰ ਪੂਰੀ ਤਰ੍ਹਾਂ ਸਮਝਿਆ ਜਾ ਰਿਹਾ ਹੈ।






# ਲੋਕ ਸ਼ਾਹੀ 'ਚ "ਰਾਣੀ ਤੇ ਮਿਹਤਰਾਣੀ" ਦੀ ਵੋਟ ਦੀ ਕੀਮਤ ਬਰਾਬਰ ਹੈ

ਹਰਿਆਣਾ ਪ੍ਰਦੇਸ਼ ਦੀ ਸੂਬਾ ਇਕਾਈ ਵਲੋਂ ਅੰਬਾਲਾ ਛਾਉਣੀ ਦੇ ਗਾਂਧੀ ਮੈਦਾਨ ਵਿਚ 18 ਨਵੰਬਰ 1994 ਨੂੰ ਸੂਬਾ ਪੱਧਰੀ "ਦਲ ਬਦਲ ਵਿਰੋਧੀ ਰੈਲੀ" ਰੱਖੀ ਗਈ। ਪੰਜਾਬ ਦੇ ਆਗੂਆਂ ਤੇ ਕਾਰਕੁੰਨਾਂ ਨੂੰ ਇਸ ਰੈਲੀ ਵਿਚ ਹੁੰਮ ਹੁੰਮਾ ਕੇ ਪੁੱਜਣ ਦੀ ਖਾਸ ਤਾਗੀਦ ਕੀਤੀ ਗਈ ਸੀ। ਮੈਂ ਪੰਜਾਬ ਇਕਾਈ ਦਾ ਉਪ ਪ੍ਰਧਾਨ ਸੀ। ਉਸ ਸਮੇਂ ਮੇਰੇ ਪਾਸ ਇਕ ਜੁਗਾੜੂ ਜੀਪ ਸੀ ਜਦਕਿ ਪੰਜਾਬ ਦੇ ਦੂਜੇ ਅਹੁਦੇਦਾਰਾਂ, ਸਾਂਸਦਾਂ ਤੇ ਵਿਧਾਇਕਾਂ ਕੋਲ ਸਰਕਾਰੀ ਜਿਪਸੀਆਂ ਸਨ। "ਮਾੜਾ ਟੱਟੂ ਸੁਵੱਖਤੇ ਸੁਆਰੀ" ਦੀ ਕਹਾਵਤ ਮੁਤਾਬਕ ਮੈਂ ਆਪਣੇ ਚੋਣਵੇਂ ਸਾਥੀਆਂ (ਜਗਰੂਪ ਸਿੰਘ ਸੁਲਹਾਣੀ, ਚਮਕੌਰ ਸਿੰਘ ਮਾਛੀ ਬੁਗਰਾ, ਬਾਪੂ ਤਾਰਾ ਸਿੰਘ, ਤਾਊ ਕੁੰਦਨ ਲਾਲ ਵਾਂਅ, ਬੀਬੀ ਸੁਨੀਤਾ ਰਾਣੀ ਤਲਵੰਡੀ, ਸ੍ਰੀਮਤੀ ਰਾਣੀ ਸਾਈਆਂ ਵਾਲਾ ) ਨੂੰ ਨਾਲ ਲੈ ਕੇ 17 ਨਵੰਬਰ ਦੀ ਰਾਤ ਨੂੰ ਹੀ ਚੱਲ ਪਿਆ। ਮੇਰੀ ਜੀਪ ਦਾ ਡਰਾਇਵਰ ਸਜੌਲ ਸਿੰਘ ਬੜਾ ਉਤਸ਼ਾਹੀ ਤੇ ਹਿੰਮਤੀ ਨੌਜਵਾਨ ਸੀ। ਅਸੀਂ ਮੂੰਹ ਨ੍ਹੇਰੇ ਜਿਹੇ ਪਿੰਡ ਭੱਟੀਆਂ ਖੰਨੇ ਲਾਗੇ ਬਸਪਾ ਆਗੂ ਰਾਮ ਸਿੰਘ ਗੋਗੀ ਦੇ ਘਰ ਜਾ ਅਲਖ ਜਗਾਈ। ਉਹਨਾਂ ਨੇ ਸਾਨੂੰ ਚਾਹ ਪਾਣੀ ਪਿਆ ਕੇ ਤੇ ਰਜਾਈਆਂ ਚ ਆਰਾਮ ਕਰਨ ਦਾ ਪ੍ਰਬੰਧ ਕੀਤਾ। ਸਵੇਰੇ ਨਾਸ਼ਤਾ ਬਾਮਸੇਫ ਆਗੂ ਸ: ਸੁਖਵਿੰਦਰ ਸਿੰਘ ਭੱਟੀਆਂ ਦੇ ਘਰ ਕਰਕੇ ਜਿਪਸੀਆਂ ਵਾਲਿਆਂ ਤੋਂ ਪਹਿਲਾਂ ਹੀ ਅਸੀਂ ਰੈਲੀ ਵਾਲੇ ਸਥਾਨ ਤੇ ਪੁੱਜ ਗਏ।

ਰੈਲੀ ਨੂੰ ਸੰਬੋਧਨ ਕਰਦਿਆਂ ਬਹੁਜਨ ਸਮਾਜ ਪਾਰਟੀ ਦੇ ਜਨਮ ਦਾਤਾ ਮਾਨਯੋਗ ਕਾਂਸ਼ੀ ਰਾਮ ਜੀ ਨੇ ਗੁੱਸੇ ਦੇ ਰੌਂਅ ਚ ਕਿਹਾ ਕਿ ਹਰਿਆਣਾ ਪ੍ਰਦੇਸ਼ ਨੂੰ ਤਿਆਰ ਕਰਨ ਲਈ ਮੇਰੇ ਵਲੋਂ ਬਹੁਤ ਸਮਾਂ ਦਿਤਾ ਗਿਆ ਹੈ। ਪਰ ਏਥੇ ਅਸੀਂ ਅਜੇ ਤਕ ਕਾਮਯਾਬੀ ਦਾ ਮੂੰਹ ਨਹੀਂ ਦੇਖਿਆ। ਹੋਰ ਕਿੰਨਾ ਸਮਾਂ ਹਰਿਆਣਾ ਦੇ ਕੋਹੜੀ (ਕਮਜ਼ੋਰ) ਕਾਰਜ ਕਰਤਾਵਾਂ ਤੇ ਖਰਚ ਕੀਤਾ ਜਾ ਸਕਦਾ ਹੈ ਜਦ ਕਿ ਵੱਡੇ ਤੇ ਜਰਖੇਜ਼ ਸੂਬਿਆਂ ਨੂੰ ਵਧ ਸਮਾਂ ਦੇਣ ਦੀ ਜ਼ਰੂਰਤ ਹੈ ਜਿਹੜੇ ਥੋੜ੍ਹੀ ਮਿਹਨਤ ਨਾਲ ਜ਼ਿਆਦਾ ਕਾਮਯਾਬੀ ਹਾਸਲ ਕਰ ਰਹੇ ਹਨ। ਹਰਿਆਣਾ ਦੇ ਕੋਹੜੀ (ਕਮਜ਼ੋਰ) ਕਾਰਜ ਕਰਤਾਵਾਂ ਨੂੰ ਆਪਣਾ ਕੋਹੜ ਆਪ ਦੂਰ ਕਰਨਾ ਪਵੇਗਾ। ਸਾਡਾ ਕੋਹੜ ਦੂਰ ਕਰਨ ਲਈ ਕੋਈ ਦੂਜਾ ਨਹੀਂ ਆਏਗਾ।

ਦਲ ਬਦਲ ਵਿਰੋਧੀ ਰੈਲੀ ਦਾ ਜ਼ਿਕਰ ਕਰਦਿਆਂ ਉਹਨਾਂ ਨੇ ਆਖਿਆ ਕਿ ਹਰਿਆਣਾ ਚ ਅੰਬਾਲਾ ਦੀ ਲੋਕ ਸਭਾ ਸੀਟ ਦੀ ਵੀ ਚੋਣ ਹੋਣੀ ਐ ਉਸ ਵਿਚ ਮੇਰਾ ਵੀ ਯੋਗਦਾਨ ਹੋਣਾ ਚਾਹੀਦਾ ਐ। ਕਿਉਂਕਿ ਇਸ ਸੀਟ ਤੇ ਇਕ ਕਾਲਕਾ ਵਿਧਾਨ ਸਭਾ ਦੀ ਸੀਟ ਹੈ ਜਿੱਥੇ ਬਸਪਾ ਨੂੰ ਕੇਵਲ 6000 ਵੋਟ ਹੀ ਮਿਲੇ ਹਨ। ਡਰ ਹੈ ਕਿ ਅੰਬਾਲਾ ਲੋਕ ਸਭਾ ਸੀਟ ਤੇ ਵੀ ਕਿਤੇ ਇਸ ਤਰ੍ਹਾਂ ਦਾ ਹਿਸਾਬ ਕਿਤਾਬ ਨਾ ਹੋ ਜਾਵੇ। ਇਸ ਲਈ ਮੈਨੂੰ ਫ਼ਿਕਰ ਹੈ। ਕਿਉਂਕਿ ਆਉਣ ਵਾਲੇ ਡੇਢ ਸਾਲ ਚ ਕੇਂਦਰ ਦੀ ਸਰਕਾਰ ਸਾਡੇ ਸਮਾਜ ਦੀ ਹੋਣੀ ਚਾਹੀਦੀ ਐ। ਇਸ ਲਈ ਫ਼ਿਕਰ ਕਰਨ ਦਾ ਸਮਾਂ ਹੈ। ਸਾਨੂੰ ਪੂਰਾ ਭਰੋਸਾ ਹੈ ਕਿ ਬਹੁਜਨ ਸਮਾਜ ਆਉਣ ਵਾਲੇ ਡੇਢ ਸਾਲ ਦੇ ਅੰਦਰ ਅੰਦਰ ਆਪਣੇ ਅਸਲ ਸਥਾਨ ਤੇ ਪਹੁੰਚ ਜਾਏਗਾ ।

ਬਾਬਾ ਸਾਹਿਬ ਨੇ ਕਿਹਾ ਸੀ "ਜਿਸ ਦਾ ਦਲ ਨਹੀਂ ਉਸਦਾ ਬਲ ਨਹੀਂ"

ਇਸ ਲਈ 14 ਅਪ੍ਰੈਲ 1984 ਨੂੰ ਬਹੁਜਨ ਸਮਾਜ ਦਾ ਦਲ ਬਣਾਇਆ। 1985 ਚ ਪਹਿਲੀ ਵਾਰ ਚੋਣ ਮੈਦਾਨ ਚ ਉਤਰੇ ਉਸ ਸਮੇਂ ਤਾਂ ਸਾਡਾ ਕੋਈ ਉਮੀਦਵਾਰ ਨਾ ਜਿੱਤਿਆ ਪਰ 1989 ਚ ਅਸੀਂ ਜਿੱਤ ਵੱਲ ਵਧਣ ਲੱਗੇ। ਤਿੰਨ ਸਾਂਸਦ ਜਿੱਤ ਗਏ। ਦਸ ਸਾਲਾਂ ਚ ਬਹੁਜਨ ਸਮਾਜ ਨੂੰ ਆਪਣੀ ਸ਼ਕਤੀ ਦਾ ਅਹਿਸਾਸ ਹੋਇਆ ਹੈ। ਅੱਜ ਛੇ ਰਾਜਾਂ ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਪੰਜਾਬ, ਹਰਿਆਣਾ, ਬਿਹਾਰ, ਕਰਨਾਟਕਾ ਤੋਂ ਬਹੁਜਨ ਸਮਾਜ ਪਾਰਟੀ ਦੇ ਚਾਰ ਸਾਂਸਦ ਤੇ 92 ਵਿਧਾਇਕ ਚੁਣੇ ਗਏ ਹਨ। ਪੰਜਾਬ ਚ ਦੂਸਰੇ ਨੰਬਰ ਦੀ ਪਾਰਟੀ ਹੈ। ਦੇਸ਼ ਦੇ ਸੱਭ ਤੋਂ ਵੱਡੇ ਸੂਬੇ ਉਤਰ ਪ੍ਰਦੇਸ਼ ਵਿਚ 18 ਮਹੀਨੇ ਤਕ ਰਲੀ ਮਿ਼ਲੀ ਤੇ ਸਾਢੇ ਚਾਰ ਮਹੀਨੇ ਆਪਣੇ ਬਲ ਬੂਤੇ ਤੇ ਆਪਣੀ ਸਰਕਾਰ ਚਲਾਈ।

ਉਹਨਾਂ ਨੇ ਦੱਸਿਆ ਕਿ ਇਸ ਦੇਸ਼ ਵਿਚ ਡੈਮੋਕਰੇਸੀ ਹੈ, ਲੋਕਸ਼ਾਹੀ ਹੈ। ਇਕ ਆਦਮੀ ਦਾ ਇਕ ਵੋਟ ਹੈ ਤੇ ਇਕ ਵੋਟ ਦੀ ਇਕ ਕੀਮਤ ਹੈ। ਜੋ ਕੀਮਤ ਰਾਣੀ ਦੇ ਵੋਟ ਦੀ ਹੈ ਉਹੀ ਕੀਮਤ ਮਿਹਤਰਾਣੀ ਦੇ ਵੋਟ ਦੀ ਹੈ। ਸੰਵਿਧਾਨ ਬਨਾਉਣ ਤੋਂ ਬਾਅਦ ਬਾਬਾ ਸਾਹਿਬ ਇਉਂ ਕਿਹਾ ਕਰਦੇ ਸਨ। ਰਾਣੀਆਂ ਤਾਂ ਬਹੁਤ ਘੱਟ ਹਨ ਪਰ ਮਿਹਤਰਾਣੀਆਂ ਤਾਂ ਬਹੁਤ ਜ਼ਿਆਦਾ ਹਨ। ਇਸ ਲਈ ਰਾਣੀਆਂ ਦਾ ਨਹੀਂ ਸਗੋਂ ਆਉਣ ਵਾਲੇ ਸਮੇਂ 'ਚ ਮਿਹਤਰਾਣੀਆਂ ਦਾ ਰਾਜ ਹੋਣਾ ਚਾਹੀਦਾ ਹੈ। ਕਿਉਂਕਿ ਹੁਣ ਵੋਟਾਂ ਦੇ ਆਧਾਰ ਤੇ ਰਾਜਭਾਗ ਚਲੇਗਾ। ਬਹੁਜਨ ਸਮਾਜ ਕੋ਼ਲ 100 ਚੋਂ 85 ਵੋਟ ਹਨ। ਸੌ ਚੋਂ ਪਚਾਸੀ ਵੋਟਾਂ ਵਾਲਿਆਂ ਦਾ ਰਾਜ ਹੋਣਾ ਚਾਹੀਦਾ ਹੈ। ਪੰਦਰਾਂ ਵਾਲਿਆਂ ਦਾ ਨਹੀਂ। ਪਰ ਅਜੇ ਤਕ ਪੰਦਰਾਂ ਵਾਲਿਆਂ ਦਾ ਰਾਜ ਚਲ ਰਿਹਾ ਹੈ। ਇਸ ਲਈ ਅਸੀਂ ਨਾਅਰਾ ਲਾਉਂਦੇ ਹਾਂ---

"ਵੋਟ ਹਮਾਰਾ ਰਾਜ ਤੁਮ੍ਹਾਰਾ, ਨਹੀਂ ਚਲੇਗਾ ਨਹੀਂ ਚਲੇਗਾ"

ਅੱਜ ਤਕ ਤਾਂ ਚਲਦਾ ਰਿਹਾ ਹੈ। ਹੁਣ ਅਸੀਂ ਬਹੁਜਨ ਸਮਾਜ ਬਣਾ ਰਹੇ ਹਾਂ, ਬਹੁਜਨ ਸਮਾਜ ਨੂੰ ਤਿਆਰ ਕਰਕੇ ਉਸਦੀ ਸ਼ਕਤੀ ਬਣਾ ਰਹੇ ਹਾਂ ਉਸਦੀ ਸ਼ਕਤੀ ਦਾ ਸਹਾਰਾ ਲੈਕੇ ਰਾਜ ਭਾਗ ਚਲਾਵਾਂਗੇ।

ਉਤਰ ਪ੍ਰਦੇਸ਼ ਹਰਿਆਣਾ ਤੋਂ 9 ਗੁਣਾਂ ਵੱਡਾ ਸੂਬਾ ਹੈ ਉਹ ਆਪਣੇ ਪੈਰਾਂ ਤੇ ਖੜ੍ਹਾ ਹੋਕੇ ਆਪਣੀ ਸ਼ਕਤੀ ਬਣਾ ਕੇ ਆਪਣੀ ਸਰਕਾਰ ਬਣਾ ਚੁਕਾ ਹੈ। ਵੱਡੇ ਸੂਬੇ ਤਿਆਰ ਕਰਨ ਲਈ ਜ਼ਿਆਦਾ ਤਾਕਤ ਦੀ ਲੋੜ ਹੈ। ਪਰ ਛੋਟੇ ਸੂਬਿਆਂ ਚ ਤਾਂ ਥੋੜ੍ਹੀ ਤਾਕਤ ਨਾਲ ਹੀ ਇਹ ਕੰਮ ਹੋ ਸਕਦਾ ਹੈ। ਸਭ ਨੇ ਮਿਲ ਜੁਲ ਕੇ ਇਸ ਕੰਮ ਨੂੰ ਕਰਨਾ ਹੈ। ਬਹੁਜਨ ਸਮਾਜ ਬਨਾਉਣਾ ਹੈ ਆਪਣੀ ਸ਼ਕਤੀ ਬਨਾਉਣੀ ਹੈ ਤੇ ਉਸ ਸ਼ਕਤੀ ਨਾਲ ਦੂਜੇ ਪ੍ਰਦੇਸਾਂ ਦੀ ਤਰ੍ਹਾਂ ਕਾਮਯਾਬੀ ਹਾਸਲ ਕਰਨੀ ਹੈ। ਦੂਜੇ ਸਾਰੇ ਦੇਸ਼ ਵਿਚ ਤਾਂ ਬਹੁਜਨ ਸਮਾਜ ਬਣਾ ਕੇ ਸ਼ਕਤੀ ਬਨਾਉਣ ਦਾ ਕੰਮ 14 ਅਪ੍ਰੈਲ 1984 ਤੋਂ ਸ਼ੁਰੂ ਕੀਤਾ ਗਿਆ ਐ ਜਦੋਂ ਕਿ ਹਰਿਆਣਾ ਵਿਚ ਤਾਂ ਇਹ ਕਾਰਜ 1982 ਤੋਂ ਹੀ ਡੀ ਐਸ ਫੋਰ ਦੇ ਮਾਧਿਅਮ ਤੋਂ ਚੋਣ ਲੜਾ ਕੇ ਕੀਤਾ ਜਾ ਰਿਹਾ ਹੈ।

"ਆਯਾ ਰਾਮ ਗਯਾ ਰਾਮ" ਦਾ ਪ੍ਰਦੇਸ਼ ਹੈ ਹਰਿਆਣਾ। ਹਰਿਆਣਾ ਚ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧੀ ਵੱਡੇ ਪੱਧਰ ਤੇ ਵਿਕੇ ਹਨ ਭਜਨ ਲਾਲ ਇਸ ਬਾਰੇ ਦਸਦਾ ਰਹਿੰਦਾ ਹੈ। ਦੇਸ਼ ਦੇ ਦੂਜੇ ਸੂਬਿਆਂ ਚ ਤਾਂ ਚੁਣੇ ਹੋਏ ਨੁਮਾਇੰਦੇ ਹੁਣ ਵਿਕਣ ਲੱਗੇ ਹਨ। ਲੇਕਿਨ ਹਰਿਆਣਾ ਤਾਂ ਇਸ ਦਾ ਫਾਉਂਡਰ( ਜਨਮ ਦਾਤਾ )ਹੈ। ਅਸੀਂ "ਆਯਾ ਰਾਮ ਗਯਾ ਰਾਮ" ( ਦਲ ਬਦਲ) ਦੀ ਨੀਤੀ ਨੂੰ ਰੋਕਣਾ ਹੈ।

ਭਜਨ ਲਾਲ ਕਾਲਕਾ ਸੀਟ ਤੋਂ ਆਪਣੇ ਲੜਕੇ ਨੂੰ 70-80 ਹਜ਼ਾਰ ਵੋਟਾਂ ਨਾਲ ਚੁਣ ਕੇ ਲਿਆਇਆ ਹੈ ਜਿਥੇ ਬਹੁਜਨ ਸਮਾਜ ਦਾ ਵੋਟ ਭਾਰੀ ਗਿਣਤੀ ਵਿਚ ਹੈ ਪਰ ਬਹੁਜਨ ਸਮਾਜ ਜਾਨਵਰਾਂ ਦੀ ਤਰ੍ਹਾਂ ਵਿਕਦਾ ਹੈ।

ਉਹਨਾਂ ਨੇ ਅੱਗੇ ਬੋਲਦਿਆਂ ਕਿਹਾ ਕਿ ਹਜ਼ਾਰਾਂ ਸਾਲ ਬ੍ਰਾਹਣਵਾਦੀ ਵਿਵਸਥਾ ਨੇ ਸਾਡੇ ਨਾਲ ਜਾਨਵਰਾਂ ਵਾਂਗ ਵਿਹਾਰ ਕੀਤਾ, ਸਾਡੇ ਬਜ਼ੁਰਗਾਂ ਨੇ ਜਾਨਵਰਾਂ ਵਾਂਗ ਜੀਵਨ ਬਤੀਤ ਕੀਤਾ। ਪ੍ਰੰਤੂ ਪਿਛਲੇ ਡੇਢ ਸੌ ਸਾਲ ਤੋਂ ਸਾਡੇ ਰਹਿਬਰਾਂ (ਜੋਤੀ ਬਾ ਫੂਲੇ ਤੋਂ ਲੈਕੇ ਬਾਬਾ ਸਾਹਿਬ ਅੰਬੇਡਕਰ ਤਕ ) ਨੇ ਜੋ ਸੰਘਰਸ਼ ਕੀਤਾ ਉਸ ਸਦਕਾ ਸਾਨੂੰ ਮਾਨਵੀ ਹੱਕ ਮਿਲੇ ਹਨ। ਜੋ ਹੱਕ ਬ੍ਰਾਹਮਣਵਾਦੀ ਵਿਵਸਥਾ ਦੇ ਆਧਾਰ ਨਹੀਂ ਮਿਲੇ ਸਨ ਉਹ ਹੱਕ ਸਾਡੇ ਰਹਿਬਰਾਂ ਨੇ ਸੰਘਰਸ਼ ਕਰਕੇ ਦਿਵਾਏ। ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਬਾਬਾ ਸਾਹਿਬ ਨੇ ਜਦੋਂ ਉਹਨਾਂ ਨੂੰ ਸੰਵਿਧਾਨ ਬਨਾਉਣ ਦਾ ਮੌਕਾ ਮਿਲਿਆ ਤਾਂ ਉਹਨਾਂ ਨੇ ਮਾਨਵੀ ਅਧਿਕਾਰਾਂ ਦੇ ਨਾਲ ਨਾਲ ਸਾਨੂੰ ਬਰਾਬਰੀ ਦੇ ਹੱਕ ਵੀ ਦਿਵਾਏ। ਉਹ ਕਿਹਾ ਕਰਦੇ ਸਨ



ਲਾਲ ਸਿੰਘ ਸੁਲਹਾਣੀ
91-98721-55120

"ਹਜ਼ਾਰਾਂ ਸਾਲਾਂ ਤੋਂ ਸਾਨੂੰ ਮਾਨਵਤਾ ਤੇ ਬਰਾਬਰੀ ਦਾ ਹੱਕ ਨਹੀਂ ਮਿਲਿਆ ਅੱਜ ਜਦੋਂ ਸਾਨੂੰ ਵੋਟ ਦਾ, ਬਰਾਬਰੀ ਦਾ ਹੱਕ ਮਿਲਿਆ ਹੈ ਤਾਂ ਮੈਂ ਸਮਝਦਾ ਹਾਂ ਕਿ ਸਾਨੂੰ ਐਸਾ ਅਧਿਕਾਰ ਮਿਲਿਆ ਹੈ ਜਿਸ ਨਾਲ ਅਸੀਂ ਆਪਣੇ ਹਿਤ ਦੀ ਸਰਕਾਰ ਚੁਣਨ ਸਕਦੇ ਹਾਂ ਅਸੀਂ ਇਸ ਦੇਸ਼ ਦੇ ਹੁਕਮਰਾਨ ਬਣ ਸਕਦੇ ਹਾਂ ਅੱਜ ਆਪ ਆਪਣੇ ਵੋਟ ਦਾ ਸਹੀ ਇਸਤੇਮਾਲ ਕਰਕੇ ਇਸ ਦੇਸ਼ ਦੇ ਬਾਸ਼ਿੰਦੇ (ਬਹੁਜਨ) ਇਸ ਦੇਸ਼ ਦੇ ਮਾਲਕ ਬਣ ਸਕਦੇ ਹੋ।"

ਉਹਨਾਂ ਨੇ ਆਖਿਆ ਕਿ ਅਸੀਂ ਕਾਮਯਾਬੀ ਤਕ ਨਹੀਂ ਪੁੱਜ ਸਕੇ ਕਿਉਂਕਿ ਸਾਡੇ ਸਮਾਜ ਦੇ ਕਮੀਨੇਪਣ ਦੀ ਕਮਜ਼ੋਰੀ ਸਦਕਾ ਅਸੀਂ ਕਦੇ ਇਕੱਠੇ ਨਹੀਂ ਹੋਏ, ਤਾਕਤ ਨਹੀਂ ਬਣਾ ਸਕੇ। ਇਕੱਠੇ ਹੋਏ ਵੀ ਤਾਂ ਮਾਲਕ ਦੇ ਪੈਰਾਂ ਵਿਚ। ਭਜਨ ਲਾਲ ਦੇ ਪੈਰਾਂ ਵਿਚ ਤਾਂ ਇਕੱਠੇ ਹੋ ਜਾਉਗੇ ਲੇਕਿਨ ਆਪਣੇ ਪੈਰਾਂ ਤੇ ਨਹੀਂ।

ਭਜਨ ਲਾਲ ਵਰਗਿਆਂ ਦੀ ਕੋਸ਼ਿਸ਼ ਰਹਿੰਦੀ ਹੈ ਕਿ ਸਾਡਾ ਕਮੀਨਾਪਣ ਬਣਿਆਂ ਰਹੇ ਉਸਦੇ ਲਈ ਉਹ ਕੁਝ ਲੋਕਾਂ ਦੀ ਖ਼ਰੀਦੋ ਫਰੋਖ਼ਤ ਕਰਦੇ ਰਹਿੰਦੇ ਹਨ।

ਹੁਣ ਮੇਰੇ ਕੋਲ ਭਜਨ ਲਾਲ ਵਰਗਿਆਂ ਨਾਲ ਉਲਝਣ ਵਾਸਤੇ ਵਕਤ ਨਹੀਂ ਕਿਉਂਕਿ ਮੈਂ ਨਰ ਸਿਮ੍ਹਾ ਰਾਉ ਨਾਲ ਉਲਝਣਾਂ ਹੈ,ਪੰਡਤ ਨਾਲ ਉਲਝਣਾ ਹੈ, ਚਮਚੇ ਨਾਲ ਨਹੀਂ। ਇਸ ਲਈ ਛੋਟੇ ਪੱਧਰ ਤੇ ਆਪ ਲੋਕਾਂ ਨੇ ਨਿਬੜਨਾ ਹੈ। ਐਸੇ ਲੋਕਾਂ ਲਈ ਕੰਮ ਕਰਨਾ ਹੈ ਜੋ ਜਾਨਵਰ ਤੋਂ ਇਨਸਾਨ ਬਣਨਾ ਚਾਹੁੰਦੇ ਹਨ। ਆਪਣੇ ਪੈਰਾਂ ਤੇ ਖੜ੍ਹੇ ਹੋ ਕੇ ਨਾ ਵਿਕਣ ਵਾਲੇ, ਜੋ ਆਪਣੀ ਵਿਗੜੀ ਬਨਾਉਣਾ ਚਾਹੁੰਦੇ ਹਨ ਉਹਨਾਂ ਨੂੰ ਨਾਲ ਲੈਕੇ ਅੱਗੇ ਵਧਣਾ ਹੈ।

ਰੈਲੀ ਵਿਚ ਹਰਿਆਣਾ ਪ੍ਰਦੇਸ਼ ਦੇ ਬਹੁਜਨ ਸਮਾਜ ਦੀ ਤਰਫੋਂ ਸ੍ਰੀ ਅਮਨ ਕੁਮਾਰ ਨਾਗਰਾ ਪ੍ਰਧਾਨ ਹਰਿਆਣਾ ਪ੍ਰਦੇਸ਼ ਵਲੋਂ ਮਾਨਯੋਗ ਕਾਂਸ਼ੀ ਰਾਮ ਜੀ ਨੂੰ 1,11,111 ਰੁਪਏ ਦੀ ਥੈਲੀ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਸੀ।

# ਮਾਰੂਥਲ ਦੀ ਰੇਤਲੀ ਤੇ ਬੰਜਰ ਜ਼ਮੀਨ 'ਚ ਉੱਗਿਆ ਕਮਲ ਦਾ ਫੁੱਲ ਲਾਲ ਸਿੰਘ ਸੁਲਹਾਣੀ

ਸਿੱਖ ਇਤਿਹਾਸ, ਗੁਰਮਤਿ ਤੇ ਸਾਹਿਤਕ ਸਮੁੰਦਰ ਦੇ ਗਹਿਰੇ ਗੋਤਾਖੋਰ ਤੇ ਅੰਬੇਡਕਰੀ ਚਿੰਤਕ ਅਤੇ ਰਾਜਨੀਤਕ ਖੇਤਰ ਵਿਚ ਤਿਆਗ, ਦਿਆਨਤਦਾਰੀ ਇਮਾਨਦਾਰੀ ਦੀ ਖੂਬਸੂਰਤ ਮਿਸਾਲ ਹਨ ਸਰਦਾਰ ਲਾਲ ਸਿੰਘ ਸੁਲਹਾਣੀ ਜੋ ਸਮਾਜ ਸੇਵਾ ਦੇ ਖੇਤਰ ਵਿਚ ਕੋਹਿਨੂਰ ਵਰਗੀ ਚਮਕ ਰਖਦੇ ਹਨ। ਫਿਰੋਜ਼ਪੁਰ ਤੋਂ 25 ਕੁ ਕਿਲੋਮੀਟਰ ਚੜ੍ਹਦੇ ਵੱਲ ਤਲਵੰਡੀ ਭਾਈ ਦੇ ਨਜ਼ਦੀਕ ਸੁਲਹਾਣੀ ਪਿੰਡ ਵਿੱਚ ਸਰਦਾਰ ਨਗਿੰਦਰ ਸਿੰਘ ਦੇ ਗ੍ਰਹਿ ਵਿਖੇ ਮਜ਼ਹਬੀ ਸਿੱਖ ਪਰਵਾਰ ਵਿੱਚ ਮਾਤਾ ਮੁਖਤਿਆਰ ਕੌਰ ਦੀ ਕੁੱਖੋਂ ਜਨਮੇ ਸਰਦਾਰ ਲਾਲ ਸਿੰਘ ਸੁਲਹਾਣੀ ਦਾ ਬਚਪਨ ਤੰਗੀਆਂ ਤੁਰਸ਼ੀਆਂ ਵਿਚ ਗੁਜ਼ਰਿਆ। ਉਹਨਾਂ ਨੂੰ ਪੜ੍ਹਾਈ ਦਾ ਚੇਟਕ ਸ਼ੁਰੂ ਤੋਂ ਹੀ ਸੀ। ਉਹਨਾਂ ਨੇ ਮੈਟ੍ਰਿਕ, ਗਿਆਨੀ, ਸਿੱਖ ਮਿਸ਼ਨਰੀ ਦੇ ਨਾਲ ਨਾਲ ਗ੍ਰੈਜੂਏਸ਼ਨ ਤੱਕ ਪੜ੍ਹਾਈ ਕੀਤੀ ਹੈ। ਸਰਦਾਰ ਲਾਲ ਸਿੰਘ ਸੁਲਹਾਣੀ ਸਿੱਖ ਇਤਿਹਾਸ ਦੀ ਡੂੰਘੀ ਸਮਝ ਰੱਖਣ ਦੇ ਨਾਲ ਮੌਜੂਦਾ ਸਮਾਜਕ ਤੇ ਸਿਆਸੀ ਹਾਲਾਤਾਂ ਪ੍ਰਤੀ ਗਹਿਰੀ ਚਿੰਤਾ ਵੀ ਕਰਦੇ ਹਨ। ਸਰਦਾਰ ਸੁਲਹਾਣੀ ਨੇ ਖੁਰਾਕ ਤੇ ਸਪਲਾਈਜ਼ ਵਿਭਾਗ ਪੰਜਾਬ ਵਿੱਚ ਚੰਗੀ ਪੋਸਟ ਤੇ ਨੌਕਰੀ ਕੀਤੀ। ਇਸ ਦੌਰਾਨ ਉਹ ਮੁਲਾਜ਼ਮ ਜਥੇਬੰਦੀ ਬਾਮਸੇਫ ਨਾਲ ਜੁੜੇ ਰਹੇ। ਬਾਮਸੇਫ, ਡੀ ਐਸ ਫ਼ੋਰ ਤੇ ਬਹੁਜਨ ਸਮਾਜ ਪਾਰਟੀ ਦੇ ਬਾਨੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਕਹਿਣ ਤੇ ਦਲਿਤਾਂ ਵਿੱਚ ਜਾਗਰਤੀ ਲਿਆਉਣ ਲਈ ਉਹਨਾਂ ਨੇ ਸਰਕਾਰੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਉਹ ਹੱਥ ਵਿੱਚ ਨੀਲਾ ਝੰਡਾ ਲੈ ਕੇ ਪਿੰਡਾਂ ਵਿਚ ਦੱਬੇ ਕੁੱਚਲੇ ਲੋਕਾਂ ਨੂੰ ਜਗਾਉਣ ਲਈ ਨਿਕਲ ਪਏ। ਫਿਰ ਕਦੇ ਪਿੱਛੇ ਨਹੀਂ ਮੁੜੇ। ਭਾਰਤ ਵਿੱਚ ਸਾਹਿਬ ਕਾਂਸ਼ੀ ਰਾਮ ਜੀ ਦੇ ਸਭ ਤੋਂ ਨੇੜਲੇ ਕਰੀਬੀਆਂ ਵਿੱਚੋਂ ਇੱਕ ਸਨ ਉਸ ਵੇਲੇ ਸਰਦਾਰ ਲਾਲ ਸਿੰਘ ਸੁਲਹਾਣੀ। ਉਹ ਬਹੁਜਨ ਸਮਾਜ ਪਾਰਟੀ ਦੇ ਲੰਮਾਂ ਸਮਾਂ ਸੂਬਾ ਉਪ ਪ੍ਰਧਾਨ ਰਹੇ ਹਨ। ਸਾਹਿਬ ਕਾਂਸ਼ੀ ਰਾਮ ਦੇ ਸਮੇਂ ਉਹ ਬਸਪਾ ਪੰਜਾਬ ਦੇ ਮੂਹਰਲੀ ਕਤਾਰ ਦੇ ਲੀਡਰਾਂ ਵਿੱਚੋਂ ਇੱਕ ਸਨ। ਪ੍ਰੋਫੈਸਰ ਗੁਰਨਾਮ ਸਿੰਘ ਮੁਕਤਸਰ ਤੇ ਹਰਭਜਨ ਸਿੰਘ ਲਾਖਾ ਸਾਬਕਾ ਐਮ ਪੀ ਸਮੇਤ ਬਹੁਤ ਗਿਣਤੀ ਬਹੁਜਨ ਸਮਾਜ ਦੇ ਇਨ-ਕਲਾਬੀ ਤੇ ਮਿਸ਼ਨਰੀ ਕਾਰਜਕਰਤਾ ਸਰਦਾਰ ਸੁਲਹਾਣੀ ਦੇ ਪਾਰਟੀ ਪ੍ਰਤੀ ਤਿਆਗ ਤੇ ਸਮਰਪਣ ਕਰਕੇ ਦਿਲੋਂ ਕਦਰ ਕਰਦੇ ਹਨ। ਲੇਕਿਨ ਕੁਝ ਕੁ ਈਰਖਾਲੂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨਾਲ ਜ਼ਿਆਦਾ ਨੇੜਤਾ ਸਦਕਾ ਖਾਰ ਵੀ ਖਾਂਦੇ ਸਨ। ਸੁਲਹਾਣੀ ਜੀ ਇਕ ਉੱਘੇ ਚਿੰਤਕ ਤੇ ਸਾਹਿਤ ਦੀ ਸਮਝ ਰੱਖਣ ਵਾਲੇ ਲੇਖਕ ਵੀ ਹਨ। ਉਹਨਾਂ ਦੀਆਂ ਕਵਿਤਾਵਾਂ ਤੇ ਲੇਖ ਅਕਸਰ ਅਖ਼ਬਾਰਾਂ ਵਿੱਚ ਛਪਦੇ ਰਹਿੰਦੇ ਹਨ। ਅਜੋਕੇ ਸਮੇਂ ਸਰਦਾਰ ਲਾਲ ਸਿੰਘ ਸੁਲਹਾਣੀ ਜੀ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਹਨ। ਹੁਣ ਉਹਨਾਂ ਦਾ ਫਿਰੋਜ਼ਪੁਰ ਲਾਗੇ ਪਿੰਡ ਸਤੀਏਵਾਲੇ ਵਿਖੇ ਛੋਟਾ ਸਾਦਾ ਜਿਹਾ ਘਰ ਹੈ। ਸਰਦਾਰ ਸੁਲਹਾਣੀ ਜੀ ਸਾਹਿਬ ਕਾਂਸ਼ੀ ਰਾਮ ਜੀ ਦੇ ਮਿਸ਼ਨ ਦੇ ਪਾਂਧੀ ਹਨ ਉਹ ਘਰ ਕਦੇ ਘਰ ਟਿਕਦੇ ਹੀ ਨਹੀਂ। ਪਿੰਡ ਪਿੰਡ ਜਾ ਕੇ ਲੋਕਾਂ ਵਿਚ ਚੇਤਨਾ ਦਾ ਪ੍ਰਸਾਰ ਕਰਦੇ ਹੋਏ ਕਾਂਸ਼ੀ ਰਾਮ ਜੀ ਦੇ ਮਿਸ਼ਨ ਤੋਂ ਜਾਣੂ ਕਰਵਾਉਂਦੇ ਰਹਿੰਦੇ ਹਨ। ਉਹ ਰੁੱਖੀ ਮਿੱਸੀ ਖਾ ਕੇ ਬਹੁਜਨ ਸਮਾਜ ਦੇ ਰਾਜ ਦੇ ਸੰਕਲਪ ਸਾਹਿਬ ਕਾਂਸ਼ੀ ਰਾਮ ਜੀ ਦੇ ਸੁਪਨਿਆਂ ਨੂੰ ਪੂਰਾ ਹੁੰਦਾ ਦੇਖਣ ਦੇ ਇੱਛਕ ਹਨ। ਸਰਦਾਰ ਲਾਲ ਸਿੰਘ ਸੁਲਹਾਣੀ ਬਜ਼ੁਰਗ ਹੋਣ ਦੇ ਬਾਵਜੂਦ ਅੱਜ ਵੀ ਨੌਜਵਾਨਾਂ ਵਾਂਗ ਦਿਨ ਰਾਤ ਮਿਹਨਤ ਕਰਕੇ ਬਹੁਜਨ ਸਮਾਜ ਪਾਰਟੀ ਦੀ ਮਜ਼ਬੂਤੀ ਲਈ ਲੱਗੇ ਹੋਏ ਹਨ।



ਸੱਚ ਮੁੱਚ ਸਿਰ ਝੁਕਦਾ ਐ ਉਹਨਾਂ ਦੀ ਮਿਹਨਤ, ਸਮਰਪਣ ਤੇ ਤਿਆਗ ਅੱਗੇ ਜਿਹਨਾਂ ਨੇ ਸਰਕਾਰੀ ਨੌਕਰੀ ਤਿਆਗ ਕੇ ਆਪਣੇ ਬਚਿਆਂ ਦਾ ਭਵਿੱਖ ਤੇ ਸਮੁੱਚਾ ਜੀਵਨ ਅੰਬੇਡਕਰ ਮਿਸ਼ਨ ਦੇ ਲੇਖੇ ਲਾ ਦਿੱਤਾ। ਸਰਦਾਰ ਲਾਲ ਸਿੰਘ ਸੁਲਹਾਣੀ ਜੀ ਦਾ ਮੋਬਾਇਲ ਨੰਬਰ 9872155120 ਹੈ। ਮੇਰੇ ਸ਼ਬਦ ਤੇ ਕਲਮ ਉਹਨਾਂ ਦੀ ਕੁਰਬਾਨੀ ਅੱਗੇ ਬਹੁਤ ਛੋਟੇ ਹਨ। ਮੈਂ ਐਸੇ ਸਿੱਖ ਚਿੰਤਕ,ਦਲਿਤ ਹਿਤੈਸ਼ੀ ਤੇ ਗਰੀਬ ਗੁਰਬਿਆਂ ਦੇ ਹਾਮੀ ਉਘੇ ਸਾਹਿਤਕ ਆਗੂ ਸਰਦਾਰ ਲਾਲ ਸਿੰਘ ਸੁਲਹਾਣੀ ਦੀ ਤੰਦਰੁਸਤੀ ਤੇ ਲੰਮੀ ਉਮਰ ਦੀ ਕਾਮਨਾ ਕਰਦੀ ਹਾਂ।

# ਬਾਬਾ ਸਾਹਿਬ ਦੇ ਮਿਸ਼ਨ ਦੇ ਸਮੱਰਥਕ ਅਤੇ ਬਹੁਜਨ ਸਮਾਜ ਅੰਦੋਲਨ ਦੇ ਸਹਿਯੋਗੀ ਰਹੇ ਸਵਰਗਵਾਸੀ ਸ੍ਰੀ ਕਿਸ਼ੋਰੀ ਲਾਲ ਬਾਵੇਰਵਾਲ ਦੇ ਭੋਗ ਤੇ ਵਿਸ਼ੇਸ਼

ਭਾਰਤ ਦੀ ਆਜ਼ਾਦੀ ਤੋਂ ਮਹਿਜ਼ ਸੌ ਦਿਨ ਪਹਿਲਾਂ 4 ਮਈ 1947 ਨੂੰ ਸਵਰਗਵਾਸੀ ਸ੍ਰੀ ਪਰਤਾ ਰਾਮ ਜੀ ਦੇ ਗ੍ਰਹਿ ਵਿਖੇ ਮਾਤਾ ਮਾੜੀ ਦੇਵੀ ਦੀ ਕੁੱਖੋਂ ਸ੍ਰੀ ਕਿਸ਼ੋਰੀ ਲਾਲ ਬਾਵੇਰਵਾਲ ਦਾ ਜਨਮ ਹੋਇਆ। ਬਚਪਨ ਵਿਚ ਹੀ ਮਾਂ ਦਾ ਸਾਇਆ ਉਹਨਾਂ ਦੇ ਸਿਰ ਤੋਂ ਉਠ ਗਿਆ। ਆਪਣੇ ਛੋਟੇ ਭਾਈ ਹਰਬੰਸ ਲਾਲ ਦਾ ਪਾਲਣ ਪੋਸ਼ਣ ਕਰਨ ਲਈ ਉਹ ਆਪਣੇ ਪਿਤਾ ਨਾਲ ਪਰਵਾਰਕ ਕੰਮਾਂ ਚ ਹੱਥ ਵਟਾਉਂਦੇ ਰਹੇ। ਗਰੀਬੀ ਤੇ ਤੰਗੀਆਂ ਤੁਰਸ਼ੀਆਂ ਦੇ ਬਾਵਜੂਦ ਉਹ ਪੜ੍ਹਾਈ ਵਿਚ ਵਿਸ਼ੇਸ਼ ਰੁਚੀ ਰੱਖਦੇ ਸਨ। ਉਹਨਾਂ ਨੇ 1964 ਵਿਚ ਦਸਵੀਂ ਪਾਸ ਕਰ ਲਈ ਅਤੇ ਹਾਇਰ ਸੈਕੰਡਰੀ ਸਕੂਲ ਵਿਚ ਦਾਖਲ ਹੋ ਗਏ। ਪੜ੍ਹਾਈ ਦੇ ਨਾਲ ਨਾਲ ਉਹਨਾਂ ਨੇ ਬਿਜਲੀ ਫਿਟਿੰਗ ਦਾ ਕੰਮ ਸਿੱਖ ਲਿਆ। ਉਹ ਸਖ਼ਤ ਮਿਹਨਤ ਕਰਕੇ ਪਰਵਾਰ ਦੀ ਖੁਸ਼ਹਾਲੀ ਲਈ ਯਤਨਸ਼ੀਲ ਰਹੇ। ਉਹਨਾਂ ਨੇ ਕੁਝ ਸਮਾਂ ਪੰਜਾਬ ਰੋਡਵੇਜ਼ ਅਤੇ ਨਹਿਰੀ ਵਿਭਾਗ ਵਿਚ ਨੌਕਰੀ ਕੀਤੀ।



Late Shri Kishori Lal Bawerwa
4 May 1947 - 7 March 2024

7 ਜੁਲਾਈ 1968 ਨੂੰ ਉਹਨਾਂ ਦੀ ਸ਼ਾਦੀ ਸ੍ਰੀ ਮਤੀ ਅੰਗੂਰੀ ਦੇਵੀ ਨਾਲ ਹੋ ਗਈ। 23 ਜੁਲਾਈ 1970 ਨੂੰ ਉਹ ਬਰਜਿੰਦਰਾ ਕਾਲਜ ਫਰੀਦਕੋਟ ਵਿਖੇ ਬਤੌਰ ਲੈਬ ਅਟੈਂਡਡੈਂਟ ਨਿਯੁਕਤ ਹੋ ਗਏ। ਉਹਨਾਂ ਦੇ ਗ੍ਰਹਿ ਵਿਖੇ ਤਿੰਨ ਪੁੱਤਰ ਤੇ ਦੋ ਧੀਆਂ ਨੇ ਜਨਮ ਲਿਆ। ਜੇਠੇ ਪੁੱਤਰ ਸ੍ਰੀ ਬਾਲ ਕ੍ਰਿਸ਼ਨ ਬਤੌਰ ਏ ਐਸ ਆਈ ਪੰਜਾਬ ਪੁਲੀਸ ਐਸ ਐਸ ਪੀ ਦਫ਼ਤਰ ਫਰੀਦਕੋਟ ਵਿਖੇ ਸੇਵਾਵਾਂ ਨਿਭਾਅ ਰਹੇ ਹਨ। ਉਹ ਬੜੇ ਸੁਲਝੇ, ਸਾਊ ਤੇ ਮਿਲਣਸਾਰ ਸੁਭਾਅ ਦੇ ਮਾਲਕ ਹਨ। ਉਹਨਾਂ ਦੀ ਪਤਨੀ ਬੀਬੀ ਸੰਤੋਸ਼ ਰਾਣੀ ਮਿਲਣਸਾਰ ਅਤੇ ਸਾਊ ਸੁਭਾਅ ਵਾਲੀ ਔਰਤ ਹੈ। ਉਹਨਾਂ ਦੇ ਦੂਸਰੇ ਪੁੱਤਰ ਸ੍ਰੀ ਮਨਮੋਹਨ ਕ੍ਰਿਸ਼ਨ ਕਮਿਸਟਰੀ ਪ੍ਰੋਫੈਸਰ ਵਜੋਂ ਸਰਕਾਰੀ ਬਹੁ ਤਕਨੀਕੀ ਕਾਲਜ ਕੋਟ ਕਪੂਰਾ ਵਿਖੇ ਤੈਨਾਤ ਹਨ। ਜੋ ਬਹੁਤ ਪਿਆਰੇ ਤੇ ਸਾਊ ਵਧੀਆ ਸੁਭਾਅ ਦੇ ਮਨੁੱਖ ਹਨ। ਉਹਨਾਂ ਦੀ ਪਤਨੀ ਬੀਬੀ ਰਾਜ ਰਾਣੀ ਸਰਕਾਰੀ ਅਧਿਆਪਕਾ ਵਜੋਂ ਤੈਨਾਤ ਹਨ।

ਉਹਨਾਂ ਦੇ ਤੀਜੇ ਪੁੱਤਰ ਐਡਵੋਕੇਟ ਅਵਤਾਰ ਕ੍ਰਿਸ਼ਨ ਜੋ ਫਰੀਦ ਕੋਟ ਜ਼ਿਲ੍ਹਾ ਕਚਹਿਰੀਆਂ ਵਿਚ ਬਤੌਰ ਸੀਨੀਅਰ ਵਕੀਲ ਪਰੈਕਟਿਸ ਕਰਦੇ ਹਨ ਅਤੇ ਆਪਣੇ ਪਿਤਾ ਵਲੋਂ ਵਿਰਸੇ ਵਿਚ ਮਿਲੀ ਗੁੜ੍ਹਤੀ ਵਜੋਂ ਸਮਾਜ ਸੇਵਾ ਲਈ ਤੱਤਪਰ ਰਹਿੰਦੇ ਹਨ। ਉਹ ਵਰਤਮਾਨ ਸਮੇਂ ਪੰਜਾਬ ਬਹੁਜਨ ਸਮਾਜ ਪਾਰਟੀ ਦੇ ਸੂਬਾ ਸਕੱਤਰ ਹਨ। ਉਹ ਬੜੀ ਸਿਦਕ ਦਿਲੀ, ਦਿਆਨਤਦਾਰੀ ਤੇ ਮਿਹਨਤ ਨਾਲ ਆਪਣੀ ਜ਼ਿਮੇਵਾਰੀ ਨਿਭਾਅ ਰਹੇ ਹਨ। ਉਹਨਾਂ ਦੀ ਪਤਨੀ ਬੀਬੀ ਸੁਨੀਤਾ ਰਾਣੀ ਸਰਕਾਰੀ ਅਧਿਆਪਕਾ ਵਜੋਂ ਤੈਨਾਤ ਹਨ ਜੋ ਬਹੁਤ ਸੁਸ਼ੀਲ, ਮਿਲਣਸਾਰ ਅਤੇ ਮਿਸ਼ਨਰੀ ਔਰਤ ਹੈ। ਸ੍ਰੀ ਕਿਸ਼ੋਰੀ ਲਾਲ ਜੀ ਦੀ ਇਕ ਲੜਕੀ ਅਨੀਤਾ ਦੇਵੀ ਜਿਨ੍ਹਾਂ ਦੀ ਇਕ ਹਾਦਸੇ ਚ ਮੌਤ ਹੋ ਗਈ ਸੀ ਅਤੇ ਦੂਸਰੀ ਲੜਕੀ ਬੀਬੀ ਸੁਨੀਤਾ ਰਾਣੀ ਆਪਣੇ ਘਰ ਖੁਸ਼ਹਾਲ ਜੀਵਨ ਬਸਰ ਕਰ ਰਹੀ ਹੈ।

ਸਵਰਗਵਾਸੀ ਸ੍ਰੀ ਕਿਸ਼ੋਰੀ ਲਾਲ ਬਾਵੇਰਵਾਲ ਜੀ 2005 ਵਿਚ ਬਤੌਰ ਐਸ ਐਲ ਏ ਬਰਜਿੰਦਰਾ ਕਾਲਜ ਫਰੀਦਕੋਟ ਤੋਂ ਸੇਵਾ ਮੁਕਤ ਹੋਏ। ਉਹਨਾਂ ਨੇ ਆਪਣੇ ਜੀਵਨ ਦੌਰਾਨ ਸਖ਼ਤ ਮਿਹਨਤ ਅਤੇ ਸੰਘਰਸ਼ ਕਰਕੇ ਆਪਣੇ ਬੱਚਿਆਂ ਨੂੰ ਵਧੀਆ ਤੇ ਮਿਆਰੀ ਜੀਵਨ ਜਿਉਣ ਦੇ ਕਾਬਲ ਬਨਾਉਣ ਲਈ ਉੱਚ ਸਿੱਖਿਆ ਦੇ ਨਾਲ ਨਾਲ ਆਪਣੇ ਰਹਿਬਰਾਂ ਦੇ ਸੁਪਨੇ ਸਾਕਾਰ ਕਰਨ ਲਈ ਭਾਰਤੀ ਸੰਵਿਧਾਨ ਦੇ ਰਚੇਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੇ ਮਿਸ਼ਨ ਨਾਲ ਵੀ ਜੋੜਿਆ। ਜਿੱਥੇ ਨੌਕਰੀ ਦੌਰਾਨ ਉਹ ਬਤੌਰ ਬਾਮਸੇਫ ਕਾਰਜ ਕਰਤਾ ਬਹੁਜਨ ਸਮਾਜ ਦੇ ਮਸੀਹਾ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਸਮਾਜਕ ਪ੍ਰਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਵਿਚ ਸਹਿਯੋਗੀ ਰਹੇ ਉੱਥੇ ਸੇਵਾ ਮੁਕਤੀ ਉਪਰੰਤ ਉਹ ਸਮਾਜਕ ਤੇ ਧਾਰਮਕ ਕਾਰਜਾਂ ਵਿਚ ਜੁਟ ਗਏ ਤੇ ਗੁਰੂ ਰਵਿਦਾਸ ਦਾ ਚਿਤਵਿਆ ਬੇਗਮਪੁਰਾ ਵਸਾਉਣ ਲਈ ਰਹਿਬਰਾਂ ਦਾ ਮਿਸ਼ਨ ਘਰ ਘਰ ਪੁਚਾਉਣ ਲਈ ਸੰਘਰਸ਼ੀਲ ਰਹੇ।

7 ਮਾਰਚ 2024 ਨੂੰ ਸੰਖੇਪ ਬੀਮਾਰੀ ਕਾਰਨ ਸ੍ਰੀ ਕਿਸ਼ੋਰੀ ਲਾਲ ਬਾਵੇਰਵਾਲ ਪਰਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਅੱਜ ਮਿਤੀ 13 ਮਾਰਚ ਨੂੰ (12-00 ਤੋਂ 1-00 ਵਜੇ) ਵਿਸ਼ਵ ਕਰਮਾਂ ਭਵਨ ਕੋਟਕਪੂਰਾ ਵਿਖੇ ਉਹਨਾਂ ਦੀ ਅੰਤਮ ਅਰਦਾਸ ਮੌਕੇ ਪਰਵਾਰ ਦੇ ਦੁੱਖ ਵਿਚ ਸ਼ਰੀਕ ਹੁੰਦਿਆਂ ਉਹਨਾਂ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਟ ਕਰਦੇ ਹਾਂ।

**- ਲਾਲ ਸਿੰਘ ਸੁਲਹਾਣੀ**

# ਪੰਜਾਬੀ ਫ਼ਿਲਮ ਦਰਪਣ




### ਯੋਗਰਾਜ ਸਿੰਘ ਲਈ 'ਆਪਣੇ ਘਰ ਬੇਗਾਨੇ'

ਬਲਰਾਜ ਸਿਆਲ ਦੀ ਨਵੀਂ ਫ਼ਿਲਮ ਵਿੱਚ ਯੋਗਰਾਜ ਸਿੰਘ ਇੱਕ ਵੱਖਰਾ ਜਿਹਾ ਕਿਰਦਾਰ ਕਰਦੇ ਨਜ਼ਰ ਆਉਣ ਵਾਲੇ ਹਨ। ਯੋਗਰਾਜ ਸਿੰਘ ਨਾਲ। ਰੁਪਿੰਦਰ ਰੂਪੀ ਵੀ ਹੈ ਤੇ ਨਾਲ ਰੌਸ਼ਨ ਪ੍ਰਿੰਸ ਤੇ ਕੁਲਰਾਜ



ਰੰਧਾਵਾ ਵੀ ਹਨ। ਚਿਰਾਂ ਬਾਅਦ ਕੁਲਰਾਜ ਫਿਰ ਆ ਰਹੀ ਹੈ। ਯੋਗਰਾਜ ਸਿੰਘ ਫ਼ਿਲਮ ਨੂੰ ਪਰਿਵਾਰਕ ਫ਼ਿਲਮ ਦਸਦੇ ਹਨ ਤੇ ਆਖਦੇ ਹਨ ਕਿ ਰਾਣਾ ਰਣਵੀਰ ਵੀ ਫ਼ਿਲਮ ਵਿੱਚ ਹਨ ਤੇ ਸਾਡੀ ਇਹ ਫ਼ਿਲਮ ਹਰ ਪਰਿਵਾਰ ਦੀ ਪਸੰਦ ਬਣੇ ਬਲਰਾਜ ਸਿਆਲ ਨੇ ਪੂਰੀ ਕੋਸ਼ਿਸ਼ ਕੀਤੀ ਹੈ। ਯੋਗਰਾਜ ਸਿੰਘ 'ਆਪਣੇ ਘਰ ਬੇਗਾਨੇ' ਤੋਂ ਇਲਾਵਾ 'ਸ਼ਾਇਰ' ਵਿੱਚ ਨੀਰੂ ਬਾਜਵਾ ਤੇ ਸਤਿੰਦਰ ਸਰਤਾਜ ਨਾਲ ਆ ਰਹੇ ਹਨ ਜਦ ਕਿ ਐਮੀ ਵਿਰਕ ਨਾਲ ਓਹਨਾਂ ਨੇ 'ਕੁੜੀ ਹਰਿਆਣੇ ਵੱਲ ਦੀ' ਕੀਤੀ ਹੈ। 2024 ਓਹਨਾਂ ਲਈ ਰੁਝੇਵੇਂ ਵਾਲਾ ਸਾਲ ਹੈ।

### ਰੁਪਿੰਦਰ ਗੋਇਲ ਗਏ ਕੈਨੇਡਾ, ਫਿਲਮੀ ਪਿਆਰ ਬਰਕਰਾਰ

'ਬਦਲਾ ਜੱਟੀ ਦਾ' ਦੇ ਸਹਿ ਨਾਇਕ ਦਵਿੰਦਰ ਦੀਪ ਕਾਲਾ ਦੇ ਫ਼ਿਲਮੀ ਸਲਾਹਕਾਰ ਤੇ ਫ਼ਿਲਮ ਸਮੀਖਿਅਕ ਰੁਪਿੰਦਰ ਗੋਇਲ ਵੀ ਸੰਗਰੂਰ, ਮਾਨਸਾ ਇਲਾਕਾ ਦਾ ਮਾਣ ਹਨ। ਨਿਰਦੇਸ਼ਕ ਰਵਿੰਦਰ ਰਵੀ ਦੀ , 'ਆਪਾਂ ਫਿਰ ਮਿਲਾਂਗੇ,' ਸਮੇਤ ਕਈ ਫ਼ਿਲਮਾਂ ਨਾਲ ਜੁੜੇ ਰਹੇ ਰੁਪਿੰਦਰ ਗੋਇਲ ਹੁਣ ਕੈਨੇਡਾ ਗਏ ਨੇ ਤੇ ਇਥੇ ਓਹ ਕੁੱਝ ਫਿਲਮੀ ਤਜ਼ਰਬੇ ਹਾਸਿਲ ਕਰਨਗੇ। ਰੁਪਿੰਦਰ ਗੋਇਲ ਨੇ 'ਜੱਟ ਜਿਉਣਾ ਮੌੜ' ਫਿਰ ਆਉਣ ਤੇ ਆਪਣੀ ਸਮੀਖਿਆ ਨਾਲ ਸੋਸ਼ਿਲ ਮੀਡੀਆ ਤੇ ਭੂਚਾਲ ਲਿਆਂਦਾ ਸੀ। ਗੋਇਲ ਜਿਹਨਾਂ ਨੂੰ ਪਿਆਰ ਨਾਲ ਕਾਕਾ ਵੀ ਆਖਦੇ ਨੇ ਕਿਹਾ ਕਿ ਜੀਵਨ ਸਥਾਪਤੀ ਲਈ ਕਈ ਵਾਰ ਸ਼ੌਂਕ ਤੇ ਹੋਰ ਚੀਜ਼ਾਂ ਦਾ ਤਿਆਗ ਕਰਨਾ ਪੈਂਦਾ ਹੈ। ਉਮੀਦ ਹੈ ਕਿ ਕੁੱਛ ਬਣ ਜਾਣ



ਬਾਅਦ ਰੁਪਿੰਦਰ ਗੋਇਲ ਸ਼ਾਨਦਾਰ ਮਨੋਰੰਜਨ ਵਾਲੀ ਫ਼ਿਲਮ ਜਾਂ ਵੈੱਬ ਸੀਰੀਜ਼ ਬਣਾਉਣਗੇ।

### ਸੁਖਦੇਵ ਸਾਹਿਲ ਪ੍ਰਵਾਸ ਚੰਗਾ ਵੀ ਤੇ ਮਾੜਾ ਵੀ ਹੈ

ਹੰਸ ਰਾਜ ਹੰਸ ਦੁਨੀਆਂ ਦਾ ਸੁਰੀਲਾ ਗੁਲੁੱਕਾਰ ਤੇ ਸੁਖਦੇਵ ਸਾਹਿਲ ਓਹਨਾਂ ਦਾ ਸੁਰੀਲਾ ਸ਼ਾਗਿਰਦ ਫ਼ਨਕਾਰ ਹੈ। ਕਲਾਸੀਕਲ ਗਾਇਕੀ ਦਾ ਰਾਜਾ ਸੁਖਦੇਵ ਸਾਹਿਲ ਆਖਦਾ ਹੈ



ਕਿ ਚੰਗੇ ਭਵਿੱਖ ਲਈ ਅਮਰੀਕਾ ਦੀ ਸ਼ਰਨ ਲਈ ਤੇ ਕੂੱਲਾਂ ਤਰਨ ਵਾਲੀ ਗੱਲ। ਬਹੁਤ ਸਾਰੇ ਰਿਕਾਰਡ, ਕੈਸਟਾਂ ਤੇ ਸੀ ਡੀ ਨਾਲ ਪੰਜਾਬੀ ਗਾਇਕੀ ਤੋਂ ਫਿਲਮੀ ਗਾਇਕੀ ਤੱਕ ਗਏ ਸਾਹਿਲ ਮੁਤਾਬਿਕ ਪ੍ਰਦੇਸੀ ਹੋਣਾ ਇੱਕ ਆਪਣੇ ਆਪ ਵਿੱਚ ਸਰਾਪ ਵੀ ਹੈ। ਓਹ ਮਿੱਟੀ ਦੀਆਂ ਆਵਾਜ਼ਾਂ ,ਓਹ ਮੇਲੇ ,ਓਹ ਮਹਿਫ਼ਿਲਾਂ ,ਓਹ ਲੋਕ ਸਭ ਪੈਸੇ ਦੀ ਚਮਕੇ ਗੁਆ ਕਿ ਆਏ ਹਾਂ ਪਰ ਫਿਰ ਵੀ ਚਲਦਾ ਗਲਾ ਤੇ ਗਾਇਕੀ ਦਾ ਸਹਾਰਾ ਜ਼ਖਮਾਂ ਤੇ ਮਰਹਮ ਲਾਉਂਦਾ ਹੈ।ਰੰਗੀਲੇ ਨਾਲ ਫਿਲਮੀ ਯਾਰੀ ਤੇ ਟੀਵੀ ਰੇਡੀਓ ਤੇ ਬਣੇ ਨਾਮ ਨੇ ਸੁਖਦੇਵ ਸਾਹਿਲ ਨੂੰ ਗਾਇਕੀ ਬਾਦਸ਼ਾਹ ਬਣਾ ਦਿੱਤਾ ਹੈ।

### ਕਰਮ ਕੁਰੇ ਲੋਕਾਂ ਦਾ ਨਾ ਦੁੱਧ ਵਿਕਦਾ ਤੇਰਾ ਵਿਕਦਾ ਪਾਣੀ

ਕਰਮ ਕੌਰ ਦੇ ਕਰਮ ਉੱਪਰ ਵਾਲੇ ਤੇਜ਼ ਤੇ ਕਿੱਥੇ ਜਿੱਥੇ ਮਰਜ਼ੀ ਜਾ ਬੱਲੇ ਹੀ ਬੱਲੇ ਲਿਖੇ ਹਨ।ਛੋਟਾ ਜਿਹਾ ਫਿਲਮੀ ਕੰਮ 'ਤੇਰੀ ਮੇਰੀ ਜੋੜੀ' ਵਿੱਚ ਕਰ ਓਹ ਕਲਰ ਟੀਵੀ ਦੀ ਸਟਾਰ ਬਣੀ ਤੇ 'ਕਰਮੋਂ ਕਾ ਫਲ' ਨੇ ਬਾਲੀਵੁੱਡ ਦਿਖਾ ਦਿੱਤੀ ਹੈ। ਗਾਣੇ



ਓਹ ਵਾਧੂ ਕਰ ਰਹੀ ਹੈ ਤੇ ਐਡ ਫ਼ਿਲਮਾਂ ਵੀ ਚੋਖੀਆਂ ਕੋਲ ਹਨ। ਹੁਣੇ ਜਿਹੇ ਹੀ ਕਰਮ ਕੌਰ ਨੇ 'ਮਿੱਠਾ ਜ਼ਹਿਰ' ਫ਼ਿਲਮ ਕੀਤੀ ਹੈ। ਅਜੇ ਤਾਂ ਸ਼ੁਰੂ ਏ ਓਹ ਕਹਿੰਦੀ ਹੈ ਕਿ ਪੰਜਾਬੀ ਫ਼ਿਲਮਾਂ ਦੀ ਸਟਾਰ ਨਾਇਕਾ ਬਣ ਰਾਜ ਕਰਨਾ ਹੈ।ਟੀਵੀ ਦੀ ਓਹ ਮਲਿਕਾ ਹੈ ਕਿ ਇਹ ਕਿਹਾ ਜਾ ਸਕਦਾ ਹੈ ਕਿ ਕਰਮ ਕੌਰ ਦੇ ਕਰਮਾਂ ਵਿੱਚ ਸਟਾਰ ਨਾਇਕਾ ਬਣ ਰਾਜ ਕਰਨਾ ਸ਼ਾਮਿਲ ਹੈ।ਅਕਸਰ ਲੋਕਾਂ ਦਾ ਦੁੱਧ ਮੁਸ਼ਕਿਲ ਨਾਲ ਵਿਕਣ ਵਾਲੀ ਗੱਲ ਤੇ ਜੈ ਕੁਰ ਦੇ ਪਾਣੀ ਵਿਕਣ ਵਾਂਗ ਕਰਮ ਕੌਰ ਦਾ ਨਾਮ ਚਲਦਾ ਹੈ।

### ਸਿੱਧੂ ਤੇ ਦਿਓਲ ਲੁਧਿਆਣੇ ਦੇ ਫ਼ਿਲਮੀ ਰਾਜੇ, ਚਲ ਸੋ ਚਲ ਹਨ

ਲੁਧਿਆਣਾ ਇੱਕਲਾ ਹੋਜ਼ਰੀ ਤੇ ਲੋਹੇ ਦਾ ਸ਼ਹਿਰ ਹੀ ਨਹੀਂ ਕਲਾਕਾਰਾਂ ਦਾ ਸਵਰਗ ਵੀ ਹੈ। ਨਿਰਦੇਸ਼ਕ ਬਲਜਿੰਦਰ ਸਿੱਧੂ ਇਸ ਸ਼ਹਿਰ ਆ ਕਿ 'ਅੱਜ ਦੇ ਲਫੰਗੇ' ਤੋਂ ਬਾਅਦ ਨਵੇਂ ਪ੍ਰੋਜੇਕਟ ਦੀ ਸ਼ੂਟਿੰਗ ਕਰਨ ਜਾ ਰਹੇ ਨੇ ਤੇ ਪ੍ਰਭ ਗਰੇਵਾਲ ਨਾਇਕਾ ਤੇ ਨਾਲ ਗੁੱਗੂ ਗਿੱਲ ਹੈ। ਉਧਰ ਮਲਕੀਤ ਸਿੰਘ ਦਿਓਲ ਸਰਦਾਰੀ ਕਾਇਮ ਹੈ ਤੇ ਦਰਜ਼ਨ ਭਰ ਲਘੂ ਫਿਲਮਾਂ ਦੇ ਬਾਅਦ 'ਕਰਮ' ਫ਼ਿਲਮ ਕਰਨ ਜਾ ਰਹੇ ਹਨ। ਆਪ





ਚੰਗੇ ਲੇਖਕ ਤੇ ਗੀਤਕਾਰ ਮਲਕੀਤ ਦਿਓਲ ਹਨ ਤੇ ਨਿਰਮਾਣ ਵੀ ਓਹ ਟੌਹਰ ਨਾਲ ਕਰਨਗੇ ਕਿਉਂ ਕਿ ਪਰਿਵਾਰ ਦਾ ਸਹਿਯੋਗ, ਮਿੱਤਰਾਂ ਦਾ ਸਾਥ ਤੇ ਘਰ ਵਾਲੀ ਦਾ ਮਿਲਵਰਤਨ ਸਲੀਕਾ ਦਿਓਲ ਲੁਧਿਆਣੇ ਦੀ ਸ਼ਾਨ ਬਲਜਿੰਦਰ ਸਿੱਧੂ ਦੀ ਤਰਾਂ ਬਣਨ ਵਾਲੇ ਹਨ।

### ਸਰਗਮ ਸੋਹੀ ਦੇ 'ਫੇਕ ਬੰਦੇ' ਪੇਸ਼ ਕੀਤੇ ਸੰਧੂ ਬੋਅਜ਼ ਨੇ

ਸੰਧੂ ਬੋਅਜ਼ ਸਰੋਤਿਆਂ ਤੇ ਦਰਸ਼ਕਾਂ ਲਈ ਇੱਕ ਸ਼ਾਨਦਾਰ ਐਲਬਮ 'ਫ਼ੇਕ ਬੰਦੇ' ਲਿਆ ਰਹੀ ਹੈ। ਸੰਧੂ ਬੋਅਜ਼ ਦੀ ਸੀਈਓ ਸੰਦੀਪ ਕੌਰ ਸੰਧੂ ਦੇ ਬੋਲ ਕਿ ਇਹ ਗਾਣਾ ਝੂਠੇ ਇਨਸਾਨਾਂ ਤੇ ਇੱਕ ਮਨੋਰੰਜਕ ਵਿਅੰਗ ਨੂੰ ਬਹੁਤ ਹੀ ਮਿੱਠੀ ਆਵਾਜ਼ ਗਾਇਕ ਸਰਗਮ ਸੋਹੀ ਨੇ ਗਾਇਆ ਹੈ। ਦਾ ਵਿਕਰਮਜੀਤ ਨੇ 'ਫੇਕ ਬੰਦੇ' ਗੀਤ ਦੀ ਰਚਨਾ ਕੀਤੀ ਹੈ। ਸਰਗਮ ਸੋਹੀ ਦੀ



ਬੇਹੱਦ ਪਿਆਰੀ ਆਵਾਜ਼ ਵਾਲੇ ਇਸ ਗੀਤ ਦਾ ਅਧਿਕਾਰਤ ਪੋਸਟਰ ਚਰਚਿਤ ਹੋਇਆ ਹੈ। ਦੀਪ ਆਰ ਡੀ ਨੇ 'ਫੇਕ ਬੰਦੇ' ਦਾ ਵੀਡਿਓ ਐਲਬਮ ਗਾਣਾ ਫ਼ਿਲਮਾਇਆ ਹੈਰਣਜੀਤ ਸਿੰਘ ਰਾਣਾ ਸੰਧੂ ਦੇ ਨਿਰਮਾਣ ਹੇਠ ਸਰਗਮ ਸੋਹੀ ਦਾ 'ਫੇਕ ਬੰਦੇ' ਨੌਜਵਾਨਾਂ ਦੀ ਪਸੰਦ ਬਣ ਗਿਆ ਤਾਂ ਸਰਗਮ ਸੋਹੀ, ਸੰਦੀਪ ਕੌਰ ਤੇ ਰਾਣਾ ਸੰਧੂ ਦੀ ਤਿਕੜੀ ਜ਼ਿੰਦਾਬਾਦ।

## ਪੰਜਾਬੀ ਗੀਤ ਸੰਗੀਤ ਦੀ ਸਫਲ ਪੇਸ਼ਕਾਰ, ਫ਼ਿਲਮ ਨਿਰਮਾਤਾ ਬਣ ਕਰਨਾ ਚਾਹੁੰਦੀ ਹੈ ਰਾਜ- ਸੰਦੀਪ ਕੌਰ ਸੰਧੂ

ਜਵਾਨੀ ਵਿੱਚ ਹੀ ਪੰਜਾਬੀ ਸੰਗੀਤ ਤੇ ਮਨੋਰੰਜਨ ਖੇਤਰ ਵਿੱਚ ਜਿੰਨੀਆਂ ਪ੍ਰਾਪਤੀਆਂ ਸੰਦੀਪ ਕੌਰ ਸੰਧੂ ਕੋਲ ਹੋ ਗਈਆਂ ਹਨ ਓਹ ਬਹੁਤ ਘੱਟ ਲੋਕਾਂ ਨੂੰ ਨਸੀਬ ਹੁੰਦੀਆਂ ਹਨ।ਪੰਜਾਬੀ ਗਾਇਕ ਕਲਾਕਾਰਾਂ ਦੇ ਗਾਣਿਆਂ ਦੀ ਚੋਣ, ਸੰਗੀਤ ਤੇ ਵੀਡਿਓ ਦਾ ਪ੍ਰਬੰਧ ਤੇ ਫਿਰ ਸੰਗੀਤ ਟਰੈਕ ਅਰਥਾਤ ਗਾਣੇ ਨੂੰ ਵਿਸ਼ਵ



ਪੱਧਰ ਤੇ ਵਿਸ਼ਾਲ ਤਰੀਕੇ ਨਾਲ ਰਲੀਜ਼ ਕਰਨਾ ਪੇਸ਼ਕਾਰ ਦਾ ਮੁੱਖ ਕੰਮ ਹੁੰਦਾ ਹੈ ਤੇ ਸੰਦੀਪ ਕੌਰ ਆਪਣੇ ਇਸ ਕੰਮ ਵਿੱਚ ਦੋ ਰਤੀਆਂ ਦੂਜਿਆਂ ਨਾਲੋਂ ਅੱਗੇ ਹੀ ਹੈ। ਰੰਗ ਜਿਵੇਂ ਖੰਡ ਦਾ ਪਤਾਸਾ ਹੋਏ, ਚਿਹਰਾ ਜਿਵੇਂ ਅਰਸ਼ਾਂ ਦੀ ਹੂਰ ਹੋਏ ਗੱਲ ਕੀ ਪੂਰੀ ਹੀਰੋਇਨ ਲੱਗਣ ਵਾਲੀ ਸੰਦੀਪ ਕੌਰ ਇਸ ਵੇਲੇ "ਐਸ਼ ਆਡੀਓ, ਸੰਧੂ ਬੋਅਜ਼" ਸੰਗੀਤ ਪਲੇਟਫਾਰਮ ਦੀ ਸੀਈਓ ਹੈ ਤੇ ਨਾਲ ਹੀ ਓਸ ਨੇ ਪੰਜਾਬੀ ਲਘੂ ਫਿਲਮਾਂ ਦਾ ਨਿਰਮਾਣ ਵੀ ਕੀਤਾ ਏ ਤੇ ਜ਼ਾਰੀ ਹੈ। ਗੁਰਕਮਲ ਬੀਹਲਾ, ਬੇਅੰਤ ਸਿੰਘ, ਸਰਗਮ ਸੋਹੀ ਤੋਂ ਪ੍ਰੀਤ ਧਾਰੀਵਾਲ ਤੇ ਸ਼ੇਰਾ ਬੋਹੜ ਵਾਲੀਆ ਤੱਕ ਅਨੇਕਾਂ ਗਾਇਕ ਕਲਾਕਾਰਾਂ ਦੇ ਐਲਬਮ ਰਲੀਜ਼ ਕਰਨ ਵਾਲੀ ਸੰਦੀਪ ਕੌਰ ਖੁਦ ਵੀ ਇੱਕ ਅੱਛੀ ਅਭਿਨੇਤਰੀ ਹੈ ਪਰ ਓਸ ਦਾ ਮੁੱਖ ਕੰਮ ਨਿਰਮਾਣ ਦਾ ਹੈ ਤੇ "ਯੂ ਕੇ ਤੋਂ ਪੰਜਾਬ" ਨਾਮ ਦੀ ਓਹ ਪੰਜਾਬੀ ਦੀ ਵੱਡੀ ਫ਼ਿਲਮ ਵੀ ਬਣਾ ਰਹੀ ਹੈ। ਸੰਦੀਪ ਦੱਸਦੀ ਹੈ ਕਿ ਮਾਝੇ ਦਾ ਪਾਣੀ ਪੀਤਾ ਹੈ ਜੱਟੀ ਚਾਰ ਕਦਮ ਅੱਗੇ ਹੀ ਜਾਏਗੀ। ਗਾਇਕ ਰੰਮੀ ਰੰਧਾਵਾ ਤੇ ਰਾਣਾ ਸੰਧੂ ਦੇ ਕਈ ਸੰਗੀਤ ਟਰੈਕ ਰਲੀਜ਼ ਕਰ ਚੁੱਕੀ ਸੰਦੀਪ ਸੰਧੂ ਨੇ ਕਿਹਾ ਕਿ ਵਕਤ ਦੀ ਨਬਜ਼ ਦੇਖ ਗਾਣਾ ਚੁਣੀਦਾ ਹੈ ਤੇ ਕੋਸਿਸ਼ ਰਹਿੰਦੀ ਹੈ ਕਿ ਪਰਿਵਾਰਕ ਬੋਲਾਂ ਵਾਲੇ ਗੀਤ ਹੀ ਓਹ ਪੇਸ਼ ਕਰੇ। "ਮੁੱਛ ਦਾ ਸਵਾਲ" "ਡਿਗਰੀ" "ਫੈਕ ਬੰਦੇ" "ਤੇਰੇ ਸ਼ਹਿਰ" ਆਦਿ ਸਫ਼ਲ ਗਾਣੇ ਸੰਦੀਪ ਨੇ ਹੀ ਰਲੀਜ਼ ਕੀਤੇ ਹਨ। ਇਸ ਤੋਂ ਇਲਾਵਾ "ਸੂਰਮੇ "ਕਲ ਦੇ ਜਵਾਕ" "ਸ਼ਰੀਫ਼" ਤੇ "ਜੱਟਾਂ ਦੇ ਜਹਾਜ਼" ਗਾਣਿਆਂ ਨੂੰ ਰਲੀਜ਼ ਕਰਨ ਵਾਲੀ ਸੰਦੀਪ ਕੌਰ ਸੰਧੂ ਨੇ "ਰਿਮਾਂਡ" "ਵਾਰ" ਹਰੀ ਕ੍ਰਾਂਤੀ "ਠੰਡਾ ਬੁਰਜ" ਦੇ ਨਾਲ ਹਿੱਟ ਗੀਤ" ਡੁੱਬਦਾ ਪੰਜਾਬ " ਗਲੋਕ" "ਪਿਸਟਲ "ਵਫ਼ਾ" "ਮਿੱਤਰਾਂ ਦਾ ਰੰਗ "ਡੀਆਰ ਬਾਪੂ" ਨੂੰ ਵੀ ਲੋਕ ਅਰਪਨ ਕੀਤਾ ਹੈ। ਗੱਲ ਕੀ ਸੰਦੀਪ ਕੌਰ ਦੇ ਪੇਸ਼ ਕੀਤੇ ਗੀਤਾਂ ਦੀ ਲੰਬੀ ਲਿਸਟ ਹੈ, ਕਤਾਰ ਹੈ। ਰਹੀ ਗੱਲ ਪੰਜਾਬੀ ਸ਼ੋਰਟ ਫ਼ਿਲਮਾਂ ਦੀ ਤਾਂ ਸੰਦੀਪ ਨੇ "ਮਾੜੀ ਮਾਂ" ਬਣਾਈ ਤੇ ਇਸ ਨੂੰ ਕਾਫੀ ਹੁੰਗਾਰਾ ਮਿਲਿਆ। ਦੀਦਾਰ ਗਿੱਲ ਜਿਹੇ ਫਿਲਮੀ ਸਟਾਰ ਲੇਖਕ ਨਾਲ ਓਹ "ਮੇਰੀ ਐਸ਼" ਫ਼ਿਲਮ ਕਰ ਚੁੱਕੀ ਹੈ।ਸੰਦੀਪ ਹੁਣ ਪੰਜਾਬ ਤੇ ਵਲੈਤ ਦੇ ਰਿਸ਼ਤੇ, ਸੱਭਿਆਚਾਰ ਤੇ "ਯੂ ਕੇ ਤੋਂ ਪੰਜਾਬ,"ਵੱਡੀ ਫ਼ਿਲਮ ਦਾ ਨਿਰਮਾਣ ਕਰ ਰਹੀ ਹੈ। ਨਿੱਕੀ ਜਵਾਨ ਉਮਰ ਵਿੱਚ ਪ੍ਰਾਪਤੀਆਂ ਬਾਬਤ ਓਹ ਆਖਦੀ ਹੈ ਕਿ ਗਾਇਕ ਤੇ ਨਿਰਮਾਤਾ ਰਾਣਾ ਸੰਧੂ ਦੀ ਓਹ ਹਮਸਫ਼ਰ ਹੈ ਤੇ ਇਹ ਵੀ ਸਹੀ ਹੈ ਕਿ ਰਾਣਾ ਸੰਧੂ ਨੂੰ ਸਟਾਰ ਬਣਾਉਣ ਵਿੱਚ ਓਸ ਦਾ ਵੱਡਾ ਹੱਥ ਹੈ। ਸੰਦੀਪ ਕੌਰ ਪੰਜਾਬੀ ਸੰਗੀਤ ਦੀ ਪਰਦੇ ਪਿੱਛੇ ਦੀ ਸਟਾਰ ਹੈ ਪਰਦੇ ਤੇ ਵੀ ਕਮਾਲ ਕਰ ਦਿਖਾ ਚੁੱਕੀ ਹੈ ਤੇ ਮਕਸਦ ਪੰਜਾਬੀ ਫ਼ਿਲਮਾਂ ਦਾ ਨਿਰਮਾਣ,ਹਿੰਦੀ ਫ਼ਿਲਮਾਂ ਦਾ ਸੰਗੀਤ ਜ਼ਾਰੀ ਕਰਨਾ ਤੇ ਪੰਜਾਬੀ ਸੁਰੀਲੇ ਕਲਾਕਾਰਾਂ ਨੂੰ ਉਭਾਰਨਾ ਹੈ ਤੇ ਜੀਵਨ ਦੀ ਇਸ ਦੌੜ ਵਿੱਚ ਰਾਣਾ ਸੰਧੂ ਦਾ ਸਾਥ ਓਸ ਨਾਲ ਹੈ।

**– ਅੰਮ੍ਰਿਤ ਪਵਾਰ**

## ਨਿਊਜ਼ੀਲੈਂਡ ਗ੍ਰੀਨ ਪਾਰਟੀ ਦੀ ਸਾਂਸਦ ਗੋਲਰਿਜ਼ ਗਹਿਰਾਮਨ ਨੇ ਆਖਿਰ ਦੁਕਾਨਾਂ ’ਤੇ ਚੋਰੀ ਦਾ ਦੋਸ਼ ਕਬੂਲਿਆ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਜਿਸ ਨੂੰ ਚੰਗਾ ਸਮਝ ਕੇ ਜ਼ਿੰਮੇਵਾਰੀ ਵਾਲੀ ਥਾਂ ਦਿੱਤੀ ਹੋਵੇ ਅਤੇ ਉਸਦੀ ਬੇਈਮਾਨੀ ਸਾਹਮਣੇ ਆ ਜਾਵੇ ਤਾਂ ਪੰਜਾਬੀ ਦਾ ਇਹ ਅਖਾਣ ਵਰਤਿਆ ਜਾਂਦਾ ਹੈ। ਅਜਿਹਾ ਹੀ ਨਿਊਜ਼ੀਲੈਂਡ ਦੀ ਗ੍ਰੀਨ ਪਾਰਟੀ ਨੂੰ ਅਹਿਸਾਸ ਹੋਇਆ ਜਦੋਂ ਉਸਦੀ ਇਰਾਨੀ ਮੂਲ ਦੀ ਇਕ ਸਾਂਸਦ ਗੋਲਰਿਜ਼ ਗਹਿਰਾਮਨ ਨੇ ਅੱਜ ਔਕਲੈਂਡ ਜ਼ਿਲ੍ਹਾ ਅਦਾਲਤ ਦੇ ਵਿਚ ਦੁਕਾਨਾਂ ਦੇ ਉਤੇ ਖਰੀਦਦਾਰੀ ਕਰਨ ਵੇਲੇ ਚਲਾਕੀ ਨਾਲ ਵਸਤਾਂ ਚੋਰੀਆਂ ਕਰਨ ਦੇ ਸਾਰੇ ਦੋਸ਼ ਕਬੂਲ ਲਏ। ਮਾਣਯੋਗ ਜੱਜ ਨੇ ਅਜੇ ਇਸ ਉਤੇ ਮੋਹਰ ਨਹੀਂ ਲਾਈ ਦੱਸੀ ਜਾਂਦੀ ਪਰ ਇਸ ਨੂੰ 24 ਜੂਨ ਤੱਕ ਰਿਮਾਂਡ ’ਤੇ ਭੇਜ ਦਿੱਤਾ ਗਿਆ ਹੈ। ਉਸਨੇ ਇਕ ਵਾਰ ਅਜਿਹੀ ਚੋਰੀ (ਸ਼ਾਪ ਲਿਫਟਿੰਗ) ਨਹੀਂ ਕੀਤੀ ਉਸਨੇ ਚਾਰ ਵਾਰ ਅਜਿਹਾ ਕੀਤਾ। ਇਸ ਚੋਰੀ ਦੌਰਾਨ ਉਸਨੇ ਲਗਪਗ 10,000 ਡਾਲਰ ਦਾ ਸਮਾਨ ਖਿਸਕਾਇਆ। ਵਲਿੰਗਟਨ ਵਿਖੇ ਵੀ ਉਸਨੇ ਪਿਛਲੇ ਸਾਲ ਅਕਤੂਬਰ 22 ਨੂੰ 695 ਡਾਲਰ ਦੇ ਕੱਪੜੇ ਚੁਰਾਏ ਅਤੇ ਇਸਦੀ ਸਜ਼ਾ ਵੀ ਇਕ ਸਾਲ ਹੋ ਸਕਦੀ ਹੈ। ਇਨ੍ਹਾਂ ਦੋਸ਼ਾਂ ਦੇ ਚਲਦਿਆਂ ਇਸਨੇ ਜਨਵਰੀ ਮਹੀਨੇ ਸਾਂਸਦ ਬਣੇ ਰਹਿਣ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇਸ ਸਾਂਸਦ ਨੂੰ ਹੁਣ 24 ਜੂਨ ਨੂੰ ਸਜ਼ਾ ਸੁਣਾਈ ਜਾਏਗੀ। ਵਰਨਣਯੋਗ ਹੈ ਕਿ ਇਹ ਇਕ ਵਕੀਲ ਅਤੇ ਲੇਖਿਕਾ ਵੀ ਹੈ। ਇਰਾਨ ਦੇ ਵਿਚ ਲੜਾਈ ਮੁਕਣ ਬਾਅਦ 1990 ਦੇ ਵਿਚ ਇਹ ਪਰਿਵਾਰ ਪਹਿਲਾਂ ਮਲੇਸ਼ੀਆ ਗਿਆ, ਫਿਰ ਮਲੇਸ਼ੀਆ ਤੋਂ ਫਿਜ਼ੀ ਲਈ ਨਿਕਲਿਆ ਤਾਂ ਔਕਲੈਂਡ ਹਵਾਈ ਅੱਡੇ ਉਤੇ ਟ੍ਰਾਂਸਜਿਟ ਹੋਣ ਵੇਲੇ ਇਥੇ ਹੀ ਰਹਿ ਗਿਆ ਅਤੇ ਕਿਸੀ ਤਰ੍ਹਾਂ ਸ਼ਰਨਾਰਥੀ ਬਣ ਗਿਆ।

2017 ਤੋਂ 2024 ਤੱਕ ਲਗਾਤਾਰ ਉਹ ਗ੍ਰੀਨ ਪਾਰਟੀ ਨੂੰ ਪੈਂ-ਦੀਆਂ ਪਾਰਟੀ ਵੋਟਾਂ ਦੇ ਅਧਾਰ ਉਤੇ ‘ਲਿਸਟ ਐਮ.ਪੀ.’ ਵਜੋਂ ਪਾਰਲੀਮੈਂਟ ਤੱਕ ਪਹੁੰਚਦੀ ਰਹੀ ਹੈ। ਇਸ ਸਾਂਸਦ ਨੂੰ ‘ਮਲਟੀਪਲ ਸਕਲੇਰੋਸਿਸ’ (ਐਮ ਐਸ) ਜੋ ਕਿ ਇੱਕ ਆਟੋਇਮਿਊਨ ਬਿਮਾਰੀ ਹੈ ਜਿਸ ਵਿੱਚ ਦਿਮਾਗ ਅਤੇ ਰੀੜ੍ਹ ਦੀ ਹੱਡੀ ਵਿੱਚ ਨਸਾਂ ਦੇ ਸੈੱਲਾਂ ਦੇ ਇਨਸੁਲੇਟ ਕਵਰ ਨੂੰ ਨੁਕਸਾਨ ਪਹੁੰਚਦਾ ਹੈ। ਇਹ ਨੁਕਸਾਨ ਤੰਤੂ ਪ੍ਰਣਾਲੀ ਦੇ ਕੁਝ ਹਿੱਸਿਆਂ ਦੀ ਸਿਗਨਲ ਸੰਚਾਰਿਤ ਕਰਨ ਦੀ ਸਮਰੱਥਾ ਵਿੱਚ ਵਿਘਨ ਪਾਉਂਦਾ ਹੈ, ਜਿਸਦੇ ਨਤੀਜੇ ਵਜੋਂ ਸਰੀਰਕ, ਮਾਨਸਿਕ ਸਮੇਤ ਕਈ ਤਰ੍ਹਾਂ ਦੇ ਸੰਕੇਤ ਅਤੇ ਲੱਛਣ ਹੁੰਦੇ ਹਨ। 43 ਸਾਲਾ ਇਸ ਸਾਂਸਦ ਉਤੇ 21 ਦਸੰਬਰ ਨੂੰ ਔਕਲੈਂਡ ਦੇ ਪੋਨਸਨਬੀ ਵਿੱਚ ਸਕਾਟੀਜ਼ ਬੁਟੀਕ ਤੋਂ 2060 ਡਾਲਰ ਦੇ ਕੱਪੜੇ ਚੋਰੀ ਕਰਨ ਅਤੇ ਦੋ ਦਿਨ ਬਾਅਦ ਉਸ ’ਤੇ ਉਸੇ ਸਟੋਰ ਤੋਂ 7223 ਡਾਲਰ ਦੇ ਕੱਪੜੇ ਚੋਰੀ ਕਰਨ ਦਾ ਦੋਸ਼ ਵੀ ਲਗਾਇਆ ਗਿਆ ਸੀ। ਦੋਵੇਂ ਦੋਸ਼ਾਂ ਵਿੱਚ ਸੱਤ ਸਾਲ ਦੀ ਕੈਦ ਤੋਂ ਵੱਧ ਸਜ਼ਾ ਹੋ ਸਕਦੀ ਹੈ। ਸਕਾਟੀਜ਼ ਬੁਟੀਕ ਦੇ ਇੱਕ ਸਟਾਫ ਮੈਂਬਰ ਨੇ ਕਿਹਾ ਕਿ ਗਹਿਰਾਮਨ ਵੱਲੋਂ ਦੋਸ਼ੀ ਮੰਨੇ ਜਾਣ ਤੋਂ ਬਾਅਦ ਉਹ ਕੋਈ ਟਿਪਣੀ ਨਹੀਂ ਕਰਨਗੇ।




ਚੋਰੀ ਦਾ ਮਾਮਲਾ: ਔਕਲੈਂਡ ਜ਼ਿਲ੍ਹਾ ਅਦਾਲਤ ਦੇ ਵਿਚ ਅੱਜ ਪੇਸ਼ੀ ਦੌਰਾਨ ਨਿਊਜ਼ੀਲੈਂਡ ਦੀ ਸਾਬਕਾ ਸਾਂਸਦ ਗੋਲਰਿਜ਼ ਗਹਿਰਾਮਨ। (ਹਾਸ਼ੀਏ ਵਿਚ ਉਸਦੀ ਇਕ ਹੋਰ ਸੁੰਦਰ ਤਸਵੀਰ)

# ਪੁਸਤਕ ਸਮੀਖਿਆ

## ਸ੍ਰੀ ਗੁਰੂ ਤੇਗ ਬਹਾਦਰ: ਦਾ ਸੇਵੀਅਰ ਔਫ ਡੈਮੋਕ੍ਰੇਟਿਕ ਵੈਲਿਊਜ਼

ਲੇਖਕ : ਡਾ. ਅਰਵਿੰਦਰ ਸਿੰਘ
ਪ੍ਰਕਾਸ਼ਕ : ਯੂਨੀਸਟਾਰ, ਮੁਹਾਲੀ
ਮੁੱਲ : 495 ਰੁਪਏ, ਸਫੇ : 230
ਸੰਪਰਕ : 94630-62603

ਡਾ. ਅਰਵਿੰਦਰ ਸਿੰਘ ਮੂਲ ਰੂਪ ਵਿਚ ਬਹੁ-ਵਿਧਾਈ ਲੇਖਕ, ਚਿੰਤਕ ਤੇ ਵਿਦਵਾਨ ਹਨ ਅਤੇ ਉਨ੍ਹਾਂ ਅਮੂਮਨ ਅੰਗਰੇਜ਼ੀ ਭਾਸ਼ਾ ਨੂੰ ਆਪਣੀਆਂ ਲਿਖਤਾਂ ਦਾ ਮਾਧਿਅਮ ਬਣਾਇਆ ਹੈ। ਡਾ। ਸਾਹਿਬ ਹੁਣ ਤੱਕ 16 ਪੁਸਤਕਾਂ ਪ੍ਰਕਾਸ਼ਿਤ ਕਰਵਾ ਚੁੱਕੇ ਹਨ। ਸੱਜਰੀ ਪੁਸਤਕ ਉਨ੍ਹਾਂ ਦੀ 16ਵੀਂ ਤਖ਼ਲੀਕ ਹੈ। ਧਰਮ ਚਿੰਤਨ ਤੋਂ ਛੁੱਟ ਉਨ੍ਹਾਂ ਸਿੱਖਿਆ, ਸਮਾਜਿਕ ਸਰੋਕਾਰਾਂ, ਵਿਸ਼ਪ-ਵਿਆਪੀ ਮਸਲਿਆਂ ਅਤੇ ਵੰਗਾਰਾਂ, ਜਾਤੀ ਪ੍ਰਥਾ ਤੇ ਔਰਤਾਂ ਦੀ ਅਜੋਕੀ ਦਸ਼ਾ ਸਮੇਤ ਤਕਰੀਬਨ ਹਰੇਕ ਭਖਦੇ ਮਸਲੇ ਨੂੰ ਛੋਹਿਆ ਹੈ। ਉਨ੍ਹਾਂ ਮਾਤ ਭਾਸ਼ਾ ਪੰਜਾਬੀ ਵਿਚ ਵੀ ਚਾਰ ਪੁਸਤਕਾਂ ਲਿਖੀਆਂ ਹਨ। ਵਿਚਾਰ ਗੋਚਰੀ ਪੁਸਤਕ ਅਨੇਕ ਪੱਖਾਂ ਤੋਂ ਲੀਹ ਤੋਂ ਹਟ ਕੇ ਲਿਖੀ ਗਈ ਅਨੂਠੀ ਰਚਨਾ ਹੈ। ਨੌਵੇਂ ਪਾਤਿਸ਼ਾਹ ਦੇ ਜੀਵਨ ਦਰਸ਼ਨ, ਬਾਣੀ ਰਚਨਾ ਅਤੇ ਜੀਵਨ ਬਿਰਤਾਂਤ ਦੇ ਹਰੇਕ ਪੱਖ ਨੂੰ ਉਜਾਗਰ ਕਰਨ ਦੇ ਨਾਲ-ਨਾਲ ਉਨ੍ਹਾਂ ਗੁਰੂ ਸਾਹਿਬ ਨੂੰ ਕੌਮੀ ਏਕਤਾ ਅਤੇ ਅਖੰਡਤਾ, ਧਰਮ ਨਿਰਪੱਖਤਾ, ਲੋਕਰਾਜੀ ਕਦਰਾਂ-ਕੀਮਤਾਂ ਦੇ ਜੁਝਾਰੂ ਰਖਵਾਲੇ ਅਤੇ ਮਨੁੱਖੀ ਅਧਿਕਾਰਾਂ ਦੇ ਨਿਗੇਹਬਾਨ ਵਜੋਂ ਰੂਪਮਾਨ ਕੀਤਾ ਹੈ। ਉਨ੍ਹਾਂ ਇਕ ਵਿਲੱਖਣ ਸ਼ਬਦ 'ਸਿਖੋਕਰੇਸੀ' ਰਾਹੀਂ, ਇਸ ਤੱਥ ਨੂੰ ਵਧੀਆ ਢੰਗ ਨਾਲ ਉਜਾਗਰ ਕੀਤਾ ਹੈ ਕਿ ਸਿੱਖ ਮੱਤ (ਧਰਮ), ਕਿਉਂ ਕਿ ਸਿੱਧਾ ਅਕਾਲ ਪੁਰਖ ਦੀ ਤਾਬਿਆ ਹੈ, ਇਸ ਲਈ ਇਹ ਮਨੁੱਖੀ ਹਕੂਕ ਦੀ ਰਾਖੀ ਉੱਤੇ ਜ਼ੋਰ ਦਿੰਦਾ ਹੈ। (ਪੰਨਾ23), "Sikhocracy encourages the active participation of the people and protect their rights" (ਪੰਨਾ 23)। ਗੁਰੂ ਤੇਗ ਬਹਾਦਰ ਜੀ ਮਨੁੱਖੀ ਹਕੂਕ ਦੀ ਆਜ਼ਾਦੀ ਅਤੇ ਧਾਕੜ ਰਾਜਾਸ਼ਾਹੀ ਦੇ ਵਿਰੋਧ ਵਿਚ ਨਿੱਤਰੇ ਅਤੇ ਮਿਸਾਲੀ ਰੋਲ ਅਦਾ ਕੀਤਾ। ਪੁਸਤਕ ਦੇ ਚਾਰ ਮੁੱਖ ਭਾਗਾਂ ਵਿਚ ਔਰੰਗਜ਼ੇਬ ਦੇ ਤਾਅਉਸਬਕੁੰਨ ਰਾਜ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਿਰਤਾਂਤ, ਕੌਤਕਾਂ, ਚਿੰਤਨ ਅਤੇ ਉਪਦੇਸ਼ਾਂ ਦੀ ਬੜੀ ਭਰਪੂਰ ਅਤੇ ਤੁਲਨਾਤਮਕ ਚਰਚਾ ਕੀਤੀ ਗਈ ਹੈ। ਗੁਰੂ ਸਾਹਿਬ ਨੇ ਯੂ.ਐਨ.ਓ. ਦੀ ਸਥਾਪਨਾ ਤੋਂ ਤਿੰਨ ਸੌ ਸਾਲ ਪਹਿਲਾਂ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ 'ਧਰਮ ਹੇਤ ਸਾਕਾ ਕਰਕੇ ਇਕ ਨਵਾਂ ਇਤਿਹਾਸ ਰਚਿਆ। ਧਾਰਮਿਕ ਇਕਸੁਰਤਾ ਲਈ ਉਨ੍ਹਾਂ ਪੂਰੇ ਦੇਸ਼ ਦਾ ਰਟਨ ਕੀਤਾ। ਗੁਰੂ ਸਾਹਿਬ ਤਪ, ਤਿਆਗ ਤੇ ਵੈਰਾਗ ਦੀ ਮੂਰਤ ਸਨ। ਉਨ੍ਹਾਂ 1664 ਤੋਂ 1675 ਈਸਵੀ ਦੌਰਾਨ ਬਾਣੀ ਰਚਨਾ ਕੀਤੀ। ਗੁਰੂ ਸਾਹਿਬ ਦੇ 15 ਰਾਗਾਂ ਵਿਚ 59 ਸ਼ਬਦ, 57 ਸਲੋਕ, ਦਸਮ ਪਾਤਿਸ਼ਾਹ ਨੇ ਦਮਦਮੀ ਬੀੜ ਵਿਚ ਦਰਜ ਕੀਤੇ ਗਏ। ਉਨ੍ਹਾਂ ਬਸੰਤ, ਜੈਜਾਵੰਤੀ, ਬਿਲਾਵਲ, ਸਾਰੰਗ, ਸੋਰਠ, ਧਨਾਸਰੀ, ਤਿਲੰਗ, ਟੋਡੀ ਅਤੇ ਮਾਰੂ ਰਾਗਾਂ ਦੀ ਵਰਤੋਂ ਕੀਤੀ। ਉਨ੍ਹਾਂ ਬਾਣੀ ਰਚਨਾ ਵਿਚ ਮਨ, ਸਾਧੋ, ਮਾਟੀ, ਸੰਤੋ ਆਦਿ ਸੰਬੋਧਨੀ ਸ਼ਬਦ ਵਰਤੇ। ਉਨ੍ਹਾਂ ਨੇ ਮਨੁੱਖ ਨੂੰ ਭੈ-ਮੁਕਤ ਕੀਤਾ। ਆਪ ਜੀ ਅਨੁਸਾਰ ਲੋਕਤੰਤਰ ਅਤੇ ਧਰਮ ਦਾ ਉਦੇਸ਼ ਆਤਮਿਕ ਸ਼ਕਤੀਆਂ ਰਾਹੀਂ ਸੰਪੂਰਨਤਾ ਹਸਿਲ ਕਰਨਾ ਹੈ। ਉਨ੍ਹਾਂ ਸਮਾਨਤਾ, ਸਮਾਜਿਕ ਨਿਆਂ, ਅੰਤਰ-ਧਰਮ ਸੰਵਾਦ ਅਤੇ ਫ਼ੈਸਲਾ ਲੈਣ ਦੀ ਖੁੱਲ੍ਹ ਦਾ ਹੋਕਾ ਦਿੱਤਾ। ਵਿਚਾਰ ਅਤੇ ਭਰੋਸਾ ਵੱਡੇ ਸਾਧਨ ਹਨ। ਮਨੁੱਖੀ ਸਵੈਮਾਣ ਨੂੰ ਮਾਨਤਾ ਮਿਲਣੀ ਜ਼ਰੂਰੀ ਹੈ । ਡਾ. ਸਾਹਿਬ ਨੇ ਅੰਤਿਕਾ ਦੇ ਤੌਰ 'ਤੇ ਓਪਿਲੋਗੁਏ ਅਤੇ ਹਵਾਲਾ ਸਮੱਗਰੀ ਦਾ ਵੇਰਵਾ ਦਿੱਤਾ ਹੈ। ਉਨ੍ਹਾਂ ਭਾਈ ਵੀਰ ਸਿੰਘ, ਬਰਨਾਰਡ ਸ਼ਾਅ, ਡਾ। ਗੁਰਬਚਨ ਸਿੰਘ ਤਾਲਿਬ, ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਗਿਆਨ ਸਿੰਘ, ਮਹਾਂਕਵੀ ਭਾਈ ਸੰਤੋਖ ਸਿੰਘ, ਸਮੇਤ ਮੰਨੇ ਪ੍ਰਮੰਨੇ ਇਤਿਹਾਸਕਾਰਾਂ, ਚਿੰਤਕਾਂ, ਧਾਰਮਿਕ ਸ਼ਖ਼ਸੀਅਤਾਂ, ਆਲੋਚਕਾਂ ਅਤੇ ਖੋਜਾਰਥੀਆਂ ਦੇ ਵਿਚਾਰਾਂ ਨੂੰ ਵੀ ਇਸ ਪੁਸਤਕ ਦੀ ਰਚਨਾ ਵਿਚ ਥਾਂ ਦਿੱਤੀ ਹੈ। ਸਰਵਰਕ ਉੱਤੇ ਗੁਰੂ ਸਾਹਿਬ ਦੀ ਸੁੰਦਰ ਤਸਵੀਰ, ਦਸਮ ਗ੍ਰੰਥ ਦੀਆਂ ਤੁਕਾਂ, ਪਿਛਲੇ ਪੰਨੇ ਉੱਤੇ ਦਸਮ ਗ੍ਰੰਥ ਅਤੇ ਕੇਸ਼ਵ ਭੱਟ ਦੇ ਦੋਹਰੇ ਸਦਕਾ ਪੁਸਤਕ ਵਧੀਆ ਦਿੱਖ ਪ੍ਰਦਾਨ ਕਰਦੀ ਹੈ। ਲੇਖਕ ਵਲੋਂ ਆਪਣੀ ਪੁਸਤਕ ਵਿਚ ਥਾਂ ਪੁਰ ਥਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਬਾਣੀ ਦੇ ਹਵਾਲੇ ਦੇਕੇ ਗੁਰੂ ਸਾਹਿਬ ਦੇ ਲੋਕਤੰਤਰੀ ਸਰੋਕਾਰਾਂ ਦਾ ਬਾਖੂਬੀ ਵਿਸ਼ਲੇਸ਼ਣ ਕੀਤਾ ਗਿਆ ਹੈ। ਇਹ ਪੁਸਤਕ ਬੇਸ਼ਕੀਮਤੀ ਖ਼ਜ਼ਾਨੇ ਦੇ ਤੁਲ ਹੈ। **ਤੀਰਥ ਸਿੰਘ ਢਿੱਲੋਂ 98154-61710**




## ਰਾਜੇਸ਼ ਭਬਿਆਣਾ ਦੀ ਨਵੀਂ ਪੁਸਤਕ "ਪਰਾਧੀਨਤਾ ਪਾਪ ਹੈ" ਸ਼੍ਰੀ ਗੁਰੂ ਰਵਿਦਾਸ ਸਭਾ ਸਿਡਨੀ ਨੇ ਕੀਤੀ ਲੋਕ ਅਰਪਣ

### ਪੁਸਤਕ ਸਤਿਗੁਰੂ ਰਵਿਦਾਸ ਜੀ ਦੇ ਕ੍ਰਾਂਤੀਕਾਰੀ ਮਿਸ਼ਨ ਨੂੰ ਸਮਰਪਿਤ ਗੀਤ ਤੇ ਕਵਿਤਾਵਾਂ ਦਾ ਸੰਗ੍ਰਹਿ ਹੈ

**ਫਗਵਾੜਾ 7 ਮਾਰਚ (ਬੀ.ਕੇ. ਰੱਤੂ)-** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 647ਵਾਂ ਪ੍ਕਾਰ ਦਿਹਾੜਾ ਅਸਟ੍ਰੇਲੀਆ ਵਿੱਚ ਸ਼੍ਰੀ ਗੁਰੂ ਰਵਿਦਾਸ ਸਭਾ ਸਿਡਨੀ ਦੀਆਂ ਸੰਗਤਾ ਵਲੋਂ ਬੜੀ ਸ਼ਰਧਾ ਨਾਲ ਮਨਾਇਆ ਗਿਆ। ਜਿਸ ਵਿੱਚ ਰਾਜੇਸ਼ ਭਬਿਆਣਾ ਦੀ ਨਵੀਂ ਪੁਸਤਕ ਪਰਾਧੀਨਤਾ ਪਾਪ ਹੈ ਪ੍ਬੰਧਕ ਸਾਥੀਆਂ ਵਲੋਂ ਲੋਕ ਅਰਪਣ ਕੀਤੀ ਗਈ। ਇਹ ਪੁਸਤਕ ਲੇਖਕ ਦੀ ਗਿਆਰਵੀਂ ਪੁਸਤਕ ਹੈ ਇਹ ਪੁਸਤਕ ਸਤਿਗੁਰੂ ਰਵਿਦਾਸ ਜੀ ਦੇ ਕ੍ਰਾਂਤੀਕਾਰੀ ਮਿਸ਼ਨ ਨੂੰ ਸਮਰਪਿਤ ਗੀਤ ਤੇ ਕਵਿਤਾਵਾਂ ਦਾ ਸੰਗ੍ਰਹਿ ਹੈ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਇੰਡੀਆ ਤੋਂ ਪਹੁੰਚੇ ਮਿਸ਼ਨਰੀ ਗਾਇਕ ਵਿੱਕੀ ਬਹਾਦਰ ਕੇ ਵਲੋਂ ਸਤਿਗੁਰਾਂ ਦੀ ਬਾਣੀ ਤੇ ਵਿਚਾਰਧਾਰਾ ਦਾ ਗੁਣਗਾਨ ਕਰਕੇ ਸੰਗਤਾ ਨੂੰ ਨਿਹਾਲ ਕੀਤਾ।



ਇਸੇ ਮੌਕੇ ਇੰਨਜੀਨਅਰ ਅਸ਼ੋਕ ਕੁਮਾਰ ਗੁਰੂ, ਵਿੱਕੀ ਬਹਾਦਰ ਕੇ, ਬਲਜਿੰਦਰ ਰਤਨ, ਵਿਨੋਦ ਕੁਮਾਰ ਜਸਵੀਰ ਸਿੰਘ, ਵਿਜੈ ਸਿੰਮਕ, ਸ਼ੁਸ਼ੀਲ ਕੁਮਾਰ, ਅਸ਼ੋਕ ਬੰਗਾ, ਸੁਰਜੀਤ ਮਹੇ ਆਦਿ ਹਾਜ਼ਰ ਰਹੇ।

**ਤਿੰਨ ਸਹੇਲੀਆਂ**
**ਰੀਵਿਊਕਾਰ: ਬਲਜਿੰਦਰ ਮਾਨ 98150 18947**
**ਕਹਾਣੀਕਾਰ: ਧਰਮ ਸਿੰਘ ਕੰਮੇਆਣਾ**
**ਪ੍ਰਕਾਸ਼ਕ: ਸਹਿਜ ਪਬਲੀਕੇਸ਼ਨ ਸਮਾਣਾ, ਪੰਨੇ 55, ਮੁੱਲ 150 ਰੁਪਏ**

ਧਰਮ ਸਿੰਘ ਕੰਮੇਆਣਾ ਨੇ ਸਾਹਿਤ ਜਗਤ ਵਿੱਚ ਸੰਦਲੀ ਪੈੜਾਂ ਪਾਈਆਂ ਹਨ। ਕਵਿਤਾ ਕਹਾਣੀ, ਗੀਤ, ਜੀਵਨੀ, ਨਾਵਲ ਅਤੇ ਬਾਲ ਸਾਹਿਤ ਦੇ ਖੇਤਰ ਵਿੱਚ ਸ਼ਾਨਦਾਰ




ਪ੍ਰਾਪਤੀਆਂ ਦੇ ਝੰਡੇ ਗੱਡੇ ਹਨ। ਦਰਜਨਾਂ ਪੁਸਤਕਾਂ ਦੀ ਸਿਰਜਣਾ ਅਤੇ ਸੰਪਾਦਨਾ ਕੀਤੀ ਹੈ ।ਇਹਨਾਂ ਸ਼ਾਨਦਾਰ ਕਿਰਤਾਂ ਸਦਕਾ ਅਨੇਕਾਂ ਮਾਣ ਸਨਮਾਨ ਵੀ ਪ੍ਰਾਪਤ ਕੀਤੇ ਹਨ। ਆਪ ਦੀ ਸਾਹਿਤਕ ਦੇਣ ਤੇ ਕੁੱਝ ਵਿਦਿਆਰਥੀਆਂ ਨੇ ਐਮ ਫਿਲ ਦੀਆਂ ਡਿਗਰੀਆਂ ਵੀ ਪ੍ਰਾਪਤ ਕੀਤੀਆਂ ਹਨ। ਜਿਸ ਸਦਕਾ ਅਲੋਚਨਾ ਜਗਤ ਵਿਚ ਵੀ ਉਹਨਾਂ ਦੀ ਭਰਪੂਰ ਚਰਚਾ ਹੁੰਦੀ ਹੈ। ਆਪ ਦੁਆਰਾ ਸਿਰਜੀਆਂ ਬਾਲ ਸਾਹਿਤ ਦੀਆਂ ਇਕ ਦਰਜਨ ਦੇ ਕਰੀਬ ਪੁਸਤਕਾਂ ਵਿੱਚ ਰੌਚਕ ਬਾਲ ਕਵਿਤਾਵਾਂ, ਬਾਲ ਨਾਵਲ ਅਤੇ ਬਾਲ ਕਹਾਣੀਆਂ ਤੋਂ ਇਲਾਵਾ ਸਫਰਨਾਮੇ ਵੀ ਸ਼ਾਮਲ ਹਨ।

ਹਥਲੇ ਕਹਾਣੀ ਸੰਗ੍ਰਹਿ 'ਤਿੰਨ ਸਹੇਲੀਆਂ' ਵਿੱਚ ਲੇਖਕ ਨੇ ਆਪਣੀਆਂ 13 ਰੌਚਕ ਕਹਾਣੀਆਂ ਦਰਜ ਕੀਤੀਆਂ ਹਨ। ਧਰਮ ਸਿੰਘ ਕੰਮੇਆਣਾ ਦਾ ਸਾਹਿਤਕ ਖੇਤਰ ਵਿੱਚ ਲੰਮਾ ਅਭਿਆਸ ਹੋਣ ਕਰਕੇ ਉਸ ਵੱਲੋਂ ਸਿਰਜੀ ਗਈ ਬਾਲ ਕਹਾਣੀ ਵੀ ਬੜੀ ਉੱਚ ਪਾਏ ਦੀ ਹੈ। ਹਰ ਕਹਾਣੀ ਵਿੱਚ ਬਾਲ ਮਾਨਸਿਕਤਾ ਦਾ ਖਾਸ ਤੌਰ ਤੇ ਖਿਆਲ ਰੱਖਿਆ ਗਿਆ ਹੈ। ਬਾਲ ਮਨ ਅੰਦਰ ਨਵੇਂ ਸੁਪਨੇ ਸਿਰਜਣਾ ਅਤੇ ਉਹਨਾਂ ਦੀ ਕਾਲਪਨਿਕ ਉਡਾਰੀ ਨੂੰ ਉਚੇਰਾ ਕਰਨ ਦਾ ਇਹਨਾਂ ਕਹਾਣੀਆਂ ਵਿੱਚ ਸੁਹਿਰਦ ਜਤਨ ਕੀਤਾ ਗਿਆ ਹੈ।

ਕਹਾਣੀਆਂ ਦੇ ਬਾਲ ਪਾਤਰ ਕਿਤੇ ਸੁਪਨਿਆਂ ਵਿੱਚ ਪਰੀਆਂ ਨਾਲ ਉਡਾਰੀਆਂ ਮਾਰਦੇ ਹਨ ਤੇ ਕਿਤੇ ਨਵੀਆਂ ਤੇ ਨਰੋਈਆਂ ਯੋਜਨਾਵਾਂ ਘੜਦੇ ਦਿਖਾਈ ਦਿੰਦੇ ਹਨ। ਸਮੇਂ ਨੂੰ ਸੰਭਾਲਣਾ, ਜ਼ਿੰਦਗੀ ਵਿੱਚ ਖੁਸ਼ੀਆਂ ਮਾਨਣਾ, ਦੇਸ਼ ਕੌਮ ਦੀ ਸੇਵਾ ਕਰਨੀ ਅਤੇ ਜੀਵ ਜੰਤੂਆਂ ਦੀ ਸੰਭਾਲ ਕਰਨੀ ਆਦਿ ਵਿਸ਼ਿਆਂ ਨੂੰ ਬਹੁਤ ਸ਼ਾਨਦਾਰ ਢੰਗ ਨਾਲ ਵਿਚਾਰਿਆ ਤੇ ਨਿਖਾਰਿਆ ਗਿਆ ਹੈ। ਕੁਝ ਪੁਰਾਣੀਆਂ ਕਹਾਣੀਆਂ ਨੂੰ ਨਵੇਂ ਢੰਗ ਨਾਲ ਸਿਰਜ ਕੇ ਆਧੁਨਿਕ ਰੂਪ ਦਿੱਤਾ ਗਿਆ ਹੈ। ਕੁਦਰਤ ਦੇ ਵਾਤਾਵਰਣ ਨੂੰ ਕੁਦਰਤੀ ਰੂਪ ਵਿੱਚ ਸੰਭਾਲਣ ਦਾ ਵੀ ਸੁਨੇਹਾ ਮਿਲਦਾ ਹੈ। ਇਹ ਸਭ ਕਹਾਣੀਆਂ ਬਾਲ ਮਨ ਅੰਦਰ ਉਚੇਰੀਆਂ ਕਦਰਾਂ ਕੀਮਤਾਂ ਦਾ ਸੰਚਾਰ ਕਰਦੀਆਂ ਹਨ। ਡੌਗੀ ਦੋਸਤ, ਇੱਛਾ ਸ਼ਕਤੀ, ਮੌਕਾ ਸੰਭਾਲਣਾ, ਗੱਪੀਆਂ ਦਾ ਪਿਓ ਆਦਿ ਕਹਾਣੀਆਂ ਬਹੁਤ ਪ੍ਰੇਰਨਾਦਾਇਕ ਹਨ। ਇਹਨਾਂ ਰਾਹੀਂ ਜਾਨਵਰਾਂ ਦੀ ਮਨੁੱਖ ਨਾਲ ਵਫਾਦਾਰੀ ਨੂੰ ਪੇਸ਼ ਕੀਤਾ ਗਿਆ ਹੈ। ਚਿੜੀਆਂ ਦੇ ਖਾਤਮੇ ਤੇ ਵੀ ਚਿੰਤਾ ਦਾ ਇਜ਼ਹਾਰ ਕੀਤਾ ਮਿਲਦਾ ਹੈ।ਜੀਵਨ ਵਿਚ ਤਕਨੀਕ ਨਾਲ ਆ ਰਹੀਆਂ ਤਬਦਲਿਆਂ ਪ੍ਰਤੀ ਵੀ ਸੁਚੇਤ ਕੀਤਾ ਗਿਆ ਹੈ। ਇਹਨਾਂ ਸਾਧਨਾ ਦੇ ਸਹੀ ਇਸਤੇਮਾਲ ਨਾਲ ਹੀ ਬਾਲ ਮਨ ਵਿਕਸਤ ਸੰਸਾਰ ਦਾ ਵਾਸੀ ਬਣ ਸਕਦਾ ਹੈ। ਸਰਲ ਭਾਸ਼ਾ ਅਤੇ ਚੁਸਤ ਦਰੁਸਤ ਵਾਰਤਾਲਾਪ ਨਾਟਕੀ ਰੂਪ ਵੀ ਸਿਰਜਦੀ ਹੈ। ਕਹਾਣੀਆਂ ਪੜਦਿਆਂ ਸਭ ਘਟਨਾਵਾਂ ਪਾਠਕ ਅੱਗੇ ਸਿਨਮੇ ਦੀ ਸਕਰੀਨ ਦੀ ਤਰ੍ਹਾਂ ਚਲਦੀਆਂ ਦਿਖਾਈ ਦਿੰਦੀਆਂ ਹਨ। ਲੇਖਕ ਧਰਮ ਕੰਮੇਆਣਾ ਦੁਆਰਾ ਸਿਰਜੀ ਵਿਦਿਆਰਥੀਆਂ ਲਈ ਇਹ ਇੱਕ ਦਿਲਚਸਪ ਅਤੇ ਨਰੋਈ ਪੁਸਤਕ ਹੈ।

**ਸ਼ਮੀਰੋ**
**ਰਿਵਿਊਕਾਰ ਬਲਜਿੰਦਰ ਮਾਨ 9850 18947**
**ਕਹਾਣੀਕਾਰ: ਜਨਮੇਜਾ ਸਿੰਘ ਜੌਹਲ**
**ਪ੍ਰਕਾਸ਼ਕ: ਮੰਜਕੀ ਸੱਥ ਭੰਗਾਲਾ ਜਲੰਧਰ ,ਪੰਨੇ 72 , ਮੁੱਲ 100 ਰੁਪਏ**

ਜਨਮੇਜਾ ਸਿੰਘ ਜੌਹਲ ਕਲਾ ਸਾਹਿਤ ਸੱਭਿਆਚਾਰ ਅਤੇ ਤਕਨੀਕ ਦੇ ਖੇਤਰ ਵਿੱਚ ਸ਼ਾਨਦਾਰ ਪੈੜਾਂ ਪਾਉਣ ਵਾਲਾ ਸਾਹਿਤਕਾਰ ਹੈ। ਪੰਜਾਬੀ ਟਾਈਪ ਲਈ ਵੱਖ-ਵੱਖ ਫੌਂਟ ਅਤੇ ਹੋਰ ਅਧੁਨਿਕ ਤਕਨੀਕੀ ਜੁਗਤਾਂ ਦੀ ਖੋਜ ਵਿੱਚ ਜੁਟੇ ਰਹਿੰਦੇ ਹਨ। ਉਹਨਾਂ ਦਾ ਕੈਮਰਾ ਸਦਾ ਕੁਝ ਨਾ ਕੁਝ ਬੋਲਦਾ ਰਹਿੰਦਾ ਹੈ। ਨਵੀਆਂ ਤੇ ਨਰੋਈਆਂ ਖੋਜਾਂ ਨਾਲ ਪੰਜਾਬੀ ਕਲਾ ਨਅਤੇ ਸਾਹਿਤ ਜਗਤ ਨੂੰ ਅਮੀਰੀ ਬਖਸ਼ਦੇ ਹਨ। ਸਾਹਿਤ ਦੇ ਵੱਖ ਵੱਖ ਰੂਪਾਕਾਰਾਂ ਤੇ ਉਹਨਾਂ ਦਾ ਕਾਰਜ ਬੜਾ ਹੀ ਵੰਨ-ਸੁਵੰਨਾ ਅਤੇ ਨਰੋਆ ਹੈ।

ਪੰਜਾਬ ਪੰਜਾਬੀ ਅਤੇ ਪੰਜਾਬੀਅਤ ਨੂੰ ਬਚਾਉਣ ਦੇ ਨਾਲ ਨਾਲ ਉਹਨਾਂ ਨੇ ਵਾਤਾਵਰਨ ਦੀ ਸਾਂਭ ਸੰਭਾਲ ਲਈ ਵੀ ਪ੍ਰੇਰਨਾਦਾਇਕ ਕਾਰਜ ਕੀਤੇ ਹਨ। ਹੱਥਲੀ ਪੁਸਤਕ 'ਸ਼ਮੀਰੋ' ਉਹਨਾਂ ਦੀਆਂ 11 ਰੌਚਕ ਕਹਾਣੀਆਂ ਦਾ ਸੰਗ੍ਰਹਿ ਹੈ। ਇਹਨਾਂ ਕਹਾਣੀਆਂ ਵਿੱਚ ਮੁੱਖ ਪਾਤਰ ਸ਼ਮੀਰੋ ਨੂੰ ਲਿਆ ਗਿਆ ਹੈ ਜੋ ਸਾਡੇ ਸਮਾਜ ਵਿੱਚ ਫੈਲੇ ਵੱਖ ਵੱਖ ਪ੍ਰਕਾਰ ਦੇ ਲਾਲਚਾਂ ਅਤੇ ਜੁਗਾੜਾਂ ਨੂੰ ਪੇਸ਼ ਕਰਦੀ ਹੈ। ਕਦੀ ਉਹ ਅਫ਼ਸਰ ਬਣਦੀ ਹੈ ਕਦੀ ਉਹ ਵਿਦਿਆਰਥਣ ਤੇ ਕਦੀ ਉਹ ਕਾਲਜ ਵਿੱਚ ਸਭ ਤੋਂ ਸੋਹਣੀ ਮੁਟਿਆਰ ਬਣ ਕੇ ਸਭ ਦੇ ਦਿਲਾਂ ਤੇ ਰਾਜ ਕਰਦੀ ਹੈ। ਇਹਨਾਂ ਕਹਾਣੀਆਂ ਦਾ ਮੁੱਖ ਮਨੋਰਥ ਸਮਾਜਿਕ ਤਾਣੇ-ਬਾਣੇ ਵਿੱਚ ਆਈਆਂ ਕੁਰੀਤੀਆਂ ਨੂੰ ਪੇਸ਼ ਕਰਨਾ ਹੈ। ਇਹਨਾਂ ਵਿੱਚੋਂ ਮਨੋਰੰਜਨ ਵੀ ਮਿਲਦਾ ਹੈ ਅਤੇ ਜੀਵਨ ਦਾ ਗਿਆਨ ਵਿਗਿਆਨ ਵੀ। ਕਹਾਣੀਕਾਰ ਨੇ ਹੈ ਇਸਤਰੀ ਦੇ ਦੁਖਾਂਤਕ ਅਤੇ ਸੁਖਾਂਤਕ ਪਹਿਲੂਆਂ ਨੂੰ ਬਹੁਤ ਹੀ ਰੌਚਕ ਸ਼ੈਲੀ ਵਿੱਚ ਪੇਸ਼ ਕੀਤਾ ਹੈ। ਕਹਾਣੀ ਪੜ੍ਹਦਿਆਂ ਸਾਰਾ ਵਰਤਾਰਾ ਸਾਡੀਆਂ ਅੱਖਾਂ ਸਾਹਮਣੇ ਵਰਤਦਾ ਪ੍ਰਤੀਤ ਹੁੰਦਾ ਹੈ। ਚੁਸਤ ਤੇ ਦਰੁਸਤ ਵਾਰਤਾਲਾਪ ਨਾਲ ਕਹਾਣੀ ਅੱਗੇ ਤੁਰਦੀ ਨਾਟਕੀ ਰੂਪ ਵਿੱਚ ਵੀ ਪੇਸ਼ ਹੁੰਦੀ ਹੈ। ਜਨਮੇਜਾ ਸਿੰਘ ਜੌਹਲ ਇੱਕ ਸਫ਼ਓਮਪ;ਲ ਕਹਾਣੀਕਾਰ ਅਤੇ ਵਰਤਕਾਰ ਹੋਣ ਕਰਕੇ ਇਹਨਾਂ ਕਹਾਣੀਆਂ ਨੂੰ ਸਿਖਰ ਤੱਕ ਲੈ ਜਾਂਦੇ ਹਨ। ਪਾਠਕ ਦਾ ਦਿਲ ਕਰਦਾ ਹੈ ਕਿ ਹੋਰ ਅਗੇਰੇ ਤੇ ਹੋਰ ਅਗੇਰੇ ਪੜ੍ਹਿਆ ਜਾਵੇ।

ਇਹ ਕਹਾਣੀਆਂ ਸਾਨੂੰ ਆਪਣਾ ਵਿਹਾਰ ਸਹੀ ਅਤੇ ਸੰਤੁਲਿਤ ਕਰਨ ਦੀ ਪ੍ਰੇਰਨਾ ਵੀ ਦਿੰਦੀਆਂ ਹਨ। ਰੀਝ ਕਹਾਣੀ ਵਿੱਚ ਸ਼ਮੀਰੋ ਵਿਆਹ ਤੋਂ ਬਾਅਦ ਆਪਣੀ ਡਾਂਸ ਦੀ ਕਲਾ ਨੂੰ ਮਾਰ ਮੁਕਾਉਂਦੀ ਹੈ ਕਿਉਂਕਿ ਉਸ ਦਾ ਪਤੀ ਇਸ ਕਲਾ ਦਾ ਵਿਰੋਧੀ ਹੈ। ਇਸ ਕਹਾਣੀ ਰਾਹੀਂ ਸਹੁਰੇ ਘਰ ਗਈਆਂ ਲੜਕੀਆਂ ਦੀਆਂ ਮਰਦੀਆਂ ਰੀਝਾਂ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ । ਕਹਾਣੀ ਰੱਬ ਨੂੰ ਵਿਖਾਈਂ ਵਿੱਚ ਕੁਲਦੀਪ ਬਸਰਾ ਦੀ ਜੀਵਨ ਸਾਥਣ ਆਪਣੀ ਕੁਰੱਖਤ ਆਵਾਜ਼ ਅਤੇ ਰਵੱਈਏ ਕਰਕੇ ਹੀ ਸਾਰਾ ਜੀਵਨ ਤਨਹਾਈ ਵਿੱਚ ਹੰਢਾਉਂਦੀ ਹੈ। ਇਸੇ




ਤਰ੍ਹਾਂ ਹੋਰ ਕਹਾਣੀਆਂ ਵਿੱਚ ਦੇਸ਼ ਵਿਦੇਸ਼ ਵਿੱਚ ਵਾਪਰ ਰਹੀਆਂ ਘਟਨਾਵਾਂ ਦਾ ਜ਼ਿਕਰ ਵੀ ਪਾਠਕਾਂ ਅੰਦਰ ਹਲਚਲ ਪੈਦਾ ਕਰਦਾ ਹੈ । ਕਹਾਣੀ ਛੁੱਟੜ, ਅਥਰੀ, ਸ਼ੀਸ਼ਾ ਟੁੱਟ ਗਿਆ, ਦੇਰ ਕਰਤੀ ਅਤੇ ਅੱਗ ਦੇ ਹੰਝ ਪਾਠਕਾਂ ਦੇ ਮਨ ਨੂੰ ਹਲੂਣਾ ਮਾਰਨ ਵਾਲੀਆਂ ਹਨ।ਇਸ ਪੁਸਤਕ ਦੀ ਇਹ ਵੀ ਖਾਸੀਅਤ ਹੈ ਕਿ ਇਸ ਨੂੰ ਕਿਊ ਆਰ ਕੋਡ ਰਾਹੀਂ ਗੁਰਦੀਪ ਸਿੰਘ ਸਿੱਧੂ ਦੀ ਮਨਮੋਹਣੀ ਆਵਾਜ਼ ਵਿੱਚ ਸੁਣਿਆ ਵੀ ਜਾ ਸਕਦਾ ਹੈ। ਕਹਾਣੀਆਂ ਨਾਲ ਨਵਨੀਤ ਕੌਰ ਅਤੇ ਭੂਮਿਕਾ ਅਰੋੜਾ ਦੇ ਛਪੇ ਚਿੱਤਰ ਕਹਾਣੀ ਦੇ ਅਨੇਕਾਂ ਪੱਖਾਂ ਨੂੰ ਸਾਡੇ ਰੂਬਰੂ ਕਰਦੇ ਹਨ। ਜਨਮੇਜਾ ਸਿੰਘ ਜੌਹਲ ਦੁਆਰਾ ਸਿਰਜਿਆ ਇਹ ਇੱਕ ਰੌਚਿਕ ਅਤੇ ਪ੍ਰੇਰਨਾਦਾਇਕ ਕਹਾਣੀ ਸੰਗ੍ਰਹਿ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ

**ਫਰਿਜ਼ਨੋ (ਡੀਡੀਬੀ)** ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜਨੋਂ (ਕੈਲੇਫੋਰਨੀਆ) ਵਿਖੇ ਬੀਤੇ ਐਤਵਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 1 ਮਾਰਚ ਦਿਨ ਸ਼ੁੱਕਰਵਾਰ ਨੂੰ ਰਖਾਏ ਗਏ ਅਤੇ ਐਤਵਾਰ 3 ਮਾਰਚ ਨੂੰ ਭੋਗ ਪਾਏ ਗਏ। ਇਸ ਉਪਰੰਤ ਕੀਰਤਨ ਦੀਵਾਨ ਸਜਾਏ ਗਏ, ਜਿਸ ਵਿਚ ਵੱਖ-ਵੱਖ ਰਾਗੀ ਜਥਿਆਂ ਨੇ ਸ਼ਬਦ ਗਾਇਨ ਕੀਤਾ ਅਤੇ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਸ਼ਾਮਲ ਕੀਰਤਨੀ ਜਥਿਆਂ ਵਿਚ ਗੁਰੂ ਘਰ ਦੇ ਵਜੀਰ ਬਾਬਾ ਰਾਮ ਸਿੰਘ, ਭਾਈ ਸਾਹਿਬ ਭਾਈ ਪ੍ਰੀਤਮ ਸਿੰਘ ਮਿੱਠੇ ਟਿਵਾਣੇ ਵਾਲੇ, ਭਾਈ ਹਰਬਿਲਾਸ ਸਿੰਘ ਝਿੰਗੜ, ਭਾਈ ਰਾਮ ਆਸਰਾ, ਬੀਬੀ ਕਮਲਜੀਤ ਕੌਰ ਭਾਟੀਆ, ਪਿਟਸਬਰਗ ਅਤੇ ਭਾਈ ਰਾਜ ਬਰਾੜ ਆਦਿ ਵੱਲੋਂ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਬੇਟੀ ਆਂਚਲ ਸਿੰਘ ਹੇਅਰ ਸਪੁੱਤਰੀ ਸ੍ਰੀ ਕੁਲਵੀਰ ਸਿੰਘ ਹੇਅਰ (ਜਰਨਲਿਸਟ) ਜਿਹਨਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਸ਼ਬਦ ਗਾਇਨ ਕੀਤਾ।

ਇਸ ਮੌਕੇ ਬੁਲਾਰਿਆਂ ਵਿਚ ਕਮੇਟੀ ਦੇ ਪ੍ਰਧਾਨ ਸ੍ਰੀ ਅਮਰ ਦੜੋਚ, ਸ੍ਰੀ ਗੁਰੂ ਰਵਿਦਾਸ ਸਭਾਂ ਬੇ-ਏਰੀਆ ਕਮੇਟੀ ਦੇ ਜਨਰਲ ਸਕੱਤਰ ਸ੍ਰੀ ਨਰੇਸ਼ ਕੁਮਾਰ ਗੱਡੂ ਅਤੇ ਗਿਆਨੀ ਪਰਮਪਾਲ ਸਿੰਘ ਆਦਿ ਨੇ ਗੁਰੂ ਮਹਾਰਾਜ ਪ੍ਰਤੀ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ।

ਗੁਰਪੁਰਬ ਨੂੰ ਸਮਰਪਤਿ ਸ੍ਰੀ ਅਖੰਡ ਪਾਠ ਸਾਹਿਬ, ਕੀਰਤਨ ਦਰਬਾਰ ਅਤੇ ਤਿੰਨੋ ਦਿਨ ਲੰਗਰ ਅਤੇ ਕੜਾਹ ਪ੍ਰਸ਼ਾਦ ਦੀ ਸਾਰੀ ਸੇਵਾ ਸਤਿਕਾਰਯੋਗ ਰਾਮ ਪਾਲ ਬੱਧਣ, ਰਾਜੇਸ਼ ਬੰਗੜ, ਯਾਦਵਿੰਦਰ ਸਿੰਘ ਅਤੇ ਅਮ੍ਰਿਤਪਾਲ ਸਿੰਘ ਜੀ ਛਿਕਾਗੋ ਪੀਜਾ ਫੈਮਿਲੀ ਵਲੋਂ ਸੀ।

ਸ਼੍ਰੀ ਨਿਸ਼ਾਨ ਸਾਹਿਬ, ਚੰਦੋਆ ਸਾਹਿਬ, ਰੁਮਾਲੇ ਅਤੇ ਸਿਰੋਪਾਓ ਸਾਹਿਬ ਦੀ ਸਾਰੀ ਸੇਵਾ ਸਤਿਕਾਰਯੋਗ ਡਾ ਰਾਜਵੰਤ ਕੌਰ ਸਪੁਤਰੀ ਸ਼੍ਰੀ ਪਰੇਮ ਸੋਡੀ ਅਤੇ ਬਲਵੀਰ ਕੌਰ (ਮੋਮੀ ਫੈਮਿਲੀ ਬੇਕਰਜਫੀਲਡ) ਵਾਲਿਆਂ ਵਲੌ ਸੀ।

ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤਿ ਬਲੱਡ ਡੋਨੇਸ਼ਨ ਕੈਂਪ ਅਤੇ ਮੈਡੀਕਲ ਕੈਂਪ ਦੀ ਸੇਵਾ ਸਤਿਕਾਰਯੋਗ ਡਾ ਸਤਨਾਮ ਬੰਗੜ, ਡਾ ਪਰੋਮਿਲਾ ਬੰਗੜ, ਡਾ ਸੁਰਦੀਪ ਸਿੰਘ ਅਤੇ ਡਾ ਨਿਰਮਲ ਸਿੰਘ ਭੱਟੀ ਜੀ ਵਲੋਂ ਕੀਤੀ ਗਈ। ਇਸ ਮੌਕੇ ਪੜਾਈ ਅਤੇ ਨੌਕਰੀ ਵਿੱਚੌ ਉਪਲੱਬਧੀਆਂ ਪ੍ਰਾਪਤ ਕਰਨ ਵਾਲਿਆਂ ਨੂੰ ਵਿਸ਼ੇਸ ਤੌਰ ਤੇ ਸਨਮਾਨ ਦਿੱਤਾ ਗਿਆ।

ਗੁਰੂਘਰ ਦੀ ਬਣਨ ਜਾ ਰਹੀ ਨਵੀਂ ਇਮਾਰਤ ਲਈ ਸੇਵਾ ਕਰਨ ਵਾਲਿਆਂ ਅਤੇ ਹੋਰ ਵੀ ਹਰ ਤਰਾਂ ਦੀ ਸੇਵਾ ਨਿਭਾਉਣ ਵਾਲਿਆਂ ਦਾ ਗੁਰੂਘਰ ਦੀ ਕਮੇਟੀ ਵਲੋਂ ਵਿਸ਼ੇਸ਼ ਧੰ-ਨਵਾਦ ਕੀਤਾ ਗਿਆ।

ਅਦਾਰਾ ਦੇਸ਼ ਦੁਅਬਾ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਵੱਲੋਂ ਇਸ ਮੌਕੇ ਲਾਈਵ ਅਤੇ ਮੀਡੀਆ ਕਵਰੇਜ ਕੀਤੀ ਗਈ ਅਤੇ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਨੂੰ ਗੁਰਪੁਰਬ ਦੀ ਵਧਾਈ ਦਿੱਤੀ। ਸਟੇਜ ਦੀ ਸੇਵਾ ਸ੍ਰੀ ਕੁਲਦੀਪ ਸਿੰਘ ਬੰਗੜ ਵੱਲੋਂ ਬਾਖੂਬੀ ਨਾਲ ਨਿਭਾਈ। ਇਸ ਮੌਕੇ ਕੇਕ ਵੀ ਕੱਟੇ ਗਏ। ਤਿੰਨੋ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਪ੍ਰਧਾਨ ਸ੍ਰੀ ਅਮਰ ਦੜੋਚ ਨੇ ਸਮੂਹ ਸਾਧ ਸੰਗਤ ਨੂੰ ਗੁਰਪੁਰਬ ਦੀ ਵਧਾਈ ਦਿੰਦਿਆਂ ਗੁਰੂ ਘਰ ਦੀ ਉਸਾਰੀ ਜਾਣ ਵਾਲੀ ਬਿਲਡਿੰਗ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰਨ ਲਈ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਨਿਮਰ ਬੇਨਤੀ ਕੀਤੀ।ਉਹਨਾਂ ਕਿਹਾ ਕਿ ਸਾਰੇ ਕਾਰਜ ਸੰਗਤ ਦੇ ਸਹਿਯੋਗ ਨਾਲ ਹੀ ਸੰਪੂਰਨ ਹੋ ਸਕਦੇ ਹਨ।

ਅੰਤ ਵਿਚ ਸੇਵਾ ਕਰਨ ਵਾਲੇ ਸਾਰੇ ਪਰਿਵਾਰਾਂ, ਬੁਲਾਰਿਆਂ ਅਤੇ ਕੀਰਤਨ ਜਥਿਆਂ ਸਮੇਤ ਕਵਿਤਾ ਪੜ੍ਹਨ ਵਾਲੀ ਬੇਟੀ ਮਿਸ ਆਂਚਲ ਹੇਅਰ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਅਤੇ ਗੁਰੂ ਘਰ ਦੀ ਕਮੇਟੀ ਵੱਲੋਂ ਧੰਨਵਾਦ ਕੀਤਾ।




















# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ




















# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ




















# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ



























# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ





















